ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ
# Nawi Dunia

Free



ਪਹਿਲੀ ਮਈ
ਕੌਮਾਂਤਰੀ ਮਜ਼ਦੂਰ ਦਿਵਸ

ਸਾਲ: 2 ਅੰਕ : 5 Phone : 780 465 9118, 403 775 2100 Fax: 780 465 0661, e-mail: info@nawidunia.com ਮਈ-2011

19 ਵਰ੍ਹਿਆਂ ਦਾ ਪੀਅਰ ਬਣਿਆ ਸੰਸਦ ਮੈਂਬਰ — ਪੰਨਾ-3



ਪੰਜਾਬ ਕਿ ਕਤਲਗਾਹ ? — ਪੰਨਾ-9



ਸਮਾਜ ਸ਼ਾਇਰੀ ਨੂੰ ਵੱਡਾ ਬਣਾ ਦਿੰਦੈ : ਸ਼ਹਰਯਾਰ — ਪੰਨਾ-26



ਗੁਣਾਤਮਕ ਸਿਨੇਮਾ ਦੀ ਝਲਕ — ਪੰਨਾ-38



ਅਮਰੀਕਾ ਨੇ ਬਿਆਨ ਬਦਲਿਆ

## ਹੁਣ ਕਿਹਾ-ਨਿਹੱਥਾ ਸੀ ਬਿਨ ਲਾਦੇਨ



ਵਾਸ਼ਿੰਗਟਨ (ਨਦਬ) ਪਹਿਲਾਂ ਦਿੱਤੀ ਗਈ ਅਧਿਕਾਰਤ ਜਾਣਕਾਰੀ ਵਿਚ ਸੋਧ ਕਰਦੇ ਹੋਏ ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਪਾਕਿਸਤਾਨ ਵਿਚ ਅਮਰੀਕੀ ਕਮਾਂਡੋਆਂ ਦੀ ਮੁਹਿੰਮ ਵਿਚ ਮਾਰਿਆ ਗਿਆ ਅਲਕਾਇਦਾ ਮੁਖੀ ਓਸਾਮਾ ਬਿਨ ਲਾਦੇਨ ਉਸ ਸਮੇਂ ਨਿਹੱਥਾ ਸੀ ਪਰ ਉਸ ਨੇ ਵਿਰੋਧ ਕੀਤਾ ਸੀ। ਇਸ ਤੋਂ ਪਹਿਲਾਂ ਦੇ ਬਿਆਨ ਵਿਚ ਕਿਹਾ ਗਿਆ ਸੀ ਕਿ ਲਾਦੇਨ ਕੋਲ ਹਥਿਆਰ ਸਨ ਅਤੇ ਹਮਲੇ ਦੌਰਾਨ ਉਸ ਨੇ ਆਪਣੀ ਪਤਨੀ ਦਾ ਇਸਤੇਮਾਲ ਢਾਲ ਵਜੋਂ ਕੀਤਾ। ਘਟਨਾ ਬਾਰੇ ਦੱਸਦੇ ਹੋਏ ਵ੍ਹਾਈਟ ਹਾਊਸ ਦੇ ਪ੍ਰੈਸ ਸਕੱਤਰ ਜੋਂ ਕਾਰਨੀ ਨੇ ਕਿਹਾ ਕਿ ਰਾਸ਼ਟਰਪਤੀ ਬਰਾਕ ਓਬਾਮਾ ਦੇ ਆਦੇਸ਼ 'ਤੇ ਅਮਰੀਕੀ ਟੀਮ ਨੇ ਲਾਦੇਨ ਨੂੰ ਫੜਨ ਜਾਂ ਮਾਰਨ ਲਈ ਪਾਕਿਸਤਾਨ ਦੇ ਐਬਟਾਬਾਦ ਵਿਚ ਇਕ ਘਰ 'ਤੇ ਹਮਲਾ ਕੀਤਾ। ਉਨ੍ਹਾਂ ਦੱਸਿਆ ਕਿ ਕੰਪਲੈਕਸ ਵਿਚ ਪਰਿਵਾਰ ਨਾਲ ਦੋ ਹੋਰ ਪਰਿਵਾਰ ਵੀ ਰਹਿ ਰਹੇ ਸਨ। ਇਕ ਪਰਿਵਾਰ ਲਾਦੇਨ ਦੀ ਇਮਾਰਤ ਵਿਚ ਹੀ ਪਹਿਲੀ ਮੰਜ਼ਿਲ 'ਤੇ ਅਤੇ ਇਕ ਹੋਰ ਪਰਿਵਾਰ ਉਸੇ ਕੰਪਲੈਕਸ ਦੀ ਦੂਜੀ ਮੰਜਿਲ ਵਿਚ ਰਹਿ ਰਿਹਾ ਸੀ। ਪਹਿਲੀ ਮੰਜ਼ਿਲ 'ਤੇ ਅਲਕਾਇਦਾ ਦੇ ਦੋ ਮੈਂਬਰਾਂ ਅਤੇ ਇਕ ਮਹਿਲਾ ਦੀ ਮੌਤ ਹੋ ਗਈ। ਲਾਦੇਨ ਦਾ ਪਰਿਵਾਰ ਦੂਜੀ ਅਤੇ ਤੀਜੀ ਮੰਜ਼ਿਲ 'ਤੇ ਸੀ। ਕਮਰੇ ਵਿਚ ਲਾਦੇਨ ਨਾਲ ਉਸ ਦੀ ਪਤਨੀ ਸੀ। ਜਦੋਂ ਉਹ ਅਮਰੀਕੀ ਹਮਲੇ ਕਾਰਨ ਭਜਣ ਲੱਗੀ ਤਾਂ ਉਸ ਦੇ ਪੈਰ ਵਿਚ ਗੋਲੀ ਲੱਗੀ ਪਰ ਉਸ ਦੀ ਮੌਤ ਨਹੀਂ ਹੋਈ।

ਕੈਨੇਡਾ ਸੰਸਦੀ ਚੋਣਾਂ

# ਸਟੀਫਨ ਹਾਰਪਰ ਪੱਕੇ ਪੈਰੀਂ ਹੋਏ

### ਐਨ.ਡੀ.ਪੀ. ਨੇ ਕੀਤਾ ਵੱਡਾ ਉਲਟ ਫੇਰ, ਲਿਬਰਲ ਪਾਰਟੀ ਤੋਂ ਵਿਰੋਧੀ ਧਿਰ ਦਾ ਤਾਜ ਖੋਹਿਆ

### ਕੰਜ਼ਰਵੇਟਿਵ ਨੂੰ 167 ਅਤੇ ਐਨ.ਡੀ.ਪੀ. ਨੂੰ ਮਿਲੀਆਂ 102 ਸੀਟਾਂ



ਚੰਡੀਗੜ੍ਹ (ਨਦਬ) ਕਨੇਡਾ ਦੀਆਂ 41ਵੀਆਂ ਸੰਸਦੀ ਚੋਣਾਂ ਵਿਚ ਕੁਲ 308 ਸੀਟਾਂ ਵਿਚੋਂ ਕੰਜ਼ਰਵੇਟਿਵ ਪਾਰਟੀ 167 ਸੀਟਾਂ ਨਾਲ ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਗਈ ਹੈ। ਪਾਰਟੀ ਨੂੰ ਸਾਲ 2004 ਵਿੱਚ 99, ਸਾਲ 2006 ਵਿਚ 124 ਅਤੇ ਸਾਲ 2008 ਵਿਚ 143 ਸੀਟਾਂ ਮਿਲੀਆਂ ਸਨ, ਪਰ ਇਸ ਵਾਰ 167 ਸੀਟਾਂ ਮਿਲੀਆਂ ਹਨ। ਦੂਜੇ ਪਾਸੇ ਮੁਖ ਵਿਰੋਧੀ ਪਾਰਟੀ ਦੀਆਂ ਸੀਟਾਂ ਵਿਚ ਲਗਾਤਾਰ ਕਮੀ ਦਰਜ ਕੀਤੀ ਜਾ ਰਹੀ ਹੈ। ਲਿਬਰਲ ਪਾਰਟੀ ਨੂੰ ਸਾਲ 2004 ਵਿਚ 135, ਸਾਲ 2006 ਵਿਚ 103 ਅਤੇ 2008 ਵਿਚ 77 ਸੀਟਾਂ ਹੀ ਮਿਲੀਆਂ ਸਨ। ਇਸ ਵਾਰ ਸਿਰਫ਼ 34 ਸੀਟਾਂ ਹੀ ਰਹਿ ਗਈਆਂ। ਐਨ.ਡੀ.ਪੀ. ਪਾਰਟੀ, ਕੰਜ਼ਰਵੇਟਿਵ ਪਾਰਟੀ ਤੋਂ ਬਾਅਦ ਦੂਸਰੀ ਵੱਡੀ ਪਾਰਟੀ ਹੈ। ਐਨ.ਡੀ.ਪੀ. ਨੂੰ ਇਸ ਵਾਰ 102 ਸੀਟਾਂ ਮਿਲੀਆਂ ਹਨ। ਐਨ.ਡੀ.ਪੀ. ਨੂੰ 2008 ਵਿਚ 37 ਸੀਟਾਂ ਮਿਲੀਆਂ ਸਨ।

ਕਨੇਡਾ ਦੀਆਂ ਚੋਣਾਂ ਵਿਚ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਕੰਜ਼ਰਵੇਟਿਵ ਪਾਰਟੀ ਨੂੰ ਆਖ਼ਰਕਾਰ ਬਹੁਮਤ ਹਾਸਲ ਹੋਇਆ ਹੈ। ਇਸ ਤੋਂ ਪਹਿਲਾਂ ਦੀਆਂ ਤਿੰਨ ਚੋਣਾਂ ਵਿਚ ਹਾਰਪਰ ਦੀ ਪਾਰਟੀ ਨੂੰ ਬਹੁਮਤ ਨਹੀਂ ਮਿਲ ਸਕਿਆ ਸੀ। ਇਸ ਕਾਰਨ ਸਰਕਾਰ ਸੰਕਟ ਵਿਚ ਆ ਗਈ ਸੀ। ਕੈਨੇਡਾ ਨੇ ਇਸ ਗੱਲ ਦਾ ਇਤਿਹਾਸ ਰਚਿਆ ਕਿ ਖੱਬੇ ਝੁਕਾਅ ਵਾਲੀ ਐਨ.ਡੀ.ਪੀ. 102 ਸੀਟਾਂ ਜਿੱਤ ਕੇ ਪਹਿਲੀ ਵਾਰ ਅਧਿਕਾਰਤ ਤੌਰ 'ਤੇ ਵਿਰੋਧੀ ਪਾਰਟੀ ਬਣ ਗਈ। ਇਸ ਤੋਂ ਵੀ ਵੱਧ ਅਹਿਮ ਗੱਲ ਇਹ ਰਹੀ ਕਿ ਕੈਨੇਡਾ ਦੇ ਫ੍ਰੈਂਚ ਭਾਸ਼ੀ ਕਿਊਬੈਕ ਸੂਬੇ ਨੇ ਵੱਖਵਾਦੀ ਬਲਾਕ ਕਿਊਬੈਕ ਇਸ ਪਾਰਟੀ ਨੂੰ ਰੱਦ ਕਰਕੇ ਐਨ.ਡੀ.ਪੀ. ਨੂੰ ਗਲ ਨਾਲ ਲਾਇਆ। ਪਿਛਲੀ ਵਾਰ 48 ਸੀਟਾਂ ਜਿੱਤਣ ਵਾਲੀ ਬਲਾਕ ਕਿਊਬੈਕੋਇਸ ਨੂੰ ਸਿਰਫ ਚਾਰ ਸੀਟਾਂ ਮਿਲੀਆਂ ਤੇ ਇਸ ਦਾ ਨੇਤਾ ਜਾਇਲਜ਼ ਵੀ ਚੋਣ ਹਾਰ ਗਿਆ। ਗਰੀਨ ਪਾਰਟੀ ਦੀ ਨੇਤਾ ਅਲਿਜ਼ਾਬੈਥ ਮੇਅ ਨੇ ਚੋਣ ਜਿੱਤ ਕੇ ਪਾਰਟੀ ਨੂੰ ਸੰਸਦ 'ਚ ਦਾਖਲਾ ਦੁਆਇਆ। ਵਿਦੇਸ਼ ਮੰਤਰੀ ਲਾਰੇਂਸ ਕੈਨਨ ਚੋਣ ਹਾਰ ਗਏ।

## ਵੱਡੀਆਂ ਪੰਜਾਬੀ ਤੋਪਾਂ ਲੁੜਕੀਆਂ

ਕਨੇਡਾ ਦੀਆਂ ਸੰਸਦੀ ਚੋਣਾਂ ਇਸ ਵਾਰ ਕਈ ਮੋਹਰੀ ਇੰਡੋ-ਕੈਨੇਡੀਅਨ ਆਗੂਆਂ ਜਿਵੇਂ ਉਜੱਲ ਦੁਸਾਂਝ, ਕੈਨੇਡਾ ਦੀ ਪਹਿਲੀ ਸਿੱਖ ਐਮ.ਪੀ. ਰੂਬੀ ਢੱਲਾ, ਸਭ ਤੋਂ ਲੰਮਾ ਸਮਾਂ ਐਮ.ਪੀ. ਰਹੇ ਗੁਰਬਖਸ਼ ਮੱਲੀ, ਨਵਦੀਪ ਬੈਂਸ ਅਤੇ ਸੁਖ ਧਾਲੀਵਾਲ ਲਈ ਕਿਸੇ ਵੱਡੇ ਸਦਮੇ ਤੋਂ ਘੱਟ ਨਹੀਂ ਰਹੀਆਂ। ਇਹ ਸਾਰੇ ਆਪੋ-ਆਪਣੀਆਂ ਸੀਟਾਂ ਹਾਰ ਗਏ ਹਨ। ਇਹ ਸਾਰੇ ਵਿਰੋਧੀ ਲਿਬਰਲ ਪਾਰਟੀ ਦੀ ਨੁਮਾਇੰਦਗੀ ਕਰਦੇ ਸਨ।

ਕਦੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਰਹੇ ਤੇ ਫੇਰ ਕਨੇਡਾ ਦੇ ਸਿਹਤ ਮੰਤਰੀ ਰਹੇ ਉਜੱਲ ਦੁਸਾਂਝ ਨੇ 2008 ਵਿਚ ਮਸਾਂ 20 ਵੋਟਾਂ ਦੇ ਫਰਕ ਨਾਲ ਵੈਨਕੂਵਰ ਸਾਊਥ ਸੀਟ ਜਿੱਤੀ ਸੀ ਪਰ ਇਸ ਵਾਰ ਉਹ ਸੱਤਾਧਾਰੀ ਪਾਰਟੀ ਦੇ ਵੇਈ ਯੰਗ ਕੋਲੋਂ ਹਾਰ ਗਏ। ਬੀਬੀ ਢੱਲਾ ਜੋ 2004 ਵਿਚ ਕੈਨੇਡਾ ਦੀ ਸੰਸਦ 'ਚ ਪੁੱਜਣ ਵਾਲੀ ਪਹਿਲੀ ਮਹਿਲਾ ਸਿੱਖ ਔਰਤ ਬਣੀ ਸੀ, ਬਰੈਂਪਟਨ-ਸਪਰਿੰਗਡੇਲ ਸੀਟ ਤੋਂ ਸੱਤਾਧਾਰੀ ਪਾਰਟੀ ਦੇ ਪਰਮ ਗਿੱਲ ਕੋਲੋਂ ਹਾਰ ਗਈ। ਪ੍ਰਧਾਨ ਮੰਤਰੀ ਸਟੀਫਨ ਹਾਰਪਰ ਤੇ ਅਵਾਸ ਮੰਤਰੀ ਜੈਸਨ ਕੈਨੀ ਨੇ ਢੱਲਾ ਤੋਂ ਸੀਟ ਖੋਹਣ ਲਈ ਵਕਾਰ ਦਾਅ 'ਤੇ ਲਾ ਦਿੱਤਾ ਸੀ। ਉਨ੍ਹਾਂ ਇਸ ਹਲਕੇ ਦਾ ਚਾਰ ਵਾਰ ਦੌਰਾ ਕੀਤਾ ਅਤੇ ਬਾਲੀਵੁੱਡ ਅਦਾਕਾਰ ਅਕਸ਼ੈ ਕੁਮਾਰ ਤੋਂ ਵੀ ਪ੍ਰਚਾਰ ਕਰਾਇਆ।

☛ ਬਾਕੀ ਸਫਾ 3 'ਤੇ

| Elected | % of vote | Party |
|---|---|---|
| 167 | 40% | CON |
| 102 | 31% | NDP |
| 34 | 19% | LIB |
| 4 | 6% | BQ |
| 1 | 4% | GRN |
| 0 | 0% | Others |




LUTHRA LAW OFFICE



* Personal Injuries
* Real Estate Transactions
* Immigration Appeals

Services in Hindi, Punjabi, Urdu and Arabic also

ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿਚ ਸੇਵਾਵਾਂ ਲਈ ਮਿਲੋ

SARJAN LUTHRA
B.Sc, LL.B.
Barrister Solicitor
780-466-4660

3rd in CANADA FOR CENTURY 21-2005
Century 21 Canada Masters Hall of Fame Inductee

Sweg Deol "Your Key Connection To Real Estate"



Please call for all your Commercial Real Estate Needs in Hotel, Motel, Apartments & Shopping Centers

Land Parcels Available in throughout Alberta

A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700

For All Your Real Estate Needs & Best Services Contact Dan Sidhu
Broker / Owner



Your Real Estate Expert!

ਨਵਾਂ ਜਾਂ ਪੁਰਾਣਾ ਘਰ, ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ / ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ DAN SIDHU ਨੂੰ ਅੱਜ ਹੀ ਫੋਨ ਕਰੋ ।

Cell:403 560 6300
Off:403 569 2900
Fax:403 207 1237
email: dansidhu@gmail.com

MAXVALUE REALTY LTD
Each Office is Individually Owned and Operated

Specialized in Residential Commertial & Investment Properties

110-300 Merganser Dr. West Chestermere, AB T1X 1L6

DOMINION LENDING CENTRES



BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510

MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED

ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ

BETTYGILL@DOMINIONLENDING.CA
WWW.BETTYGILL.CA

Sarbjeet Dodd REALTOR®

Contact For Buying & Selling of Residential & Commercial Property any where in Alberta



A.L.L. Stars Realty Ltd.
312 saddleback Rd. Edmonton, AB T6J 4R7
Bus: 780 434 4700 sarbjeetdodd@hotmail.com
Cell: 780 951 1590 Fax: 780 436 9902

# Insurance & Financial Services

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੌਰਟਗੇਜ
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ

For All Insurance Needs
Call: Shalu Badesha
Phone:780-660-3071

Sponsor by Canada Life & Access to all Major Insurance Companies in Canada



# STP ELECTRIC LTD.

stpelectric@hotmail.com
Offering Full Range of Electrical Services of

C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕ੍ਰੀਸ਼ਨ



# EAGLE ROCK GOLF COURSE

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ,
ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ
ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895

50549, Range Road 234
Edmonton, AB

EAGLE ROCK

Catering
Wedding
Banquet
Birthday Parties
Ladies Sangeet
Golf Tournaments



# ALPHA Tent Rentals

All Events Big or Small
We are in this Business Since 2001

Ladies Sangeet Jago Equipment

**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots (Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week

Umrao Ghinger: 780 237 5556
Rana Pandher: 780 498 6375
Office: 780 490 5354
www.alphatentrentals.com



# DASHMESH TIRE & LUBE

All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
Do Service on remote locations including Weighing Scales.
Vehicle Inspection by Certified Mechanic.
Call: Manjit S.Khosa, Garry Dhaliwal
Ph: 780-298-1114, 780-993-4441
Enough Parking Space
2235-76 Ave, Edmonton, Alberta.



# WILDROSE MASONARY & STONE WORKS

Commertial & Residential
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ
Ph: 780 340 1400
Off: 780 450 1413
Fax: 780 490 4888
Dave Johal
Culture Stone Bricks
Blocks Glass Blocks
email:wildrosemasonary@live.ca ✦ 1404-69th St. SW Edmonton, AB T6L 1L4



# MILLWOODS PIZZA & INDIAN CUISINE

4418 36th Ave, Millwoods Road East, Edmonton.
ਪੰਜਾਬੀ ਸਟਾਇਲ ਪੀਜ਼ਾ
780 462 4313
Cell: 780 504 5600
Out door Catering at reasonable rates
Take Out Buffets
starting from $ 7.99
www.millwoodspizza.com
Faryad Pannu



Raj Bajwa
(Senior Instructor)
raj@aj-drivingschool.com

# A & J DRIVING SCHOOL

"Where your safety comes first"
780-221-8004
Cell:780 486 5090
17523 100 Ave ◈ www.aj-drivingschool.com



Concept, Design and Installation
# Cambridge Windows Mfg. Inc.

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ
ਅੰਗਰੇਜ਼ੀ ਵਿਚ ਵਧੀਆ
ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ
ਕੈਂਬਰਿਜ ਵਿੰਡੋ
780-436-0111
7941-Argyll Road Edmonton AB, T6C 4A9

BBB
www.cambridgewindow.com
Better Business Bureau ਦੇ ਮੈਂਬਰ

# ਐਡਮਿੰਟਨ ਦੇ ਮਕਾਨ ਮਾਲਕਾਂ ਨੂੰ ਟੈਕਸ ਵਜੋਂ 120 ਡਾਲਰ ਵਾਧੂ ਦੇਣੇ ਹੋਣਗੇ

ਐਡਮਿੰਟਨ, (ਨਦਬ) : ਪ੍ਰਸ਼ਾਸਨ ਵਲੋਂ 2011 ਵਿਚ ਜਾਇਦਾਦ ਟੈਕਸ ਦੀਆਂ ਦਰਾਂ ਵਿਚ ਵਾਧੇ ਦੇ ਪ੍ਰਸਤਾਵ ਨਾਲ ਲੋਕਾਂ ਨੂੰ ਪਿਛਲੇ ਸਾਲ ਨਾਲੋਂ 10 ਡਾਲਰ ਪ੍ਰਤੀ ਮਹੀਨਾ ਵੱਧ ਅਦਾ ਕਰਨੇ ਹੋਣਗੇ ਜਦਕਿ ਕਿਰਾਏ ਦੀਆਂ ਇਮਾਰਤਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਪਿਛਲੀ ਵਾਰ ਨਾਲੋਂ ਘੱਟ ਰਕਮ ਅਦਾ ਕਰਨੀ ਹੋਵੇਗੀ। 3.65 ਲੱਖ ਡਾਲਰ ਦੀ ਕੀਮਤ ਵਾਲੀ ਰਿਹਾਇਸ਼ੀ ਜਾਇਦਾਦ ’ਤੇ 2599 ਡਾਲਰ ਸਾਲਾਨਾ ਟੈਕਸ ਵਜੋਂ ਵਸੂਲੇ ਜਾਣਗੇ ਜੋ ਪਿਛਲੇ ਸਾਲ 2480 ਡਾਲਰ ਸਨ। ਅਪਾਰਟਮੈਂਟ ਵਿਚ ਕਿਰਾਏ ’ਤੇ ਰਹਿ ਰਹੇ ਲੋਕਾਂ ਨੂੰ 763 ਡਾਲਰ ਸਾਲਾਨਾ ਦੇਣੇ ਹੋਣਗੇ ਜਦਕਿ ਪਿਛਲੇ ਸਾਲ 802 ਡਾਲਰ ਵਸੂਲੇ ਗਏ ਸਨ। ਅਪਾਰਟਮੈਂਟਸ ’ਤੇ ਲੱਗਣ ਵਾਲਾ ਟੈਕਸ ਮਾਲਕਾਂ ਵਲੋਂ ਅਦਾ ਕੀਤਾ ਜਾਂਦਾ ਹੈ ਅਤੇ ਕਈ ਮਾਮਲਿਆਂ ਵਿਚ ਇਹ ਕਿਰਾਏ ਵਿਚ ਸ਼ਾਮਲ ਹੁੰਦਾ ਹੈ ਅਤੇ ਕਈ ਮਾਮਲਿਆਂ ਵਿਚ ਨਹੀਂ। ਟੈਕਸੇਸ਼ਨ ਸ਼ਾਖ਼ਾ ਦੇ ਮੁਲਾਂਕਣ ਮੈਨੇਜਰ ਰੌਡ ਰਿਸਲਿੰਗ ਨੇ ਕਿਹਾ ਕਿ ਅਪਾਰਟਮੈਂਟਸ ਦਾ ਟੈਕਸ ਘਟਾਉਣ ਪਿਛੇ ਮੁੱਖ ਕਾਰਨ ਇਨ੍ਹਾਂ ਦੀਆਂ ਕੀਮਤਾਂ ਵਿਚ 2 ਫ਼ੀ ਸਦੀ ਦੀ ਕਮੀ ਆਉਣਾ ਹੈ ਜਦਕਿ ਸਾਧਾਰਨ ਰਿਹਾਇਸ਼ੀ ਜਾਇਦਾਦਾਂ ਦੀ ਕੀਮਤ 8 ਫ਼ੀ ਸਦੀ ਵਧੀ। ਦੂਜੇ ਪਾਸੇ ਗ਼ੈਰ ਰਿਹਾਇਸ਼ੀ ਜਾਇਦਾਦਾਂ ਦੇ ਮਾਮਲੇ ਵਿਚ 2011 ਵਿਚ 1728 ਡਾਲਰ ਸਾਲਾਨਾ ਟੈਕਸ ਵਸੂਲਿਆ ਜਾਵੇਗਾ ਜੋ ਪਿਛਲੇ ਸਾਲ 1556 ਡਾਲਰ ਸੀ। ਪ੍ਰਸ਼ਾਸਨ ਵਲੋਂ ਲੋਕਾਂ ਨੂੰ ਸੇਵਾਵਾਂ ਦੇਣ ਲਈ 952 ਮਿਲੀਅਨ ਡਾਲਰ ਇਕੱਠੇ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਪ੍ਰਾਂਤਕ ਸਿੱਖਿਆ ਕਰ ਰਾਹੀਂ 354 ਮਿਲੀਅਨ ਡਾਲਰ ਹੋਰ ਇਕੱਠੇ ਕੀਤੇ ਜਾਣਗੇ।

# ਐਡਮਿੰਟਨ ’ਚ ਕਤਲ ਦੀਆਂ ਵਧਦੀਆਂ ਵਾਰਦਾਤਾਂ ਨੇ ਲੋਕ ਫ਼ਿਕਰਾਂ ’ਚ ਪਾਏ

ਐਡਮਿੰਟਨ, (ਨਦਬ) : ਸ਼ਹਿਰ ਵਿਚ ਕਤਲ ਵਾਰਦਾਤਾਂ ਦੀ ਗਿਣਤੀ ਲਗਾਤਾਰ ਵਧਣ ਕਾਰਨ ਇਹ ਕੈਨੇਡਾ ਦੀ 'ਕਤਲ ਰਾਜਧਾਨੀ’ ਬਣਦਾ ਜਾ ਰਿਹਾ ਹੈ। ਪਿਛਲੇ ਦਿਨੀ ਉੱਤਰ-ਪੂਰਬੀ ਐਡਮਿੰਟਨ ਦੇ ਘਰ ਵਿਚੋਂ ਨੌਜਵਾਨ ਦੀ ਲਾਸ਼ ਮਿਲਣ ਪਿਛੋਂ ਸ਼ਹਿਰ ਵਿਚ ਕਤਲ ਦੀ 17ਵੀਂ ਘਟਨਾ ਵਾਪਰੀ ਅਤੇ ਜੇ ਖੇਤਾਂ ਵਿਚ ਮਿਲੀਆਂ ਦੋ ਲਾਸ਼ਾਂ ਨੂੰ ਵੀ ਕਤਲ ਦਾ ਮਾਮਲਾ ਮੰਨ ਲਿਆ ਜਾਵੇ ਤਾਂ ਇਹ ਗਿਣਤੀ 19 ਹੋ ਜਾਂਦੀ ਹੈ। ਇਸ ਦੇ ਉਲਟ ਟੋਰਾਂਟੋ ਵਿਖੇ ਇਸ ਸਾਲ 18 ਕਤਲ ਦੇ ਮਾਮਲੇ ਸਾਹਮਣੇ ਆਏ ਜਦਕਿ ਕੈਲਗਰੀ ਵਿਖੇ 2 ਮਾਮਲੇ ਦਰਜ ਕੀਤੇ ਗਏ। ਗ੍ਰਾਂਟ ਮੈਕਈਵਾਨ ਯੂਨੀਵਰਸਿਟੀ ਦੇ ਅਪਰਾਧ ਵਿਸ਼ੇ ਦੇ ਮਾਹਰ ਬਿਲ ਪਿਟ ਨੇ ਕਿਹਾ, "ਜੇ ਐਡਮਿੰਟਨ ਵਿਚ ਕਤਲ ਦੀਆਂ ਵਾਰਦਾਤਾਂ ਇਸੇ ਤਰ੍ਹਾਂ ਹੁੰਦੀਆਂ ਰਹੀਆਂ ਤਾਂ ਗੰਭੀਰ ਸਮੱਸਿਆ ਖੜੀ ਹੋ ਜਾਵੇਗੀ।’’ ਈ.ਪੀ.ਐਸ. ਦੀ ਬੁਲਾਰੇ ਕਲੇਅਰ ਸੈਲਰ ਨੇ ਕਿਹਾ ਕਿ ਪੁਲਿਸ ਵਲੋਂ ਸਾਰੇ ਮਾਮਲਿਆਂ ਦਾ ਤੁਲਨਾਤਮਕ ਅਧਿਐਨ ਕੀਤਾ ਜਾ ਰਿਹਾ ਹੈ ਪਰ ਇਨ੍ਹਾਂ ਵਿਚ ਕੋਈ ਇਕਸਾਰਤਾ ਦਿਖਾਈ ਨਹੀਂ ਦਿੰਦੀ। ਮੌਜੂਦਾ ਪੜਾਅ ਵਿਚ ਅੰਕੜੇ ਵੇਖ ਕੇ ਹੈਰਾਨੀ ਹੁੰਦੀ ਹੈ ਕਿਉਂਕਿ ਸਾਡੇ ਸ਼ਹਿਰ ਵਿਚ ਹੋਰ ਅਪਰਾਧ ਕਾਫ਼ੀ ਘੱਟ ਹਨ। ਇਸ ਬਾਰੇ ਐਨਾ ਕਿਹਾ ਜਾ ਸਕਦਾ ਹੈ ਕਿ ਸ਼ਰਾਬ ਜਾਂ ਹੋਰ ਨਸ਼ਿਆਂ ਦੀ ਵਰਤੋਂ ਕਾਰਨ ਇਹ ਵਾਰਦਾਤਾਂ ਹੋਈਆਂ ਹੋਣਗੀਆਂ। ਉਨ੍ਹਾਂ ਕਿਹਾ, "ਈ.ਪੀ.ਐਸ. ਉਨ੍ਹਾਂ ਲੋਕਾਂ ਦੀ ਪ੍ਰਸ਼ੰਸਾ ਕਰਦੀ ਹੈ ਜੋ ਹਿੰਸਾ ਨਾਲ ਸਮੱਸਿਆਵਾਂ ਨਜਿੱਠਣ ਦੀ ਥਾਂ ਸੋਚ ਵਿਚਾਰ ਕੇ ਅੱਗੇ ਵਧਦੇ ਹਨ।’’ ਦੱਸਣਯੋਗ ਹੈ ਕਿ 2005 ਵਿਚ ਐਡਮਿੰਟਨ ਵਿਖੇ ਸੱਭ ਤੋਂ ਜ਼ਿਆਦਾ 39 ਕਤਲ ਦੀਆਂ ਵਾਰਦਾਤਾਂ ਹੋਈਆਂ ਸਨ ਜਦਕਿ ਪਿਛਲੇ ਸਾਲ ਇਸ ਸਮੇਂ ਤਕ 4 ਵਾਰਦਾਤਾਂ ਸਾਹਮਣੇ ਆਈਆਂ ਸਨ।

**ਸਫਾ ਇੱਕ ਦੀ ਬਾਕੀ**

# ਵੱਡੀਆਂ ਪੰਜਾਬੀ ਤੋਪਾਂ ਲੁੜਕੀਆਂ

2004 ਤੋਂ ਮਿਸੀਸਾਗਾ-ਬਰੈਂਪਟਨ ਸਾਊਥ ਸੀਟ ਤੋਂ ਲਗਾਤਾਰ ਤਿੰਨ ਵਾਰ ਚੋਣ ਜਿੱਤਣ ਵਾਲੇ ਨਵਦੀਪ ਬੈਂਸ ਵੀ ਇਸ ਵਾਰ ਚਿੱਤ ਹੋ ਗਏ। ਛੇ ਵਾਰ ਐਮ.ਪੀ. ਰਹੇ ਗੁਰਬਖਸ਼ ਮੱਲੀ, ਜਿਨ੍ਹਾਂ 1993 ’ਚ ਪਹਿਲੇ ਪਗੜੀਧਾਰੀ ਸਿੱਖ ਐਮ.ਪੀ. ਬਣਨ ਦਾ ਮਾਣ ਹਾਸਲ ਕੀਤਾ ਸੀ, ਨੂੰ ਬ੍ਰਾਮੈਲੀਆ-ਗੋਰ-ਮਾਲਟਨ ਸੀਟ ਤੋਂ ਸੱਤਾਧਾਰੀ ਪਾਰਟੀ ਦੇ ਬਾਲ ਗੋਸਲ ਨੇ ਹਰਾਇਆ। ਕੈਨੇਡਾ ਇੰਡੀਆ ਬਿਜ਼ਨੈਸ ਕੌਂਸਲ (ਸੀ.ਆਈ.ਬੀ.ਸੀ.) ਦੇ ਸਾਬਕਾ ਪ੍ਰਧਾਨ ਸਰਕਾਰ ਰਾਣਾ ਟੋਰਾਂਟੋ ਦੇ ਨੀਮ ਸ਼ਹਿਰੀ ਸਕਾਰਬੋਰੋ ਰਾਊਜ ਹਲਕੇ ਤੋਂ ਚੋਣ ਹਾਰ ਗਏ। ਵੈਨਕੂਵਰ ਦੇ ਨੀਮ ਸ਼ਹਿਰੀ ਨਿਊਟਨ-ਨਾਰਥ ਡੈਲਟਾ ਹਲਕੇ ਤੋਂ ਸਿਟਿੰਗ ਐਮ.ਪੀ. ਸੁਖ ਧਾਲੀਵਾਲ ਨੂੰ ਨਿਊ ਡੈਮੋਕਰੈਟਿਕ ਪਾਰਟੀ ਦੀ ਜਿੰਨੀ ਸਿਮਜ਼ ਜੋਗਿੰਦਰ ਕੌਰ ਨੇ ਹਰਾਇਆ। ਐਨ.ਡੀ.ਪੀ. ਨੂੰ ਇਕ ਹੋਰ ਇੰਡੋ-ਕੈਨੇਡੀਅਨ ਐਮ.ਪੀ. ਵੈਨਕੂਵਰ ਦੇ ਨੀਮ ਸ਼ਹਿਰੀ ਸਰੀ ਨਾਰਥ ਤੋਂ ਮਿਲਿਆ ਜਿੱਥੇ ਇਸ ਦੇ ਉਮੀਵਾਰ ਜਸਬੀਰ ਸੰਧੂ ਨੇ ਲਿਬਰਲਜ਼ ਦੇ ਸ਼ਿੰਦਰ ਪੁਰੇਵਾਲ ਨੂੰ ਹਰਾਇਆ। ਕੰਜ਼ਰਵੇਟਿਵ ਪਾਰਟੀ ਦੇ ਸਾਰੇ ਸਿਟਿੰਗ ਇੰਡੋ-ਕੈਨੇਡੀਅਨ ਐਮ.ਪੀਜ਼ ਦੀਪਕ ਓਬਰਾਏ (ਕੈਲਗਰੀ ਈਸਟ), ਦਵਿੰਦਰ ਸ਼ੋਰੀ (ਕੈਲਗਰੀ ਨਾਰਥ ਈਸਟ), ਟਿਮ ਉਪਲ (ਐਡਮੰਟਨ-ਸ਼ੇਰਵੁਡ) ਅਤੇ ਨੀਨਾ ਗਰੇਵਾਲ (ਫਲੀਟਵੁਡ ਪੋਰਟ ਕੈਲਜ਼ ਆਪੋ-ਆਪਣੀਆਂ ਸੀਟਾਂ ਬਚਾਉਣ ਵਿਚ ਸਫਲ ਰਹੇ। ਐਤਕੀਂ 23 ਇੰਡੋ-ਕੈਨੇਡੀਅਨ ਉਮੀਦਵਾਰ ਚੋਣ ਮੈਦਾਨ ਵਿਚ ਸਨ ਪਰ ਸੰਸਦ ’ਚ ਸਿਰਫ ਅੱਠ ਹੀ ਪਹੁੰਚ ਸਕੇ। ਪਿਛਲੀ ਵਾਰ ਇਹ ਗਿਣਤੀ ਨੌਂ ਸੀ।

### ਜਿੱਤੇ


ਟਿਮ ਉੱਪਲ


ਜਸਵੀਰ ਸੰਧੂ


ਜਿੰਨੀ ਸਿਮਜ਼


ਦਵਿੰਦਰ ਸ਼ੋਰੀ

### ਹਾਰੇ


ਗੁਰਬਖਸ਼ ਸਿੰਘ ਮੱਲ੍ਹੀ


ਉੱਜਲ ਦੁਸਾਂਝ


ਰੂਬੀ ਢੱਲਾ


ਸੁੱਖ ਧਾਲੀਵਾਲ

### ਇੰਡੋ-ਕਨੇਡੀਅਨ ਐਮ.ਪੀ.

ਟਿਮ ਉਪਲ (ਐਡਮਿੰਟਨ ਸ਼ਰਵੁਡ ਪਾਰਕ)
ਦਵਿੰਦਰ ਸ਼ੌਰੀ (ਕੈਲਗਰੀ ਨਾਰਥ ਈਸਟ)
ਦੀਪਕ ਓਬਰਾਏ (ਕੈਲਗਰੀ ਈਸਟ)
ਬਲਜੀਤ ਗੋਸਲ (ਬਰੇਮਲੀਆ ਗੋਰ ਮਾਲਟਨ)
ਪਰਮ ਗਿੱਲ (ਬਰੈਂਪਟਨ ਸਪਰਿੰਗਡੇਲ)
ਨੀਨਾ ਗਰੇਵਾਲ (ਫਲੀਟਵੁੱਡ ਫੋਰਟ ਕੈਲੇਸ)
ਸਾਰੇ ਸੱਤਾਧਾਰੀ ਪਾਰਟੀ ’ਚੋਂ
ਜਸਵੀਰ ਸੰਧੂ (ਸਰੀ ਨਾਰਥ)
ਜੋਗਿੰਦਰ ਕੌਰ (ਨਿਊਟਨ ਨਾਰਥ ਡੇਲਟਾ)
ਦੋਵੇਂ ਐਨ.ਡੀ.ਪੀ. ਵਿਚੋਂ

### ਜੋ ਹਾਰ ਗਏ

ਉਜਲ ਦੁਸਾਂਝ
ਰੂਬੀ ਢੱਲਾ
ਗੁਰਬਖਸ਼ ਸਿੰਘ ਮੱਲੀ
ਨਵਦੀਪ ਬੈਂਸ
ਸੁਖ ਧਾਲੀਵਾਲ
ਪ੍ਰੀਤੀ ਲਾਂਬਾ
ਸੰਗੀਤਾ ਲਾਲੀ
ਪੈਮ ਧਨੋਆ
ਸਾਰੇ ਲਿਬਰਲ ਪਾਰਟੀ ’ਚੋਂ

# 19 ਵਰ੍ਹਿਆਂ ਦੇ ਪੀਅਰ ਨੇ ਐਨ.ਡੀ.ਪੀ ਸੰਸਦ ਮੈਂਬਰ ਬਣ ਕੇ ਬਣਾਇਆ ਰਿਕਾਰਡ



ਮਾਂਟ੍ਰੀਅਲ, (ਨਦਬ) : 19 ਵਰ੍ਹਿਆਂ ਦੇ ਪੀਅਰ ਲਕ ਡੂਸਾਲਟ ਨੇ ਕੌਮੀ ਸਿਆਸਤ ਵਿੱਚ ਆਸ ਅਨੁਸਾਰ ਸਫਲਤਾ ਨਾ ਮਿਲਣ ’ਤੇ ਆਉਂਦੀਆਂ ਗਰਮੀਆਂ ਵਿੱਚ ਗੌਲਫ ਕੋਰਸ ਵਿੱਚ ਨੌਕਰੀ ਕਰਨ ਦਾ ਫੈਸਲਾ ਕੀਤਾ ਹੋਇਆ ਸੀ ਪਰ ਕੈਨੇਡਾ ਦਾ ਸਭ ਤੋਂ ਘੱਟ ਉਮਰ ਦਾ ਸੰਸਦ ਮੈਂਬਰ ਬਣ ਜਾਣ ਪਿਛੋਂ ਹੁਣ ਉਸ ਦੀਆਂ ਤਰਜੀਹਾਂ ਬਦਲ ਗਈਆਂ ਹਨ। ਗੌਲਫ ਕੋਰਸ ਦੀ ਥਾਂ ਹੁਣ ਉਹ ਓਟਵਾ ਵਿਖੇ ਸ਼ੇਰਬਰੁੱਕ ਹਲਕੇ ਦੇ ਸੰਸਦ ਮੈਂਬਰ ਵਜੋਂ ਸਹੁੰ ਚੁੱਕੇਗਾ ਅਤੇ ਉਸ ਨੂੰ ਸ਼ੁਰੂਆਤੀ ਤੌਰ ’ਤੇ 1,57,731 ਡਾਲਰ ਤਨਖਾਹ ਵਜੋਂ ਮਿਲਣਗੇ। ਮਾਂਟ੍ਰੀਅਲ ਦੇ ਪੂਰਬ ਸਥਿਤ ਸ਼ੇਰਬਰੁੱਕ ਕਸਬੇ ਤੋਂ ਖੜੇ ਹੋਏ ਪੀਅਰ ਨੂੰ ਆਪਣੀ ਜਿੱਤ ਦਾ ਭਰੋਸਾ ਸੀ ਪਰ ਫਿਰ ਵੀ ਉਸ ਦੇ ਮਨ ਵਿੱਚ ਹਾਰ ਦਾ ਡਰ ਬਣਿਆ ਹੋਇਆ ਸੀ। ਪੀਅਰ ਵਾਂਗ ਨਿਊ ਡੈਮੋਕਰੇਟਿਕ ਪਾਰਟੀ ਦੇ ਕਈ ਉਮੀਦਵਾਰਾਂ ਨੇ ਗੈਰ ਸੰਭਾਵਿਤ ਜਿੱਤ ਦਰਜ ਕਰ ਕੇ ਆਪਣੀ ਪਾਰਟੀ ਨੂੰ ਦੇਸ਼ ਦੀ ਮੁੱਖ ਵਿਰੋਧੀ ਧਿਰ ਵਜੋਂ ਉਭਾਰ ਦਿੱਤਾ। ਪੀਅਰ ਇਸੇ ਮਹੀਨੇ 20 ਸਾਲਾਂ ਦਾ ਹੋ ਜਾਵੇਗਾ। ਇਸ ਤੋਂ ਪਹਿਲਾਂ 1974 ਵਿੱਚ ਕਲੌਡ ਆਂਦਰੇ ਲੈਸ਼ਾਂਸੇ ਨੇ 20 ਵਰ੍ਹਿਆਂ ਦੀ ਉਮਰ ਵਿੱਚ ਚੋਣ ਜਿੱਤ ਕੇ ਸਭ ਤੋਂ ਘੱਟ ਉਮਰ ਵਿੱਚ ਸੰਸਦ ਮੈਂਬਰ ਬਣਨ ਦਾ ਰਿਕਾਰਡ ਬਣਾਇਆ ਸੀ। ਪੀਅਰ ਨੇ ਕਿਹਾ, "ਮੈਂ ਆਪਣੀ ਜਿੱਤ ਲਈ ਜ਼ੋਰ ਸ਼ੋਰ ਨਾਲ ਪ੍ਰਚਾਰ ਕੀਤਾ, ਮੈਂ ਹਰ ਬਹਿਸ ਅਤੇ ਚੋਣ ਸਮਾਗਮ ਵਿੱਚ ਹਿੱਸਾ ਲਿਆ, ਹੁਣ ਮੈਂ ਆਪਣੇ ਹਲਕੇ ਦੀਆਂ ਆਸਾਂ ਅਨੁਸਾਰ ਕੰਮ ਕਰਨਾ ਚਾਹਾਂਗਾ।’’

# ਐਲਬਰਟਾ ਦੇ ਹਸਪਤਾਲਾਂ ’ਚ ਐਮਰਜੈਂਸੀ ਸੇਵਾਵਾਂ ਲਈ ਉਡੀਕ ਸਮਾਂ ਘਟਿਆ




ਐਡਮਿੰਟਨ, (ਨਦਬ) : ਐਲਬਰਟਾ ਦੇ ਹਸਪਤਾਲਾਂ ਵਿਚ ਲਾਗੂ ਕੀਤੇ ਗਏ ਨਵੇਂ ਨਿਯਮਾਂ ਨਾਲ ਐਮਰਜੈਂਸੀ ਵਿਭਾਗ ਵਿਚ ਉਡੀਕ ਕਰ ਰਹੇ ਮਰੀਜ਼ਾਂ ਨੂੰ ਕਾਫ਼ੀ ਫ਼ਾਇਦਾ ਪੁੱਜਿਆ ਹੈ ਅਤੇ ਉਨ੍ਹਾਂ ਨੂੰ ਪਹਿਲਾਂ ਨਾਲੋਂ ਘੱਟ ਸਮਾਂ ਉਡੀਕ ਕਰਨੀ ਪੈਂਦੀ ਹੈ ਪਰ ਫਿਰ ਵੀ ਐਲਬਰਟਾ ਦੇ ਸਿਹਤ ਸੇਵਾਵਾਂ ਵਿਭਾਗ ਨੇ ਉਨ੍ਹਾਂ ਮਰੀਜ਼ਾਂ ਦੇ ਉਡੀਕ ਸਮੇਂ ਨੂੰ ਘਟਾ ਕੇ ਚਾਰ ਘੰਟੇ ਕਰਨ ਦਾ ਟੀਚਾ ਹਾਸਲ ਨਹੀਂ ਕੀਤਾ, ਜਿਨ੍ਹਾਂ ਨੂੰ ਇਲਾਜ ਦੇ ਤੁਰੰਤ ਬਾਅਦ ਘਰ ਭੇਜਿਆ ਜਾ ਸਕਦਾ ਹੈ ਜਦਕਿ ਹਸਪਤਾਲ ਵਿਚ ਦਾਖ਼ਲ ਕੀਤੇ ਜਾਣ ਵਾਲੇ ਮਰੀਜ਼ਾਂ ਲਈ ਅੱਠ ਘੰਟੇ ਦਾ ਟੀਚਾ ਹਾਸਲ ਕੀਤਾ ਜਾਣਾ ਬਾਕੀ ਹੈ। ਐਡਮਿੰਟਨ ਦੇ ਹਸਪਤਾਲ ਵਿਚ 49 ਨਵੇਂ ਮੁਲਾਜ਼ਮ ਅਤੇ ਕੈਲਗਰੀ ਵਿਚ 31 ਨਵੇਂ ਮੁਲਾਜ਼ਮਾਂ ਦੀ ਭਰਤੀ ਨਾਲ ਉਡੀਕ ਸਮੇਂ ਵਿਚ ਹੋਰ ਕਮੀ ਆਉਣ ਦੀ ਸੰਭਾਵਨਾ ਹੈ। ਐਲਬਰਟਾ ਸਿਹਤ ਸੇਵਾਵਾਂ ਦੇ ਕਾਰਜਕਾਰੀ ਸੀ.ਈ.ਓ. ਡਾ. ਕ੍ਰਿਸ ਈਗਲ ਨੇ ਜਾਰੀ ਬਿਆਨ ਵਿਚ ਕਿਹਾ ਕਿ ਅਸੀ ਉਡੀਕ ਸਮੇਂ ਦੇ ਮਾਮਲੇ ਨਾਲ ਨਜਿੱਠਣ ’ਤੇ ਜ਼ੋਰ ਦੇ ਰਹੇ ਹਾਂ, ਸਿਰਫ਼ ਐਮਰਜੈਂਸੀ ਵਿਭਾਗਾਂ ਵਿਚ ਹੀ ਨਹੀਂ ਸਗੋਂ ਹਰ ਵਿਭਾਗ ਵਿਚ ਬਿਹਤਰ ਸੇਵਾਵਾਂ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਨਦੀ ਵਿਚੋਂ ਲਾਸ਼ ਮਿਲੀ



ਐਡਮਿੰਟਨ, (ਨਦਬ) : ਕੈਮਰਨ ਐਵੀਨਿਊ ਪੁਲ ਤੋਂ ਲੰਘ ਰਹੇ ਇਕ ਵਿਅਕਤੀ ਦੀ ਇਤਲਾਹ ’ਤੇ ਪੁਲਿਸ ਨੇ ਨਦੀ ਵਿਚੋਂ ਲਾਸ਼ ਬਰਾਮਦ ਕੀਤੀ। ਪੁਲਿਸ ਨੂੰ ਪਹਿਲਾਂ ਲੱਗਿਆ ਕਿ ਇਹ ਲਾਸ਼ ਨਹੀਂ ਕੁੱਝ ਹੋਰ ਹੋਵੇਗਾ ਪਰ ਬਾਅਦ ਵਿਚ ਬਚਾਅ ਟੀਮਾਂ ਸੱਦੀਆਂ ਗਈਆਂ ਅਤੇ ਨੇੜੇ ਜਾਣ ’ਤੇ ਪਤਾ ਲੱਗਿਆ ਕਿ ਨਦੀ ਵਿਚ ਤੈਰ ਰਹੀ ਚੀਜ਼ ਲਾਸ਼ ਹੀ ਸੀ। ਐਕਟਿੰਗ ਇੰਸਪੈਕਟਰ ਬਲੇਅਰ ਈਡਲ ਨੇ ਕਿਹਾ ਕਿ ਸੰਭਾਵਤ ਤੌਰ ’ਤੇ ਮਰਨ ਵਾਲਾ ਵਿਅਕਤੀ ਨਦੀ ਵਿਚ ਜੰਮੀ ਬਰਫ਼ ਦੇ ਸੰਪਰਕ ਵਿਚ ਰਿਹਾ ਹੋਵੇਗਾ। ਪੁਲਿਸ ਉਸ ਵਿਅਕਤੀ ਦੀ ਪਛਾਣ ਅਤੇ ਮੌਤ ਦੇ ਕਾਰਨਾਂ ਦਾ ਪਤਾ ਲਾਉਣ ਵਿਚ ਜੁਟ ਗਈ ਹੈ। ਈਡਲ ਦਾ ਕਹਿਣਾ ਸੀ ਕਿ ਪੁਲਿਸ ਕੋਲ ਕਾਫ਼ੀ ਗਿਣਤੀ ਵਿਚ ਲਾਪਤਾ ਵਿਅਕਤੀਆਂ ਦੇ ਵੇਰਵੇ ਹਨ, ਜਿਨ੍ਹਾਂ ਨਾਲ ਲਾਸ਼ ਦੇ ਵੇਰਵਿਆਂ ਦਾ ਮਿਲਾਨ ਕੀਤਾ ਜਾਵੇਗਾ। ਈਡਲ ਨੇ ਇਸ ਮਾਮਲੇ ਵਿਚ ਸਾਜ਼ਸ਼ ਹੋਣ ਦੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਅਸੀਂ ਇਸ ਮਾਮਲੇ ਨੂੰ ਅਚਾਨਕ ਮੌਤ ਦੀ ਘਟਨਾ ਵਾਂਗ ਲੈ ਰਹੇ ਹਾਂ।


ALL-WAY CARPET CLEANING LTD.
3510 - 31A St. NW, Edmonton, AB T6T 1T6



Fully Equipped Services for:
Carpet/Rug Cleaning at Site.
Best Service at Reasonable Price.
We Value Your Money.
Call:Harjit
allwaycarpetclenaing@gmail.com
Ph: 780 278 3105

## ਸਰਗਰਮੀਆਂ

### 'ਮੇਲਾ-ਮਾਵਾਂ ਧੀਆਂ ਦਾ' 15 ਮਈ ਨੂੰ

ਐਡਮਿੰਟਨ (ਨ.ਦ.ਬ.) : ਐਡਮਿੰਟਨ ਦੀ ਨਾਮਵਰ ਤੇ 29 ਸਾਲ ਪੁਰਾਣੀ, ਪੰਜਾਬੀ ਮਾਂ ਬੋਲੀ ਤੇ ਸੱਭਿਆਚਾਰ ਨੂੰ ਸਮਰਪਿਤ "ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ" ਵੱਲੋਂ ਇਸ ਵਾਰ 'ਮੇਲਾ ਮਾਵਾਂ ਧੀਆਂ ਦਾ' ਸਮਾਗਮ 15 ਮਈ ਨੂੰ ਮਹਾਰਾਜਾ ਬੈਂਕੁਟ ਹਾਲ 'ਚ ਬਾਅਦ ਦੁਪਹਿਰ 2 ਵਜੇ ਤੋਂ ਲੈ ਕੇ ਸ਼ਾਮ ਦੇ 6 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਗਿੱਧੇ-ਭੰਗੜੇ, ਸਕਿੱਟਾਂ ਤੇ ਔਰਤਾਂ ਲਈ ਘਰੇਲੂ ਜਾਣਕਾਰੀ ਤੋਂ ਇਲਾਵਾ ਪਰਿਵਾਰਕ ਰਿਸ਼ਤਿਆਂ ਨਾਤਿਆਂ 'ਤੇ ਵੀ ਵਿਚਾਰ ਚਰਚਾ ਕੀਤੀ ਜਾਵੇਗੀ। ਇਹ ਪ੍ਰੋਗਰਾਮ ਕੇਵਲ ਔਰਤਾਂ ਲਈ ਹੀ ਹੋਵੇਗਾ, ਜਿਸ ਵਿਚ ਛੋਟੇ ਬੱਚਿਆਂ ਲਈ ਖੇਡਾਂ ਤੇ ਝੂਲਿਆਂ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਹੈ। ਇਸ ਪ੍ਰੋਗਰਾਮ ਦੀ ਟਿਕਟ ਸਿਰਫ 5 ਡਾਲਰ ਰੱਖੀ ਗਈ ਹੈ ਤੇ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਦਾਖਲਾ ਮੁਫਤ ਹੋਵੇਗਾ। ਜ਼ਿਆਦਾ ਜਾਣਕਾਰੀ ਲਈ ਬਖਸ਼ ਸੰਘਾ ਨੂੰ 780-461-7528 , ਜੈਸ ਗਿੱਲ ਨੂੰ 780-965-1209, ਕੁਲਦੀਪ ਧਾਲੀਵਾਲ ਨੂੰ 780-278-0627, ਅਰਵਿੰਦ ਸੇਖੋਂ ਨੂੰ 780-965-9508 ਜਾਂ ਜਸਵਿੰਦਰ ਨੂੰ 780-233-2795 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਸਿੱਖ ਫੈਡਰੇਸ਼ਨ ਵਲੋਂ ਵਿਸਾਖੀ ਮੇਲਾ 8 ਮਈ ਨੂੰ

ਐਡਮਿੰਟਨ (ਨਦਬ) : ਸਿੱਖ ਫੈਡਰੇਸ਼ਨ ਆਫ਼ ਐਡਮਿੰਟਨ ਵਲੋਂ 8 ਮਈ ਨੂੰ ਜੁਬਲੀ ਆਡੀਟੋਰੀਅਮ ਵਿਖੇ ਦੁਪਹਿਰ 2 ਵਜੇ ਵਿਸਾਖੀ ਮੇਲਾ ਤੇ ਐਵਾਰਡ ਸਮਾਰੋਹ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਪੜ੍ਹਾਈ ਤੇ ਹੋਰਨਾਂ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਇਨਾਮ ਦਿੱਤੇ ਜਾਣਗੇ ਅਤੇ ਹੋਰਨਾਂ ਬੱਚਿਆਂ ਵਲੋਂ ਤਿਆਰ ਭੰਗੜੇ, ਗਿੱਧੇ, ਭਾਸ਼ਣ ਆਦਿ ਦੀ ਪੇਸ਼ਕਾਰੀ ਵੀ ਕੀਤੀ ਜਾਵੇਗੀ। ਬੱਚਿਆਂ ਨੂੰ ਦਿੱਤੇ ਜਾਣ ਵਾਲੇ ਇਨਾਮਾਂ ਨੂੰ ਰਣਜੀਤ ਪਵਾਰ ਵਲੋਂ ਸਪਾਂਸਰ ਕੀਤਾ ਜਾਵੇਗਾ। ਇਸ ਸਮਾਗਮ ਦੀ ਟਿਕਟ 10 ਡਾਲਰ ਤੋਂ ਸ਼ੁਰੂ ਹੋਵੇਗੀ। ਹੋਰ ਜਾਣਕਾਰੀ ਲਈ ਕਰਨੈਲ ਦਿਉਲ ਨਾਲ 780-907-4345, ਅਮਨ ਗਿੱਲ ਨਾਲ 780-907-2207 ਅਤੇ ਕਰਮਜੀਤ ਸਿੰਘ ਗਰਚਾ 780-902-7314 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਕੈਂਸਰ ਸਬੰਧੀ ਕੈਂਪ 15 ਨੂੰ

ਐਡਮਿੰਟਨ (ਨਦਬ) ਮਾਨਵ ਸੇਵਾ ਐਸੋਸੀਏਸ਼ਨ ਵਲੋਂ ਐਤਵਾਰ 15 ਮਈ ਨੂੰ ਸਵੇਰੇ 9 ਤੋਂ ਸ਼ਾਮ 4 ਵਜੇ ਤੱਕ ਮੈਰਿਜ ਬੈਂਕੁਟ ਹਾਲ (360-8170-50 ਸਟਰੀਟ) ਵਿਖੇ ਕੈਂਸਰ ਸਬੰਧੀ ਸਿਹਤ ਕੈਂਪ ਲਾਇਆ ਜਾ ਰਿਹਾ ਹੈ। ਇਸ ਕੈਂਪ ਵਿਚ ਦਾਖਲੇ ਲਈ 10 ਡਾਲਰ ਫੀਸ ਰੱਖੀ ਗਈ ਹੈ। ਕੈਂਪ ਵਿਚ ਕੈਂਸਰ ਨਾਲ ਸਬੰਧਤ 9 ਉੱਚ ਮਾਹਰ ਡਾਕਟਰਾਂ ਵਲੋਂ ਮਰੀਜ਼ਾਂ ਦਾ ਨਿਰੀਖਣ ਕੀਤਾ ਜਾਵੇਗਾ। ਵਧੇਰੇ ਜਾਣਕਾਰੀ ਲਈ ਮਾਨਵ ਸੇਵਾ ਐਸੋਸੀਏਸ਼ਨ ਦੇ ਚੇਅਰਮੈਨ ਨਰੇਸ਼ ਝਾਅ ਨਾਲ 780- 435-1114 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਨਸਲਵਾਦ ਦੇ ਖਾਤਮੇ ਸਬੰਧੀ ਸੈਮੀਨਾਰ 9 ਮਈ ਨੂੰ

ਐਡਮਿੰਟਨ, (ਨਦਬ) : ਨਸਲਵਾਦ ਨੂੰ ਖਤਮ ਕਰਨ ਦੇ ਯਤਨਾਂ ਵਿੱਚ ਲੱਗੀਆਂ 14 ਸੰਸਥਾਵਾਂ ਸਿਟੀ ਆਫ਼ ਐਡਮਿੰਟਨ (ਸਥਾਨਕ ਸਰਕਾਰਾਂ) ਦੇ ਸਹਿਯੋਗ ਨਾਲ ਇਕ ਸੈਮੀਨਾਰ ਦਾ ਆਯੋਜਨ ਕਰਨ ਜਾ ਰਹੀਆਂ ਹਨ। 9 ਮਈ ਸੋਮਵਾਰ ਨੂੰ ਦੁਪਹਿਰ 1.30 ਤੋਂ ਸ਼ਾਮ 3.30 ਵਜੇ ਤਕ ਚੱਲਣ ਵਾਲੇ ਇਸ ਸੈਮੀਨਾਰ ਨੂੰ 'ਨਸਲਵਾਦ ਮੁਕਤ ਐਡਮਿੰਟਨ' ਦਾ ਨਾਮ ਦਿੱਤਾ ਗਿਆ ਹੈ। ਇਸ ਸੈਮੀਨਾਰ ਵਿਚ ਵਾਰਡ ਨੰਬਰ 12 ਦੇ ਕੌਂਸਲਰ ਅਮਰਜੀਤ ਸੋਹੀ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਣਗੇ ਅਤੇ ਹਾਜ਼ਰ ਲੋਕਾਂ ਨਾਲ ਵਿਚਾਰ ਵਟਾਂਦਰਾ ਕਰਨਗੇ। ਇਸ ਸੈਮੀਨਾਰ ਨੂੰ ਪ੍ਰਿੰਸ ਆਫ਼ ਵੇਲਜ਼ ਆਰਮੋਰੀਅਸ, ਜੈਫ਼ਰਸਨ ਰੂਮ, 10440 108 ਐਵ. ਵਿਖੇ ਆਯੋਜਿਤ ਕੀਤਾ ਜਾਵੇਗਾ। ਵਧੇਰੇ ਜਾਣਕਾਰੀ ਲਈ 780-495-1953 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਐਡਮਿੰਟਨ 'ਚ ਨਵੇਂ ਪੁਲਿਸ ਮੁਖੀ ਇਕ ਜੂਨ ਨੂੰ ਸੰਭਾਲਣਗੇ ਅਹੁਦਾ

ਐਡਮਿੰਟਨ, (ਨਦਬ) : ਐਡਮਿੰਟਨ ਦੇ ਨਵੇਂ ਪੁਲਿਸ ਮੁਖੀ ਰੌਡ ਕਨੈਕਟ ਇਕ ਜੂਨ ਤੋਂ ਅਪਨਾ ਅਹੁਦਾ ਸੰਭਾਲਣਗੇ। ਮੌਜੂਦਾ ਸਮੇਂ ਵਿਚ ਉਹ ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਦੇ ਸੀਨੀਅਰ ਡਿਪਟੀ ਕਮਿਸ਼ਨਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ। 54 ਸਾਲ ਦੇ ਇਸ ਪੁਲਿਸ ਅਫ਼ਸਰ ਨੇ ਆਪਣੇ ਕੈਰੀਅਰ ਦੇ 34 ਸਾਲਾਂ ਵਿਚੋਂ 7 ਸਾਲ ਐਡਮਿੰਟਨ ਵਿਚ ਗੁਜਾਰੇ। ਮੁੜ ਐਡਮਿੰਟਨ ਵਿਚ ਨਿਯੁਕਤੀ ਤੋਂ ਖ਼ੁਸ਼ ਰੌਡ ਕਨੈਕਟ ਨੇ ਕਿਹਾ, "ਮੈਂ ਆਪਣੀ ਸੇਵਾ ਮੁਕਤੀ ਨੇੜੇ ਐਡਮਿੰਟਨ ਆ ਕੇ ਕਾਫ਼ੀ ਖ਼ੁਸ਼ ਹਾਂ। ਮੇਰਾ ਪਰਿਵਾਰ ਵੀ ਇਥੇ ਤਬਾਦਲਾ ਹੋਣ ਦੀ ਖ਼ਬਰ ਸੁਣ ਕੇ ਬਹੁਤ ਖ਼ੁਸ਼ ਹੋਇਆ ਸੀ। ਰੌਡ ਕਨੈਕਟ ਪੁਲਿਸ ਅਫ਼ਸਰ ਵਜੋਂ ਕੈਨੇਡਾ ਦੇ ਕਈ ਸ਼ਹਿਰਾਂ ਅਤੇ ਕਸਬਿਆਂ ਵਿਚ ਰਹੇ ਪਰ ਉਨ੍ਹਾਂ ਦਾ ਪਰਵਾਰ ਐਡਮਿੰਟਨ ਨੂੰ ਹੀ ਆਪਣਾ ਘਰ ਮੰਨਦਾ ਹੈ।''

ਉਨ੍ਹਾਂ ਦਸਿਆ ਕਿ ਐਡਮਿੰਟਨ ਵਿਚ ਕਮਿਊਨਿਟੀ ਪੁਲਿਸਿੰਗ ਨੂੰ ਜਾਰੀ ਰੱਖਣਾ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗੀ। ਇਸ ਤੋਂ ਇਲਾਵਾ ਅਪਰਾਧ ਨੂੰ ਰੋਕਣਾ ਅਤੇ ਪੁਲਿਸ ਨੂੰ ਲੋਕਾਂ ਪ੍ਰਤੀ ਜਵਾਬਦੇਹ ਬਣਾਇਆ ਜਾਵੇਗਾ। ਰੌਡ ਕਨੈਕਟ ਨੇ 1977 ਵਿਚ ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਦੀ ਨੌਕਰੀ ਸ਼ੁਰੂ ਕੀਤੀ ਸੀ। ਉਨ੍ਹਾਂ ਨੂੰ ਪੰਜ ਸਾਲ ਦੇ ਠੇਕੇ ਤਹਿਤ ਐਡਮਿੰਟਨ ਲਿਆਂਦਾ ਗਿਆ ਹੈ ਅਤੇ ਸਾਲਾਨਾ 2 ਲੱਖ 60 ਹਜ਼ਾਰ ਡਾਲਰ ਅਦਾ ਕੀਤੇ ਜਾਣਗੇ। ਮੇਅਰ ਸਟੀਫ਼ਨ ਮੈਂਡਲ ਨੇ ਨਵੇਂ ਪੁਲਿਸ ਮੁਖੀ ਦੀ ਨਿਯੁਕਤੀ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਉਹ ਐਡਮਿੰਟਨ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਇਸ ਲਈ ਕੋਈ ਪ੍ਰੇਸ਼ਾਨੀ ਨਹੀਂ ਆਵੇਗੀ।

## ਪਬਲਿਕ ਸਕੂਲਾਂ ਨੂੰ ਬੰਦ ਹੋਣ ਤੋਂ ਬਚਾਉਣ ਲਈ ਯਤਨ ਜਾਰੀ

### ਪਿਛਲੇ ਇੱਕ ਵਰ੍ਹੇ 'ਚ ਐਡਮਿੰਟਨ ਦੇ ਪੰਜ ਪਬਲਿਕ ਸਕੂਲ ਬੰਦ ਹੋਏ



ਐਡਮਿੰਟਨ ਦਾ ਬੰਦ ਹੋਇਆ ਪਬਲਿਕ ਸਕੂਲ

ਐਡਮਿੰਟਨ, (ਨਦਬ) : ਦੋ ਸਾਲਾਂ ਤਕ ਸਕੂਲ ਬੰਦ ਰੱਖਣ ਦੇ ਬਾਵਜੂਦ ਸ਼ਹਿਰ ਦੇ ਪਬਲਿਕ ਸਕੂਲ ਬੋਰਡ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਮਾਮਲਾ ਅਜੇ ਤਕ ਹੱਲ ਨਹੀਂ ਹੋਇਆ। ਬੋਰਡ ਦੇ ਟਰੱਸਟੀ ਮਾਈਕਲ ਜੈਂਜ਼ ਮੁਤਾਬਕ, "ਦੋ ਸਾਲਾਂ ਵਿਚ ਕੋਈ ਤਬਦੀਲੀ ਨਹੀਂ ਆਈ ਤੇ ਸਮੱਸਿਆ ਸਾਡੇ ਸਾਹਮਣੇ ਜਿਉਂ ਦੀ ਤਿਉਂ ਖੜੀ ਹੈ।'' ਪਿਛਲੇ ਸਾਲ ਨਵੰਬਰ ਵਿਚ ਬੋਰਡ ਨੇ ਇਕ ਕਮੇਟੀ ਗਠਤ ਕੀਤੀ ਸੀ ਜਿਸ ਵਲੋਂ ਸ਼ਹਿਰਾਂ ਦੇ ਫੈਲਾਅ ਕਾਰਨ ਸਕੂਲਾਂ ਵਿਚ ਭਰਤੀ 'ਤੇ ਪੈਣ ਵਾਲੇ ਅਸਰ ਵੱਲ ਧਿਆਨ ਕੇਂਦਰਿਤ ਕੀਤਾ ਜਾਣਾ ਸੀ। ਭਵਿੱਖ ਵਿਚ ਕਮੇਟੀ ਦੀਆਂ ਹੋਣ ਵਾਲੀਆਂ ਮੀਟਿੰਗਾਂ ਵਿਚ ਐਡਮਿੰਟਨ ਦੇ ਪਬਲਿਕ ਸਕੂਲਾਂ ਦੀਆਂ 197 ਇਮਾਰਤਾਂ ਬਾਰੇ ਵਿਚਾਰ ਕੀਤਾ ਜਾਵੇਗਾ ਅਤੇ ਇਹ ਤੱਥ ਵੀ ਵਿਚਾਰਿਆ ਜਾਵੇਗਾ ਕਿ ਜ਼ਿਲ੍ਹੇ ਵਿਚ ਕੁਲ ਰਕਬੇ ਦਾ 67 ਫ਼ੀ ਸਦੀ ਵਰਤੋਂ ਕਰਨ ਦੀ ਇਜਾਜ਼ਤ ਹੈ ਜਦਕਿ ਐਲਬਰਟਾ ਇਨਫ਼ਰਾਸਟ੍ਰਕਚਰ ਦੀ ਹੱਦ 85 ਫ਼ੀ ਸਦੀ ਹੈ। ਬੋਰਡ ਦੇ ਚੇਅਰਮੈਨ ਡੇਵ ਪੋਲਬਰਨ ਨੇ ਕਿਹਾ ਕਿ ਕਮੇਟੀ ਦਾ ਮੁੱਖ ਮਕਸਦ ਸਕੂਲਾਂ ਲਈ ਸਹਾਇਤਾ ਦੇ ਰਾਹ ਲੱਭਣਾ ਹੈ ਨਾ ਕਿ ਉਨ੍ਹਾਂ ਨੂੰ ਬੰਦ ਕਰਨਾ। ਉਨ੍ਹਾਂ ਕਿਹਾ, "ਮੀਟਿੰਗਾਂ ਵਿਚ ਸਾਂਝਾ ਮੁੱਦਾ ਮਾਪਿਆਂ ਵਲੋਂ ਆਪਣੇ ਹੱਕ ਵਿਚ ਹੋਰ ਪਰਵਾਰਾਂ ਨੂੰ ਖੜਾ ਕਰਨ ਦਾ ਇਛੁਕ ਹੋਣਾ ਹੋਵੇਗਾ ਕਿਉਂਕਿ ਨਵੇਂ ਉਪ ਸ਼ਹਿਰੀ ਇਲਾਕਿਆਂ ਵਿਚ ਨਵੇਂ ਸਕੂਲ ਖੁਲ੍ਹ ਰਹੇ ਹਨ।

## ਅਪ੍ਰੈਲ ਤਕ ਚਲੀ ਬਰਫ਼ ਨੇ ਟੇਬਰ ਦੇ ਮੱਕੀ ਉਤਪਾਦਕਾਂ ਦੀਆਂ ਚਿੰਤਾਵਾਂ ਵਧਾਈਆਂ

ਕੈਲਗਰੀ, (ਨਦਬ) : ਮੱਕੀ ਦੇ ਉਤਪਾਦਨ ਲਈ ਜਾਣੇ ਜਾਂਦੇ ਟੇਬਰ ਜ਼ਿਲ੍ਹੇ ਦੇ ਕਿਸਾਨ ਇਸ ਵਾਰ ਕਾਫ਼ੀ ਪ੍ਰੇਸ਼ਾਨ ਦਿਖਾਈ ਦੇ ਰਹੇ ਹਨ ਕਿਉਂਕਿ ਸਰਦੀਆਂ ਦਾ ਮੌਸਮ ਲੰਮਾ ਸਮਾਂ ਚਲਣ ਕਾਰਨ ਜ਼ਮੀਨ ਗਿੱਲੀ ਪਈ ਹੈ ਅਤੇ ਫ਼ਸਲ ਦੀ ਬੀਜਾਈ ਦਾ ਸਮਾਂ ਟੱਪ ਚੁਕਿਆ ਹੈ। ਜ਼ਿਲ੍ਹੇ ਦੇ ਇਕ ਕਿਸਾਨ ਬਰਾਇਨ ਕੌਰਨਜ਼ ਨੇ ਕਿਹਾ, "ਅਸੀ ਬੀਜਾਈ ਤੋਂ ਘੱਟੋ ਘੱਟ ਦੋ ਹਫ਼ਤੇ ਪੱਛੜ ਚੁੱਕੇ ਹਾਂ। ਆਮ ਤੌਰ 'ਤੇ ਹੁਣ ਤਕ ਕਿਸਾਨ ਬੀਜਾਈ ਸ਼ੁਰੂ ਕਰ ਦਿੰਦੇ ਸਨ ਪਰ ਅਜੇ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ।'' ਕੌਰਨਜ਼ ਦਾ ਕਹਿਣਾ ਸੀ ਕਿ ਜਦੋਂ ਤੁਸੀ ਹਾਈਵੇ 3 'ਤੇ ਜਾਂਦੇ ਹੋ ਤਾਂ ਹਰ ਅੱਧੇ ਮੀਲ ਪਿਛੋਂ 5 ਤੋਂ 10 ਏਕੜ ਜ਼ਮੀਨ ਪਾਣੀ ਨਾਲ ਤਰ ਬ ਤਰ ਪਈ ਹੈ। ਜੇ ਅਗਲੇ ਹਫ਼ਤੇ ਦੇ ਅਖੀਰ ਤਕ ਮੌਸਮ ਵਿਚ ਗਰਮਾਹਟ ਨਾ ਆਈ ਤਾਂ ਕਿਸਾਨਾਂ ਦੀਆਂ ਚਿੰਤਾਵਾਂ ਹੋਰ ਵਧ ਜਾਣਗੀਆਂ। ਪਿਛਲੇ ਸਾਲ ਵੀ ਭਾਰੀ ਵਰਖਾ ਕਾਰਨ ਟੇਬਰ ਜ਼ਿਲ੍ਹੇ ਵਿਚ ਮੱਕੀ ਦੀ ਫ਼ਸਲ ਦਾ ਨੁਕਸਾਨ ਹੋਇਆ ਸੀ। ਐਲਬਰਟਾ ਦੇ ਮੱਕੀ ਉਤਪਾਦਕਾਂ ਦੀ ਐਸੋਸੀਏਸ਼ਨ ਦੇ ਪ੍ਰਧਾਨ ਡੇਵਿਡ ਜੈਨਸਨ ਨੇ ਦਸਿਆ ਕਿ ਟੇਬਰ ਜ਼ਿਲ੍ਹੇ ਵਿਚ ਪੈਦਾ ਹੁੰਦੀ ਮੱਕੀ ਦੇ ਦਾਣੇ ਸਾਧਾਰਨ ਮੱਕੀ ਨਾਲੋਂ ਪੰਜ ਗੁਣਾ ਮਿੱਠੇ ਹੁੰਦੇ ਹਨ ਅਤੇ ਜ਼ਿਲ੍ਹੇ ਵਿਚ ਆਮ ਤੌਰ 'ਤੇ 25 ਅਪ੍ਰੈਲ ਤੋਂ 1 ਮਈ ਦਰਮਿਆਨ ਬੀਜਾਈ ਪੂਰੀ ਹੋ ਜਾਂਦੀ ਹੈ। ਜੇ ਅਗਲੇ ਦਸ ਦਿਨਾਂ ਵਿਚ ਬੀਜਾਈ ਨਾ ਹੋਈ ਤਾਂ ਹਾਲਾਤ ਹੋਰ ਚਿੰਤਾਜਨਕ ਹੋ ਜਾਣਗੇ। ਮੌਸਮ ਵਿਭਾਗ ਨੇ ਆਉਣ ਵਾਲੇ ਦਿਨਾਂ ਵਿਚ ਤਾਪਮਾਨ ਵਧਣ ਦੀ ਭਵਿੱਖਬਾਣੀ ਕੀਤੀ ਹੈ।

## ਐਡਮਿੰਟਨ ਦੇ ਘੱਟ ਕੂੜਾ ਪੈਦਾ ਕਰਨ ਵਾਲੇ ਘਰਾਂ ਤੋਂ ਲਈ ਜਾਵੇਗੀ ਘੱਟ ਫ਼ੀਸ

### ਕੌਂਸਲ ਵਲੋਂ ਕੀਤਾ ਜਾ ਰਿਹੈ ਨਵੀਂ ਯੋਜਨਾ 'ਤੇ ਵਿਚਾਰ

ਐਡਮਿੰਟਨ, (ਨਦਬ) : ਸ਼ਹਿਰ ਦੇ ਪ੍ਰਸ਼ਾਸਨ ਵਲੋਂ ਉਨ੍ਹਾਂ ਮਕਾਨ ਮਾਲਕਾਂ ਲਈ ਫ਼ੀਸ ਵਿਚ ਕਟੌਤੀ ਕਰਨ ਦੀ ਯੋਜਨਾ ਤਿਆਰ ਕੀਤੀ ਜਾ ਰਹੀ ਹੈ ਜੋ ਕੂੜੇ ਦੀ ਮਾਤਰਾ ਘਟਾਉਣ 'ਤੇ ਸਹਿਮਤ ਹੋ ਜਾਣਗੇ। ਇਸ ਟੀਮ ਵਿਚ ਸ਼ਾਮਲ ਹੋਣ ਵਾਲੇ ਇਛੁਕ ਲੋਕਾਂ ਨੂੰ ਆਨਲਾਈਨ ਜਾਂ ਟੈਲੀਫ਼ੋਨ ਰਾਹੀਂ ਰਜਿਸਟਰੇਸ਼ਨ ਕਰਾਉਣੀ ਹੋਵੇਗੀ। ਇਸ ਯੋਜਨਾ ਤਹਿਤ ਲੋਕਾਂ ਨੂੰ ਕੂੜਾ ਪਾਉਣ ਲਈ ਵਾਧੂ ਕੰਟੇਨਰ ਨਹੀਂ ਦਿੱਤੇ ਜਾਣਗੇ ਅਤੇ ਨਿਰਧਾਰਤ ਹੱਦ ਤੋਂ ਵਧ ਕੂੜਾ ਸੁੱਟਣ ਵਾਲਿਆਂ ਨੂੰ ਮੁੜ ਤੋਂ ਪੂਰੀ ਫ਼ੀਸ ਦੇਣੀ ਪਵੇਗੀ।

ਯੋਜਨਾ ਚਲਾਉਣ ਦਾ ਮੁੱਖ ਕਾਰਨ ਲੋਕਾਂ ਨੂੰ ਘੱਟ ਤੋਂ ਘੱਟ ਕੂੜਾ ਪੈਦਾ ਕਰਨ ਲਈ ਉਤਸ਼ਾਹਤ ਕਰਨਾ ਹੈ ਅਤੇ ਪੈਦਾ ਹੋਏ ਕੂੜੇ ਨੂੰ ਈਕੋ ਸਟੇਸ਼ਨਾਂ ਜਾਂ ਰੀਸਾਈਕਲਿੰਗ ਪਲਾਂਟਾਂ ਵਿਚ ਭੇਜਣਾ ਹੈ। ਵੇਸਟ ਮੈਨੇਜਮੈਂਟ ਦੇ ਮੈਨੇਜਰ ਰਾਏ ਨੀਹਲ ਨੇ ਦਸਿਆ ਕਿ ਕੌਂਸਲ ਨੇ ਸਾਨੂੰ ਅਜਿਹਾ ਕਰਨ ਲਈ ਆਖਿਆ ਹੈ। ਉਹ ਚਾਹੁੰਦੇ ਹਨ ਕਿ ਇਕ ਅਜਿਹੀ ਪ੍ਰਣਾਲੀ ਪੈਦਾ ਕੀਤੀ ਜਾਵੇ ਜਿਸ ਨਾਲ ਘੱਟ ਕੂੜਾ ਪੈਦਾ ਕਰਨ ਵਾਲੇ ਘਰਾਂ ਨੂੰ ਵਿੱਤੀ ਲਾਭ ਹੋਵੇ। ਲੰਮੇ ਸਮੇਂ ਦੌਰਾਨ ਅਸੀ ਕੂੜੇ ਦੀ ਮਾਤਰਾ ਘਟਾਉਣ ਵਿਚ ਸਫ਼ਲ ਹੋਵਾਂਗੇ। ਨੀਹਲ ਨੇ ਯੋਜਨਾ ਦੇ ਵਿੱਤੀ ਵੇਰਵੇ ਨਹੀਂ ਦਿਤੇ। ਉਨ੍ਹਾਂ ਦਸਿਆ ਕਿ 16 ਜੂਨ ਨੂੰ ਹੋਣ ਵਾਲੀ ਯੂਟੀਲਿਟੀ ਕਮੇਟੀ ਦੀ ਮੀਟਿੰਗ ਲਈ ਅਗਲਾ ਵਿਸ਼ਲੇਸ਼ਣ ਤਿਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦਸਿਆ ਕਿ ਇਹ ਯੋਜਨਾ ਕਈ ਸਾਲ ਪਹਿਲਾਂ ਰੱਦ ਕੀਤੀ ਜਾ ਚੁਕੀ ਯੋਜਨਾ ਵਰਗੀ ਨਹੀਂ ਹੈ, ਜਿਸ ਤਹਿਤ ਹਰ ਘਰ ਵਿਚੋਂ ਕੂੜੇ ਵਾਲਾ ਥੈਲਾ ਲੈ ਕੇ ਉਸ ਉਪਰ ਟੈਗ ਲਾਇਆ ਜਾਂਦਾ ਸੀ। ਕੌਂਸਲ ਐਡ ਗਿਬਨਸ ਨੇ ਨਵੀਂ ਯੋਜਨਾ ਦੇ ਪ੍ਰਸਤਾਵ ਦਾ ਸਮਰਥਨ ਕਰਦਿਆਂ ਕਿਹਾ ਕਿ ਜੇ ਤੁਸੀ ਲੋਕਾਂ ਤੋਂ ਕੋਈ ਆਸ ਰਖਦੇ ਹੋ ਤਾਂ ਇਸ ਦੇ ਇਵਜ਼ ਵਿਚ ਉਨ੍ਹਾਂ ਨੂੰ ਵਿੱਤੀ ਲਾਭ ਦੇਣਾ ਹੋਵੇਗਾ। ਨਵੀਂ ਯੋਜਨਾ ਸਿਰਫ਼ ਇਕਹਿਰੇ ਪਰਵਾਰ ਵਾਲੇ ਘਰਾਂ 'ਤੇ ਲਾਗੂ ਹੋਵੇਗੀ, ਜਿਨ੍ਹਾਂ ਨੂੰ ਕੂੜਾ ਚੁਕਾਈ ਫ਼ੀਸ ਵਜੋਂ 31.34 ਡਾਲਰ ਹਰ ਮਹੀਨੇ ਦੇਣੇ ਪੈਂਦੇ ਹਨ। ਨੀਹਲ ਨੇ ਦਸਿਆ ਕਿ ਬਹੁਤੇ ਪਰਵਾਰਾਂ ਵਾਲੇ ਘਰ ਵਿਚ ਇਸ ਯੋਜਨਾ ਦਾ ਲਾਭ ਦੇਣਾ ਮੁਸ਼ਕਲ ਹੈ ਕਿਉਂਕਿ ਉਥੇ ਹਰ ਵਿਅਕਤੀ ਇਕੋ ਕੂੜੇਦਾਨ ਵਿਚ ਕੂੜਾ ਸੁੱਟਦਾ ਹੈ। ਜੇ ਕੌਂਸਲ ਇਸ ਯੋਜਨਾ ਨੂੰ ਪ੍ਰਵਾਨ ਕਰ ਲੈਂਦੀ ਹੈ ਤਾਂ 1 ਜਨਵਰੀ 2012 ਤੋਂ ਇਸ ਨੂੰ ਲਾਗੂ ਕਰ ਦਿਤਾ ਜਾਵੇਗਾ।

## ਬੱਸ ਹੇਠ ਆਉਣ ਕਾਰਨ ਔਰਤ ਦੀ ਮੌਤ




ਐਡਮਿੰਟਨ, (ਨਦਬ) : ਪੁਲਿਸ ਵਲੋਂ ਬੀਤੇ ਦਿਨੀ 97 ਸਟਰੀਟ ਦੇ ਲਾਂਘੇ 'ਤੇ ਹੋਏ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ, ਜਿਥੇ ਇਕ ਬੱਸ ਨੇ ਔਰਤ ਨੂੰ ਟੱਕਰ ਮਾਰ ਦਿਤੀ, ਜਿਸ ਦੀ ਬਾਅਦ ਵਿਚ ਮੌਤ ਹੋ ਗਈ। ਪੁਲਿਸ ਦੇ ਬੁਲਾਰੇ ਕਲੇਅਰ ਸੇਲਰ ਨੇ ਦਸਿਆ ਕਿ ਔਰਤ ਫੁੱਟਪਾਥ ਵੱਲ ਜਾ ਰਹੀ ਕਿ ਬੱਸ ਨੇ ਉਸ ਨੂੰ ਟੱਕਰ ਮਾਰ ਦਿਤੀ। ਜ਼ਖ਼ਮੀ ਹਾਲਤ ਵਿਚ ਉਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਹ ਦਮ ਤੋੜ ਗਈ। ਇਹ ਪਤਾ ਨਹੀਂ ਲੱਗ ਸਕਿਆ ਕਿ ਕੀ ਡਰਾਈਵਰ ਦੀਆਂ ਅੱਖਾਂ ਵਿਚ ਧੁੱਪ ਪੈਣ ਕਾਰਨ ਇਹ ਹਾਦਸਾ ਵਾਪਰਿਆ। ਸੇਲਰ ਨੇ ਦਸਿਆ ਕਿ ਮਾਮਲੇ ਦੀ ਬਰੀਕੀ ਕਾਰਨ ਜਾਂਚ ਕੀਤੀ ਜਾ ਰਹੀ ਹੈ। ਕਈ ਲੋਕਾਂ ਨੇ ਪਛਾਣ ਗੁਪਤ ਰੱਖੇ ਜਾਣ 'ਤੇ ਦਸਿਆ ਕਿ ਉਹ ਮਰਨ ਵਾਲੀ ਔਰਤ ਨੂੰ ਜਾਣਦੇ ਸਨ।

## 65 ਸਾਲ ਦੀ ਉਮਰ ਟੱਪ ਚੁਕੇ ਕੈਨੇਡਾ ਦੇ 30 ਫ਼ੀ ਸਦੀ ਡਾਕਟਰਾਂ ਨੂੰ ਕਰਨਾ ਪੈਂਦੈ ਪੂਰਾ ਸਮਾਂ ਕੰਮ

ਰੈਜੀਨਾ, (ਨਦਬ) : ਕੈਨੇਡਾ ਦੇ ਇਕ ਤਿਹਾਈ ਡਾਕਟਰ ਜੋ 65 ਸਾਲ ਦੀ ਉਮਰ ਪਾਰ ਕਰ ਚੁਕੇ ਹਨ, ਨੂੰ ਅਜੇ ਵੀ ਪੂਰਾ ਸਮਾਂ ਕੰਮ ਕਰਨਾ ਪੈ ਰਿਹਾ ਹੈ। ਕੈਨੇਡੀਅਨ ਇੰਸਟੀਚਿਊਟ ਫ਼ਾਰ ਹੈਲਥ ਇਨਫ਼ਰਮੇਸ਼ਨ (ਸੀ.ਆਈ.ਐਚ.ਆਈ.) ਵਲੋਂ ਜਾਰੀ ਕੀਤੇ ਸਰਵੇਖਣ ਮੁਤਾਬਕ 2009 ਵਿਚ ਕੈਨੇਡਾ ਵਿਚ 68,100 ਡਾਕਟਰ ਕੰਮ ਕਰ ਰਹੇ ਸਨ, ਜਿਨ੍ਹਾਂ ਵਿਚੋਂ 12 ਫ਼ੀ ਸਦੀ 65 ਸਾਲ ਤੋਂ ਵੱਧ ਉਮਰ ਦੇ ਸਨ। 2004 ਵਿਚ 65 ਸਾਲ ਤੋਂ ਵੱਧ ਉਮਰ ਦੇ ਡਾਕਟਰਾਂ ਦੀ ਗਿਣਤੀ 9 ਫ਼ੀ ਸਦੀ ਸੀ। ਸੀ.ਆਈ.ਐਚ.ਆਈ. ਦੇ ਪ੍ਰੋਗਰਾਮ ਹੈਡ ਵਾਲਟਰ ਫ਼ੀਨੇ ਨੇ ਦਸਿਆ, "ਹੋਰਨਾਂ ਪੇਸ਼ਿਆਂ ਦੇ ਮੁਕਾਬਲੇ ਡਾਕਟਰਾਂ ਨੂੰ ਆਪਣੀ ਉਮਰ ਦੇ ਅੰਤਲੇ ਪੜਾਅ ਵਿਚ ਵੀ ਪੂਰਾ ਸਮਾਂ ਕੰਮ ਕਰਨਾ ਪੈਂਦਾ ਹੈ। ਮਹਿਲਾ ਡਾਕਟਰ ਪੁਰਸ਼ ਡਾਕਟਰਾਂ ਦੇ ਮੁਕਾਬਲੇ ਛੇਤੀ ਜ਼ਿੰਮੇਵਾਰੀਆਂ ਤੋਂ ਵਿਹਲੀਆਂ ਹੋ ਜਾਂਦੀਆਂ ਹਨ।'' ਸਰਵੇਖਣ ਵਿਚ ਦਸਿਆ ਗਿਆ ਕਿ ਪਰਿਵਾਰਕ ਡਾਕਟਰ ਵਜੋਂ ਸੇਵਾਵਾਂ ਨਿਭਾਅ ਰਹੀਆਂ 35 ਫ਼ੀ ਸਦੀ ਔਰਤਾਂ ਦੀ ਉਮਰ 65 ਤੋਂ 69 ਸਾਲ ਦੇ ਦਰਮਿਆਨ ਹੈ ਜਦਕਿ 40 ਸਾਲ ਤੋਂ ਘੱਟ ਉਮਰ ਦੀਆਂ ਡਾਕਟਰਾਂ ਦੀ ਗਿਣਤੀ 59 ਫ਼ੀ ਸਦੀ ਦੇ ਲਗਭਗ ਹੈ। ਇਸੇ ਤਰ੍ਹਾਂ ਪਰਿਵਾਰਕ ਡਾਕਟਰ ਵਜੋਂ ਸੇਵਾਵਾਂ ਨਿਭਾਅ ਰਹੇ 56 ਫ਼ੀ ਸਦੀ ਪੁਰਸ਼ਾਂ ਦੀ ਉਮਰ 65 ਤੋਂ 69 ਸਾਲ ਦੇ ਦਰਮਿਆਨ ਹੈ। 2007 ਵਿਚ ਕੀਤੇ ਗਏ ਸਰਵੇਖਣ ਦੌਰਾਨ 3 ਫ਼ੀ ਸਦੀ ਡਾਕਟਰਾਂ ਨੇ ਕਿਹਾ ਸੀ ਕਿ ਉਹ ਅਗਲੇ ਦੋ ਸਾਲਾਂ ਵਿਚ ਸੇਵਾ ਮੁਕਤ ਹੋਣਾ ਚਾਹੁੰਦੇ ਹਨ ਪਰ ਤਾਜ਼ਾ ਸਰਵੇਖਣ ਵਿਚ ਪਾਇਆ ਗਿਆ ਕਿ ਸਿਰਫ਼ ਇਕ ਫ਼ੀ ਸਦੀ ਡਾਕਟਰ ਹੀ ਸਾਲਾਨਾ ਆਧਾਰ 'ਤੇ ਸੇਵਾ ਮੁਕਤ ਹੁੰਦੇ ਹਨ।

# ਪੋਤੀ ਨੂੰ ਬਚਾਉਣ ਲਈ ਦਾਦੀ ਨੇ ਆਪਣੀ ਜਾਨ ਕੁਰਬਾਨ ਕਰ ਦਿਤੀ




ਐਡਮਿੰਟਨ, (ਨਦਬ) : ਇਕ ਬਜ਼ੁਰਗ ਔਰਤ ਜੋ ਕਾਰ ਦੀ ਲਪੇਟ ਵਿਚ ਆਉਣ ਕਾਰਨ ਮਾਰੀ ਗਈ, ਨੇ ਆਪਣੀ ਪੋਤੀ ਨੂੰ ਬਚਾਉਣ ਲਈ ਆਪਣੀ ਜਾਨ ਗਵਾ ਦਿਤੀ। ਐਲਬਰਟਾ ਦੇ ਰੁਜ਼ਗਾਰ ਅਤੇ ਇਮੀਗ੍ਰੇਸ਼ਨ ਮੰਤਰੀ ਥਾਮਸ ਲੁਕਾ-ਸਜ਼ੁਕ ਨੇ ਦਸਿਆ ਕਿ ਉਹ ਆਪਣੀਆਂ ਬੇਟੀਆਂ ਨੂੰ ਸਕੂਲ ਅਤੇ ਕਰੈਚ ਵਿਚ ਛੱਡਣ ਲਈ ਜਾ ਰਹੇ ਸਨ ਕਿ 128 ਸਟਰੀਟ ਵਿਖੇ ਇਹ ਹਾਦਸਾ ਵਾਪਰ ਗਿਆ। ਉਨ੍ਹਾਂ ਦਸਿਆ ਬਜ਼ੁਰਗ ਔਰਤ ਨੇ ਆਪਣੀ ਪੋਤੀ ਨੂੰ ਬਚਾਉਣ ਲਈ ਧੱਕਾ ਮਾਰ ਕੇ ਪਾਸੇ ਕਰ ਦਿਤਾ ਅਤੇ ਖ਼ੁਦ ਵਾਹਨ ਨਾਲ ਟਕਰਾ ਗਈ। ਪੁਲਿਸ ਮੁਤਾਬਕ 66 ਸਾਲ ਦੀ ਔਰਤ ਆਪਣੀ 6 ਸਾਲ ਦੀ ਪੋਤੀ ਨੂੰ ਸਕੂਲ ਛੱਡਣ ਜਾ ਰਹੀ ਸੀ, ਜਿਸ ਦੌਰਾਨ ਹਾਦਸਾ ਵਾਪਰ ਗਿਆ। ਇਹ ਦੋਵੇਂ ਸੇਂਟ ਪਾਈਸ ਕੈਥੋਲਿਕ ਐਲੀਮੈਂਟਰੀ ਸਕੂਲ ਨੇੜੇ ਸੜਕ ਪਾਰ ਕਰ ਰਹੀਆਂ ਸਨ। ਦੋਹਾਂ ਨੂੰ ਜ਼ਖ਼ਮੀ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ, ਜਿਥੇ ਬਜ਼ੁਰਗ ਔਰਤ ਦੀ ਮੌਤ ਹੋ ਗਈ। ਪੁਲਿਸ ਦੀ ਤਰਜਮਾਨ ਲੀਜ਼ਾ ਸੋਬਚੀਸ਼ਨ ਨੇ ਦਸਿਆ ਕਿ ਕੁੜੀ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ।

ਲੁਕਾਸਜ਼ੁਕ ਨੇ ਕਿਹਾ ਕਿ ਹਾਦਸਾ ਵਾਪਰਨ ਤੋਂ ਤੁਰੰਤ ਬਾਅਦ ਮੈਂ ਆਪਣੀਆਂ ਬੇਟੀਆਂ ਨੂੰ ਵੇਖਿਆ ਕਿ ਉਹ ਠੀਕ ਠਾਕ ਹਨ ਅਤੇ ਫਿਰ ਉਸ ਬਜ਼ੁਰਗ ਔਰਤ ਨੂੰ ਸੰਭਾਲਣ ਵੱਲ ਜੁਟ ਗਿਆ। ਕੁੱਝ ਹੀ ਦੇਰ ਵਿਚ ਐਂਬੂਲੈਂਸ ਆ ਗਈ ਅਤੇ ਦੋਹਾਂ ਨੂੰ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਦਸਿਆ ਕਿ ਬਜ਼ੁਰਗ ਔਰਤ ਨੇ ਨਾਇਕਾਂ ਵਾਂਗ ਆਪਣੀ ਪੋਤੀ ਦੀ ਜਾਨ ਬਚਾਈ, ਭਾਵੇਂ ਇਹ ਇਕ ਦਰਦ-ਨਾਕ ਹਾਦਸਾ ਸੀ। ਪੁਲਿਸ ਮੁਤਾਬਕ ਡਰਾਈਵਰ ਦੀਆਂ ਅੱਖਾਂ ਵਿਚ ਧੁੱਪ ਪੈਣ ਕਾਰਨ ਇਹ ਹਾਦਸਾ ਵਾਪਰਿਆ ਕਿਉਂਕਿ ਬਜ਼ੁਰਗ ਔਰਤ ਅਤੇ ਉਸ ਦੀ ਪੋਤੀ ਸਹੀ ਤਰੀਕੇ ਨਾਲ ਸੜਕ ਪਾਰ ਕਰ ਰਹੇ ਸਨ।

# ਦੀਵਾਲੀਆ ਹੋਈ ਕੰਪਨੀ ਨੇ ਨਵੇਂ ਨਾਮ ਹੇਠ ਕਾਰੋਬਾਰ ਅਰੰਭਿਆ

ਐਡਮਿੰਟਨ, (ਨਦਬ) : ਪ੍ਰਾਈਵੇਟ ਸੇਫ਼ਟੀ ਕੋਡ ਦੀ ਪੜਤਾਲ ਕਰਨ ਵਾਲੀ ਕੰਪਨੀ ਜਿਸ ਦਾ ਨਾਮ ਬਹੁਕਰੋੜੀ ਪੈਨਹਾਰਵੁੱਡ ਕੌਂਡੋਮਿਨੀਅਮ ਮੁਕੱਦਮੇ ਵਿਚ ਆਇਆ ਸੀ, ਨੂੰ ਦੀਵਾਲੀਆ ਐਲਾਨ ਦਿਤਾ ਗਿਆ ਅਤੇ ਉਸ ਨੇ ਨਵੇਂ ਨਾਮ ਹੇਠ ਕੰਮ ਸ਼ੁਰੂ ਕਰ ਲਿਆ। ਐਲਬਰਟਾ ਪਰਮਿਟ ਪਰੋ ਅਤੇ 21 ਹੋਰ ਪ੍ਰਤੀਵਾਦੀ 2007 ਤੋਂ ਫ਼ੋਰਟ ਮੈਕਮੁਰੇ ਕੌਂਡੋ ਦੇ ਮਾਲਕਾਂ ਨਾਲ 4.1 ਮਿਲੀਅਨ ਡਾਲਰ ਦੇ ਮੁਕੱਦਮੇ ਵਿਚ ਫਸੇ ਹੋਏ ਸਨ ਪਰ ਛੇ ਹਫ਼ਤੇ ਪਹਿਲਾਂ ਇਹ ਮੁਕੱਦਮਾ ਉਸ ਸਮੇਂ ਸੁਰਖ਼ੀਆਂ ਵਿਚ ਆਇਆ ਜਦੋਂ 300 ਵਿਅਕਤੀਆਂ ਨੂੰ ਸੁਰੱਖਿਆ ਕਾਰਨਾਂ ਕਰ ਕੇ ਅੱਧੀ ਰਾਤ ਵੇਲੇ ਛੱਡ ਦਿਤਾ ਗਿਆ। ਲਿਬਰਲ ਪਾਰਟੀ ਦੇ ਵਿਧਾਇਕ ਹਿਊਜ਼ ਮੈਕਡੋਨਲਡ ਨੇ ਕਿਹਾ, "ਘਰ ਖ਼ਰੀਦਣ ਵਾਲਿਆਂ ਦਾ ਇਸ ਪ੍ਰਣਾਲੀ ਵਿਚ ਕੋਈ ਭਰੋਸਾ ਨਹੀਂ ਰਿਹਾ ਕਿਉਂਕਿ ਮੁਕੱਦਮੇ ਦਾ ਸਾਹਮਣਾ ਕਰ ਰਹੇ ਇਨ੍ਹਾਂ ਲੋਕਾਂ ਨੇ ਮੁੜ ਕਾਰੋਬਾਰ ਸ਼ੁਰੂ ਕਰ ਦਿਤਾ ਹੈ।'' ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਅਸਫ਼ਲਤਾ ਦੀ ਜ਼ਿੰਮੇਵਾਰੀ ਕਿਸੇ ਹੋਰ ਉਪਰ ਸੁੱਟਣ ਦੀ ਬਜਾਏ ਅਪਣੀ ਗਲਤੀ ਮੰਨਣੀ ਚਾਹੀਦੀ ਹੈ ਅਤੇ ਇਹ ਹੁਕਮ ਜਾਰੀ ਕਰਨੇ ਚਾਹੀਦੇ ਹਨ ਕਿ ਸੇਫਟੀ ਕੋਡ ਦੇ ਨਿਜੀਕਰਨ ਦੀ ਪ੍ਰਕਿਰਿਆ ਠੀਕ ਨਹੀਂ। ਦਸਣਯੋਗ ਹੈ ਕਿ ਮਿਊਂਸਪਲ ਕੌਂਸਲਾਂ ਵਲੋਂ ਸੇਫ਼ਟੀ ਕੋਡ ਏਜੰਸੀਆਂ ਪੜਤਾਲ ਕਰਦੀਆਂ ਹਨ ਜਿਨ੍ਹਾਂ ਨੂੰ ਸੇਫ਼ਟੀ ਕੋਡ ਕੌਂਸਲ ਤੋਂ ਮਾਨਤਾ ਮਿਲੀ ਹੋਣੀ ਜ਼ਰੂਰੀ ਹੈ।

## ਐਡਮਿੰਟਨ ਵਿੱਖੇ ਖਾਲਸੇ ਦੇ ਸਿਰਜਨਾ ਦਿਵਸ ਵਿਸਾਖੀ ਨੂੰ ਸਮਰਪਤ ਤੇਰ੍ਹਵਾਂ ਮਹਾਨ ਨਗਰ ਕੀਰਤਨ

### 22 ਮਈ, 2011 ਦਿਨ ਐਤਵਾਰ (ਵਿਕਟੋਰੀਆ ਲੌਂਗ ਵੀਕਇੰਡ) ਨੂੰ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

ਗੁਰੂ ਪਿਆਰੀ ਸਾਧ ਸੰਗਤ ਜੀਓ, ਪਿਛਲੇ ਸਾਲਾਂ ਦੀ ਤਰਾਂ ਐਡਮਿੰਟਨ ਦੀਆਂ ਸਮੂਹ ਸੰਗਤਾਂ ਵਲੋਂ ਖਾਲਸੇ ਦੇ ਸਿਰਜਨਾ ਦਿਵਸ ਨੂੰ ਸਮਰਪਤ ਵਿਸਾਖੀ ਨਗਰ ਕੀਰਤਨ ਦਾ ਪ੍ਰਬੰਧ 22 ਮਈ, 2011 ਦਿਨ ਐਤਵਾਰ (ਵਿਕਟੋਰੀਆ ਡੇ ਲੌਂਗ ਵੀਕਇੰਡ) ਨੂੰ ਕੀਤਾ ਗਿਆ ਹੈ।

ਪੰਜ ਪਿਆਰਿਆਂ ਅਤੇ ਧੰਨੁ ਧੰਨੁ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਨਗਰ ਕੀਰਤਨ ਠੀਕ 12:30 ਵਜੇ ਬਾਦ ਦੁਪਹਿਰ ਅਰਦਾਸ ਕਰਨ ਉਪਰੰਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਤੋਂ ਅਰੰਭ ਹੋਵੇਗਾ ਅਤੇ 2:30 ਵਜੇ ਗੁਰਦੁਆਰਾ ਮਿਲਵੁਡਜ਼ ਪੁਜੇਗਾ। ਇਥੇ ਪਹੁੰਚਣ ਤੇ ਇਕ ਘੰਟੇ ਲਈ ਸਟੇਜ ਸੱਜੇਗੀ ਜਿਸ ਵਿਚ ਕਵੀਸ਼ਰੀ, ਢਾਡੀ, ਰਾਗੀ ਜੱਥੇ ਅਤੇ ਹੋਰ ਬੁਲਾਰੇ ਗੁਰੂ ਜੱਸ, ਇਤਿਹਾਸ ਸਰਵਣ ਕਰਵਾਉਣਗੇ ਅਤੇ ਆਪਣੀਆਂ ਸ਼ੁਭ ਇਛਾਵਾਂ ਸੰਗਤਾਂ ਨਾਲ ਸਾਂਝੀਆਂ ਕਰਨਗੇ।

ਗੁਰਦੁਆਰਾ ਮਿਲਵੁਡਜ਼ ਤੋਂ ਨਗਰ ਕੀਰਤਨ 3:30 ਵਜੇ ਫਿਰ ਚਾਲੇ ਪਾਕੇ 5:00 ਵਜੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਾਪਸ ਪਹੁੰਚੇਗਾ। ਆਪ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਸ ਦਿਨ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ, ਦੋਸਤਾਂ ਮਿਤਰਾਂ ਨੂੰ ਨਾਲ ਲੈਕੇ ਨਗਰ ਕੀਰਤਨ ਵਿਚ ਸ਼ਾਮਲ ਹੋਕੇ ਨਗਰ ਕੀਰਤਨ ਦੀ ਰੌਣਕ ਨੂੰ ਵਧਾਓ ਅਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਆਪ ਸਭ ਸੰਗਤਾਂ ਨੂੰ ਇਹ ਬੇਨਤੀ ਵੀ ਹੈ ਕਿ ਉਸ ਦਿਨ ਵੀਰ ਆਪਣੇ ਸਿਰਾਂ ਤੇ ਕੇਸਰੀ ਰੰਗ ਦੀਆਂ ਦਸਤਾਰਾਂ ਅਤੇ ਬੀਬੀਆਂ ਆਪਣੇ ਸਿਰਾਂ ਤੇ ਕੇਸਰੀ ਰੰਗ ਦੇ ਦੁਪੱਟੇ ਸਜਾਕੇ ਨਗਰ ਕੀਰਤਨ ਵਿਚ ਸ਼ਾਮਲ ਹੋਣ।






ਗੁਰਦੁਆਰਾ ਮਿਲਵੁਡਜ਼ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

### ਧਿਆਨ ਰੱਖਣਯੋਗ - ਜਰੂਰੀ ਨੋਟ

- ਨਗਰ ਕੀਰਤਨ ਠੀਕ 12:30 ਵਜੇ ਅਰਦਾਸ ਕਰਨ ਬਾਦ ਦੁਪਹਿਰ ਚਾਲੇ ਪਾਵੇਗਾ।
- ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਿੱਛੇ ਪਿੱਛੇ ਚਲਣ, ਅੱਗੇ ਜਾਂ ਬਰਾਬਰ ਚਲਣ ਦੀ ਕੋਸ਼ਿਸ ਨਾ ਕਰਨਾ ਜੀ।
- ਨਗਰ ਕੀਰਤਨ ਦੇ ਰਸਤੇ ਜਾਂ ਜਿਥੇ ਕਾਰਾਂ ਪਾਰਕ ਕਰਨੀਆਂ ਮਨ੍ਹਾਂ ਹਨ, ਉਥੇ ਕਾਰਾਂ ਬਿਲਕੁਲ ਖੜ੍ਹੀਆਂ ਨਹੀਂ ਕਰਨੀਆਂ। ਨਹੀਂ ਤਾਂ ਕਾਰਾਂ ਉਥੋਂ ਟੋਅ ਕੀਤੀਆਂ ਜਾ ਸਕਦੀਆਂ ਹਨ। ਟਰੈਫਿਕ ਨਿਯਮਾਂ ਦੀ ਉਲੰਘਣਾਂ ਲਈ ਟਿਕਟ ਵੀ ਮਿਲ ਸਕਦੀ ਹੈ। ਪੁਲੀਸ ਵਲੋਂ ਇਸ ਬਾਰੇ ਸਖਤ ਹਦਾਇਤਾਂ ਹਨ।
- ਨਗਰ ਕੀਰਤਨ ਦੇ ਰਸਤੇ ਵਿਚ ਲੋਕਾਂ ਦੀਆਂ ਜਾਇਦਾਦਾਂ ਦਾ ਖਿਆਲ ਰੱਖਣਾ ਹੈ। ਘਾਹ ਵਗੈਰਾ ਉੱਪਰ ਬਿਲਕੁਲ ਨਹੀਂ ਚਲਣਾ ਜੀ। ਨਗਰ ਕੀਰਤਨ ਦੇ ਰਸਤੇ ਵਿਚ ਆਉਂਦੇ ਘਰਾਂ ਅਤੇ ਵਪਾਰਕ ਅਦਾਰਿਆਂ ਦੇ ਵਾਸ਼ਰੂਮ ਨਾ ਵਰਤੋਂ ਜੀ।
- ਆਪਦੀ ਸਹੂਲਤ ਲਈ ਨਗਰ ਕੀਰਤਨ ਵਾਲੇ ਦਿਨ ਦੋਨਾਂ ਗੁਰਦੁਆਰਿਆਂ ਦੀਆਂ ਪਾਰਕਿੰਗ ਲਾਟਾਂ ਵਿਚ ਅਤੇ **ਰਸਤੇ ਵਿਚ** ਟੀ ਡੀ ਬੇਕਰ ਅਤੇ ਪੋਲਰਡ ਮੈਡੋਜ਼ ਸਕੂਲਾਂ ਕੋਲ ਵਾਸ਼ਰੂਮ ਰੱਖੇ ਜਾ ਰਹੇ ਹਨ। ਲੋੜ ਪੈਣ ਤੇ ਇਨਾਂ ਵਾਸ਼ਰੂਮਾਂ ਦੀ ਵਰਤੋਂ ਕਰੋ ਜੀ।
- ਸਫਾਈ ਦਾ ਵੱਧ ਤੋਂ ਵੱਧ ਖਿਆਲ ਰੱਖਣਾ ਜੀ। ਨਗਰ ਕੀਰਤਨ ਦੇ ਰਸਤੇ ਅਤੇ ਗੁਰਦੁਆਰਿਆਂ ਵਿਚ ਹੇਠਾਂ ਪਿਆ ਗਾਰਬੇਜ ਚੁੱਕ ਕੇ ਬੈਗ ਵਿਚ ਪਾਕੇ ਨਿਯਤ ਕੀਤੇ ਡਬਿਆਂ ਵਿਚ ਸੁੱਟ ਕੇ ਪ੍ਰਬੰਧਕਾਂ ਦੀ ਮਦਦ ਕਰੋ ਜੀ।
- ਅਸੀਂ ਉਨਾਂ ਸਾਰੇ ਪਰਿਵਾਰਾਂ ਦੇ ਬਹੁਤ ਧੰਨਵਾਦੀ ਹਾਂ ਜੋ ਰਸਤੇ ਵਿਚ ਸਟਾਲ ਲਾਕੇ ਸੰਗਤਾਂ ਲਈ ਚਾਹ ਪਾਣੀ ਆਦਿ ਦੀ ਸੇਵਾ ਕਰਦੇ ਹਨ। ਉਨਾਂ ਅੱਗੇ ਬੇਨਤੀ ਹੈ ਕਿ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ।
- ਆਪਣੀ ਅਤੇ ਆਪਣੇ ਬਚਿਆਂ ਦੀ ਸੁੱਰਖਿਆ ਦਾ ਖਾਸ ਖਿਆਲ ਰੱਖਣਾ ਹੈ। ਆਪਣੇ ਬੱਚਿਆਂ ਦੇ ਖੁੱਦ ਜੁੰਮੇਵਾਰ ਹੋ ਅਤੇ ਉਨਾਂ ਨੂੰ ਸੰਭਾਲ ਕੇ ਰੱਖੋ ਜੀ। ਨਗਰ ਕੀਰਤਨ ਦੇ ਰਸਤੇ ਵਿਚ ਅਤੇ ਗੁਰਦੁਆਰਿਆਂ ਵਿਚ ਲਗੇ ਸਟਾਲਾਂ ਤੋਂ ਖਾਣਾ ਆਪਣੀ ਜੁੰਮੇਵਾਰੀ ਤੇ ਲੈਕੇ ਖਾਣਾ ਹੈ।
- ਨਗਰ ਕੀਰਤਨ ਦੌਰਾਨ ਬਿਨਾਂ ਇਜਾਜ਼ਤ ਵੰਡੇ ਜਾਣ ਵਾਲੇ ਇਸ਼ਤਿਹਾਰ ਜਾਂ ਪੱਤਰਾਂ ਦੀ ਵਿਸਾਖੀ ਨਗਰ ਕੀਰਤਨ ਕਮੇਟੀ ਦੀ ਕੋਈ ਜੁੰਮੇਵਾਰੀ ਨਹੀਂ ਹੈ।

ਸਮੂਹ ਸੰਗਤਾਂ ਅੱਗੇ ਬੇਨਤੀ ਹੈ ਕਿ ਨਗਰ ਕੀਰਤਨ ਲਈ ਹੋਣ ਵਾਲੀ ਸੇਵਾ ਵਿਚ ਵੱਧ ਤੋਂ ਵੱਧ ਹੱਥ ਵਟਾਓ। ਸੇਵਾ ਵਿਚ ਹਿੱਸਾ ਜਾਂ ਹੋਰ ਸੂਚਨਾ ਲੈਣ ਲਈ ਹੇਠ ਲਿਖੇ ਨੰਬਰਾਂ ਤੇ ਫੋਨ ਕਰਕੇ ਸੰਪਰਕ ਕਰੋ ਜੀ।

**ਗੁਰਦੁਆਰਾ ਮਿਲਵੁਡਜ਼ 780-450-3844**
ਸ: ਬਲਬੀਰ ਸਿੰਘ ਚਾਨਾ 780-951-9154
ਸ: ਕਰਨੈਲ ਸਿੰਘ ਭੰਮਰਾ 780-990-6166

**ਸ੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ 780-451-4519**
ਸ: ਪਾਲ ਸਿੰਘ ਪੁਰੇਵਾਲ 780-707-8403
ਸ: ਕਰਨੈਲ ਸਿੰਘ ਮਾਂਗਟ 780-721-4820

**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ 780-462-7454**
ਸ: ਗੁਰਚਰਨ ਸਿੰਘ ਸੰਘਾ 780-660-9961
ਸ: ਦਰਸ਼ਨ ਸਿੰਘ ਗਿੱਲ 780-993-1154

nagarkirtanedmonton@gmail.com

-: ਸੰਗਤਾਂ ਦੇ ਦਾਸ :-

ਵਿਸਾਖੀ ਨਗਰ ਕੀਰਤਨ ਕਮੇਟੀ, ਐਡਮਿੰਟਨ।


# ਜ਼ਿੰਦਗੀ ਬੜੀ ਬੇਵਫ਼ਾ ਹੈ ਇਸ ਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

**ਜ਼ਰਾ ਸੋਚੋ ! !**

- ✶ ਕੀ ਤੁਸੀਂ ਹਾਲ ਹੀ ਵਿਚ ਘਰ ਖਰੀਦਿਆ ਹੈ ? ✶ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✶ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਲੈਣੀ ਚਾਹੁੰਦੇ ਹੋ ?
- ✶ ਕੀ ਤੁਸੀਂ ਨਾਲ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ? ✶ ਕੀ ਤੁਸੀਂ ਘਰ ਦੇ ਮੁਖੀਆ ਹੋ ?
- ✶ ਕੀ ਤੁਹਾਡੇ ਬੱਚੇ ਛੋਟੇ ਹਨ ਅਤੇ ਉਨ੍ਹਾਂ ਦੀ ਪਰਵਰਿਸ਼ ਦਾ ਭਾਰ ਤੁਹਾਡੇ ਉੱਪਰ ਹੈ ?
- ✶ ਕੀ ਤੁਹਾਡੀ ਲਾਈਫ ਇੰਸ਼ੋਰੈਂਸ ਵੀ ਨਵੀਂ ਹੋਣ ਵਾਲੀ ਹੈ ?

| Age ਉਮਰ | Per Month Rate/ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.25 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਜੇਕਰ ਤੁਸੀਂ ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿਚ ਦਿੰਦੇ ਹੋ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਅੱਜ ਹੀ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਅਤੇ ਬਹੁਤ ਹੀ ਕਾਮਯਾਬ ਬਰੋਕਰ ਜੈਸੀ ਸਿੰਘ ਨਾਲ ਸੰਪਰਕ ਕਰਕੇ ਮੁਫ਼ਤ ਸਲਾਹ ਲਓ। ਉਹ ਤੁਹਾਨੂੰ ਸਭ ਤੋਂ ਵਧੀਆ ਰੇਟ ਅਤੇ ਕੰਪਨੀ ਲੱਭ ਕੇ ਦੇਣਗੇ।



Jessie Singh
(C.A.I.B.)

ਸਾਡੇ ਕੋਲ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਮਿਲ ਸਕਦੀ ਹੈ। ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿਚੋਂ ਕੋਈ ਬੀਮਾਰੀ ਹੋਵੇ ਤਾਂ ਅਖੀਰ ਵਿਚ ਤੁਹਾਡੇ ਪੈਸੇ ਵਾਪਿਸ ਦੇ ਦਿੱਤੇ ਜਾ ਸਕਦੇ ਹਨ।

**ਅਸੀਂ ਹਰ ਤਰ੍ਹਾਂ ਦੀ ਲਾਈਫ ਇੰਸ਼ੋਰੈਂਸ, ਘਰ, ਕਾਰ ਜਾਂ ਬਿਜਨਸ ਦੀ ਇੰਸ਼ੋਰੈਂਸ, ਟਰੈਵਲ ਇੰਸ਼ੋਰੈਂਸ, ਡਿਸੇਬਿਲਟੀ, ਮੌਰਗੇਜ਼ ਇੰਸ਼ੋਰੈਂਸ, ਕਰਿਟੀਕਲ ਇਲਨੈਸ ਇੰਸ਼ੋਰੈਂਸ ਕਰਦੇ ਹਾਂ। ਅੱਜ ਹੀ ਫੋਨ ਕਰਕੇ ਫਰੀ ਸਲਾਹ ਲੈਣ ਲਈ ਅਪਾਇੰਟਮੈਂਟ ਬੁੱਕ ਕਰੋ।**

Secure Your Future
JeevanBima Inc

**Jessie Off: (403) 717-0666**
**Jessie Singh (C.A.I.B.) Cell: (403) 830-7007**





# Progressive Peoples Foundation of Edmonton

And

# Punjab United Sports & Heritage Association of Edmonton

*Organize*

# 4th Shaheed Bhagat Singh Sports Tournament

And

# Soccer Camp

Dedicated to Shaheed Bhagat Singh and his co-patriots Raj Guru and Sukhdev

**To provide a platform for our youth to play Soccer with a mission to strengthen community participation and infuse leadership spirit among them**

## Saturday July 9, 2011 & Sunday July 10, 2011













**Registration Fee: $20 per Child, Security Deposit: $ 200 per Adult Team**

## Please register your kids & teams with the following Program Co-ordinators:

**Sonny Gill: 780-497-8801, Mohinder Banga: 780-913-1820, Harjinder Badesha: 780-265-1920**
**Kamaljit Sidhu: 780-499-9913, Iqbal Mahal: 780-995-7035, Kashmir Gill: 780-951-2772**
**Surinder Deol: 780-239-9038, Bakhsh Sangha: 780-461-7528, Raju Virk: 780-298-4499**

## For Further Information, please call:

**Dr. P. R. Kalia: 780-440-2766: Gurcharan Brar:780-265-3752**
**Navtej Bains:780-200-2872 Mohinder Banga: 780-913-1820**
**Sonny Gill: 780-497-8801 Joginder Randhawa:780-266-1757**
**Dalbir Sangione: 780-995-5475 Kirtmeet Kohar: 780-200-5328**
**Jagdev Sohi: 780-940-9941 Jasvir Deol: 780-906-4497**

# A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ





## A-WIN: MAKING LIFE EASY

### Who We Are

Western Canada's Biggest Brokers Team, designed to serve Canadians' with solutions for your personal and professional insurance needs.

### When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

### Quick Quotes When You Need Them





### What we Offer

- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਇੰਸ਼ੋਰੈਂਸ
- ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

**Discounts up to 60%**

**Payment Options available**

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

We Provide Service In English, Punjabi, Gujrati, Hindi & Urdu

**Edmonton: 780-465-6900**

ਜਸਵੀਰ ਦਿਉਲ, ਨਵਤੇਜ ਬੈਂਸ, ਲੌਰੀ ਮੋਰੈਨੋ, ਸ਼ਾਲੂ ਬਦੇਸ਼ਾ, ਕਿਰਤਮੀਤ ਸਿੰਘ, ਦੀਪਕ ਸ਼ਾਹ

**Calgary: 403-775-2100**

ਜੈਸੀ ਸਿੰਘ, ਰੂਪੀ ਚੇਰਾ, ਹਰਦੀਪ ਗਿੱਲ, ਤਰਨਪ੍ਰੀਤ ਮੈਹਦਵਾਨ

**ADVANCED Roofing Systems Ltd.**

- Residential/Commercial Insurance Claims
- Asphalt & Specialty Shingles
- Siding, Soffits,Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates

RESIDENTIAL COMMERCIAL

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365




**HARRY'S EXCAVATING**
Ph 780-918-2252

Specialist in : Digging Basements & All Kind of Services

ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ



**C.J. Auto**
& Transmission Repair Ltd.
& Body Shop

Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



**KOPY CENTRE & PRINTING**
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

**Gurkeerat Holding Ltd.**

- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸੱਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

Ph. 780-996-2873



**ADVANCE DRIVING SCHOOL & LIMOS**

> Lady Instuctor Available
> Defensive Training Classes to Restore Demerits
> Free Pick up & Drop

> Airport Service Flat Rate
> Wedding Ceremony
> Any Other Function

780-660-4090
# 202-3456 91 St. Edmonton, AB



ਕੀ ਤੁਸੀਂ ਕਨੇਡਾ ਵਿੱਚ ਨਵੇਂ ਆਏ ਹੋ?
ਕੀ ਤੁਸੀਂ ਘਰ ਖਰੀਦਣ ਬਾਰੇ ਸੋਚ ਰਹੇ ਹੋ?
ਕੀ ਤੁਹਾਡੇ ਘਰ ਦੀ Mortgage Renew ਹੋਣ ਵਾਲੀ ਹੈ?
ਕੀ ਤੁਹਾਡੇ Credit Cards ਭਰੇ ਹੋਏ ਹਨ?
ਕੀ ਤੁਸੀਂ ਬੈਕਾਂ ਨਾਲੋਂ ਸਸਤੀ Mortgage ਲੈਣੀ ਚਾਹੁੰਦੇ ਹੋ?
ਕੀ ਤੁਸੀਂ ਘਰ ਉਪਰ Line of Credit ਲੈਣੀ ਚਾਹੁੰਦੇ ਹੋ?

MORTGAGE ALLIANCE
Walk In Centre

ਅਸੀਂ ਤੁਹਾਨੂੰ ਤੁਹਾਡੀ ਜ਼ਰੂਰਤ ਮੁਤਾਬਿਕ Mortgage ਲੈ ਕੇ ਦੇਣ ਦਾ ਵਾਅਦਾ ਕਰਦੇ ਹਾਂ।

ਜੇਕਰ ਉਪਰ ਦਿੱਤੇ ਸਵਾਲ਼ਾਂ ਵਿੱਚੋਂ ਕਿਸੇ ਇੱਕ ਦਾ ਜਵਾਬ ਵੀ ਹਾਂ ਵਿੱਚ ਹੈ ਤਾਂ ਫਿਰ ਦੇਰ ਨਾ ਕਰੋ
ਹੁਣੇ ਹੀ ਆਪਣੀ ਕਮਿਊਨਿਟੀ ਦੇ ਜਾਣੇ-ਪਛਾਣੇ,ਤਜਰਬੇਕਾਰ ਅਤੇ ਭਰੋਸੇਯੋਗ ਜੈਸੀ ਸਿੰਘ ਨੂੰ ਫੋਨ ਕਰੋ



Jessie Singh CAIB
403-830-7007

# ਪੰਜਾਬ

# ਅੱਜ-ਕੱਲ੍ਹ

ਪੰਜਾਬ ਪਾਲ

## ਕਹਿਣੀ ਤੇ ਕਰਨੀ



ਧਿਆਨ ਖਿੱਚਣ ਵਾਲਾ ਇਹ ਬਿਆਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਤਰਫ਼ੋਂ ਆਇਆ। ਆਇਆ ਵੀ ਉਦੋਂ ਜਦੋਂ ਭਾਰਤ ਦੇ ਇਲੈਕਟ੍ਰੌਨਿਕ ਮੀਡੀਆ ਨੇ ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਨੂੰ ਪੂਰੀ ਤਰ੍ਹਾਂ ਭਖਾਇਆ ਹੋਇਆ ਸੀ। ਇਸ ਮੁਹਿੰਮ 'ਚ ਕੁੱਦਣ ਲਈ ਉਹ ਸਭ ਲੋਕ ਕਾਹਲੇ ਤੇ ਬੇਸਬਰੇ ਸਨ, ਜਿਨ੍ਹਾਂ ਨੂੰ ਕਿਸੇ ਨਾ ਕਿਸੇ ਪੱਜ ਮੀਡੀਆ ਵਿਚ ਬਣੇ ਰਹਿਣ ਦੇ ਫ਼ਾਇਦਿਆਂ ਦਾ ਇਲਮ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਭ੍ਰਿਸ਼ਟਾਚਾਰ ਬਾਰੇ ਛਿੜੀ ਚਰਚਾ ਦੀ ਵਹਿ ਰਹੀ ਗੰਗਾ 'ਚ ਹੱਥ ਧੋਤੇ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰੀਆਂ ਨੂੰ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਹੈ। ਉਹ ਸਭ ਲੋਕ, ਜਿਹੜੇ ਪ੍ਰਕਾਸ਼ ਸਿੰਘ ਬਾਦਲ ਦੇ ਸਮੁੱਚੇ ਸਿਆਸੀ ਕੈਰੀਅਰ ਦੀ ਨੇੜਲੀ ਜਾਣਕਾਰੀ ਰੱਖਦੇ ਹਨ, ਮੁੱਖ ਮੰਤਰੀ ਦਾ ਇਹ ਬਿਆਨ ਪੜ੍ਹ ਕੇ ਜ਼ਰੂਰ ਸੋਚੀਂ ਪਏ ਹੋਣਗੇ। ਅਜਿਹਾ ਸੁਭਾਵਿਕ ਵੀ ਹੈ ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਦਾ ਸਿਆਸੀ ਕੈਰੀਅਰ ਅਤੇ ਉਨ੍ਹਾਂ ਉਪਰ ਲਗਦੇ ਭ੍ਰਿਸ਼ਟਾਚਾਰ ਦੇ ਦੋਸ਼ ਸਦਾ ਇਕੱਠੇ ਹੀ ਅਗਾਂਹ ਵਧਦੇ ਰਹੇ ਹਨ। ਸਭ ਤੋਂ ਪਹਿਲਾਂ ਛੰਗਾਣੀ ਕਮਿਸ਼ਨ ਨੇ ਉਨ੍ਹਾਂ ਦੇ ਭ੍ਰਿਸ਼ਟਾਚਾਰ ਦੀ ਨਿਸ਼ਾਨਦੇਹੀ ਕੀਤੀ ਸੀ, ਜਿਸ ਵਿਚ ਪ੍ਰਕਾਸ਼ ਸਿੰਘ ਬਾਦਲ ਦੀਆਂ ਬੇਨਾਮੀਆਂ ਜ਼ਮੀਨਾਂ ਦੀ ਗੱਲ ਕਹੀ ਸੀ। ਫਿਰ ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪ੍ਰਕਾਸ਼ ਸਿੰਘ ਬਾਦਲ ਦੇ ਭ੍ਰਿਸ਼ਟਾਚਾਰ ਨੂੰ ਜ਼ਰਾ ਕਰੜੇ ਹੱਥੀਂ ਲੈਣ ਦੀ ਕੋਸ਼ਿਸ਼ ਕੀਤੀ ਤਾਂ ਉਹ ਸਭ ਜਾਇਦਾਦਾਂ ਨੂੰ ਚੈਨਲਾਂ ਰਾਹੀਂ ਦਰਸ਼ਕਾਂ ਦੇ ਰੂਬਰੂ ਕੀਤਾ ਗਿਆ ਜੋ ਕਿਹਾ ਜਾਂਦਾ ਹੈ ਕਿ ਉਨ੍ਹਾਂ ਆਮਦਨ ਤੋਂ ਵੱਧ ਵਸੀਲਿਆਂ ਭਾਵ ਭ੍ਰਿਸ਼ਟਾਚਾਰ ਰਾਹੀਂ ਬਣਾਈਆਂ। ਲੋਕਾਂ ਨੂੰ ਬਾਦਲ ਦੇ ਬਹੁ-ਚਰਚਿਤ ਬਾਲਾਸਾਰ ਫਾਰਮ ਦੇ ਨਜ਼ਾਰੇ ਵੀ ਦਿਖਾਏ ਗਏ। ਹੁਣ ਵੀ ਬਾਦਲ ਦੇ ਕਾਰੋਬਾਰਾਂ ਦੀ ਚੜ੍ਹਤ ਡੁੱਬਦੇ ਜਾ ਰਹੇ ਕਰਜ਼ਾਈ ਪੰਜਾਬ ਦੇ ਬੱਚੇ ਬੱਚੇ ਦੀ ਜ਼ੁਬਾਨ ਉਪਰ ਹੈ। ਟਰਾਂਸਪੋਰਟ, ਕੇਬਲ ਟੀ.ਵੀ., ਬਹੁਕਰੋੜੀ ਹੋਟਲ, ਰਿਸ਼ਤੇਦਾਰਾਂ ਦੀਆਂ ਰੇਤੇ ਦੇ ਖੱਡਾਂ ਦੀਆਂ ਇਜਾਰੇਦਾਰੀਆਂ, ਭ੍ਰਿਸ਼ਟਾਚਾਰ ਦੇ ਸਿਲਸਿਲੇ 'ਚ ਪ੍ਰਕਾਸ਼ ਸਿੰਘ ਬਾਦਲ ਨਾਲ ਸਬੰਧਿਤ ਕਰ ਕੇ ਦੇਖੀਆਂ ਜਾ ਰਹੀਆਂ ਹਨ। ਇਕੱਲੇ ਬਾਦਲ ਹੀ ਕਿਉਂ ਬਹੁਤ ਸਾਰੇ ਅਜਿਹੇ ਹੋਰ ਵੀ ਸਿਆਸਤਦਾਨ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੀਆਂ ਸਫ਼ਾਂ 'ਚ ਦਿਖਾਈ ਦੇ ਰਹੇ ਹਨ, ਜਿਹੜੇ ਸੱਚਮੁੱਚ ਨਾਲੇ ਚੋਰ ਨਾਲੇ ਚਤੁਰ ਹੋਣ ਦੀ ਭੂਮਿਕਾ ਬਾਖ਼ੂਬੀ ਨਿਭਾਅ ਰਹੇ ਹਨ।

## ਪਾਸ਼ ਦਾ ਨਾਮ ਬਦਨਾਮ ਨਾ ਕਰੋ

ਪਾਸ਼ ਜੁਝਾਰ ਵਿਦਰੋਹੀ ਕਾਵਿਧਾਰਾ ਦਾ ਇੱਕ ਪ੍ਰਮੁੱਖ ਨਾਮ ਹੈ। ਪਾਸ਼ ਦਾ ਨਾਮ ਪੜ੍ਹਦਿਆਂ ਸੁਣਦਿਆਂ ਹੀ ਸਾਹਿਤਕ ਜਗਤ ਨਾਲ ਜੁੜੇ ਹਰ ਪੰਜਾਬੀ ਦੇ ਮਨ ਵਿੱਚ ਖਾਸ ਤਰ੍ਹਾਂ ਦੀਆਂ ਭਾਵਨਾਵਾਂ ਦਾ ਹੜ੍ਹ ਉਮੜ ਆਉਂਦਾ ਹੈ। ਉਸ ਦਾ ਜੀਵਨ ਗਲੇ-ਸੜੇ ਨਿਜ਼ਾਮ ਵਿਰੁਧ ਸੰਘਰਸ਼ ਨੂੰ ਸਮਰਪਿਤ ਰਿਹਾ। ਉਹ ਸਮਾਜਿਕ ਨਿਆਂ ਅਤੇ ਮਾਨਵੀ ਗੌਰਵ ਤੋਂ ਵੰਚਿਤ ਕੀਤੇ ਗਏ ਲੋਕਾਂ ਦੀ ਅੰਤਰੀਵ ਪੀੜਾ ਦੀ ਰੋਹ ਭਰੀ ਆਵਾਜ਼ ਹੈ। ਉਹ ਜਿਸ ਅੰਦੋਲਨ ਦਾ ਹਿੱਸਾ ਰਿਹਾ, ਉਸ ਅੰਦੋਲਨ ਨੂੰ ਹਾਕਮਾਂ ਨੇ ਬੜੀ ਨਿਰਦੈਤਾ ਨਾਲ ਕੁਚਲ ਦਿਤਾ। ਇਸ ਵਿਚ ਭਾਗ ਲੈਣ ਵਾਲੇ ਨੌਜਵਾਨਾਂ ਨੂੰ ਜੇਲ੍ਹੀ ਡੱਕਿਆ ਗਿਆ, ਉਨ੍ਹਾਂ ਉਪਰ ਅਣਮਨੁੱਖੀ ਤਸ਼ੱਦਦ ਢਾਇਆ ਗਿਆ ਤੇ ਕਈਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਦਿੱਤਾ ਗਿਆ। ਤਤਕਾਲੀ ਸਰਕਾਰੀ ਜ਼ਬਰ ਦੀ ਹਨੇਰੀ ਵਿੱਚ ਵੀ ਉਸ ਦੀਆਂ ਲਿਖਤਾਂ ਦੇ ਵਰਕੇ ਬਚੇ ਰਹੇ ਤੇ ਪੰਜਾਬੀ ਕਵਿਤਾ ਵਿੱਚ ਇਨ੍ਹਾਂ ਵਰਕਿਆਂ ਨੂੰ ਸਾਹਿਤ ਇਤਿਹਾਸ ਦੇ ਸੁਨਹਿਰੀ ਵਰਕਿਆਂ ਵਜੋਂ ਵਿਆਪਕ ਮਾਨਤਾ ਹਾਸਲ ਹੋਈ। ਜਦੋਂ ਪੰਜਾਬ ਵਿਚ ਦਹਿਸ਼ਤ ਦੀ ਕਾਲੀ ਹਨੇਰੀ ਝੁੱਲੀ ਤਾਂ ਇੱਕ ਵਾਰ ਫਿਰ ਪਾਸ਼ ਲਈ ਪ੍ਰੀਖਿਆ ਦੀ ਘੜੀ ਆ ਗਈ। ਆਏ ਦਿਨ ਹੁੰਦੀਆਂ ਨਿਰਦੋਸ਼ਾਂ ਦੀਆਂ ਹੱਤਿਆਵਾਂ ਨੇ ਫਿਰ ਉਸ ਦੇ ਸੰਵੇਦਨਸ਼ੀਲ ਮਨ ਨੂੰ ਝੰਜੋੜਿਆ। ਉਸ ਨੇ ਅੱਤਵਾਦ ਦੇ ਵਿਰੋਧ ਵਿੱਚ ਇਕ ਮੈਗਜ਼ੀਨ 'ਐਂਟੀ ਫੌਰਟੀ ਸੈਵਨ' ਕੱਢਿਆ। ਅੱਤਵਾਦ ਦੇ ਖਿਲਾਫ ਕਵਿਤਾਵਾਂ ਲਿਖੀਆਂ ਤੇ ਆਖਰ ਉਸ ਦੀ ਸੋਚ ਤੋਂ ਖੌਫ ਖਾਂਦਿਆਂ ਉਸ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿਤਾ ਗਿਆ। ਇਉਂ ਪਾਸ਼ ਸੱਚਮੁਚ ਹੀ ਕੁੱਝ ਖਾਸ ਕਿਸਮ ਦੀਆਂ ਭਾਵਨਾਵਾਂ ਲਈ ਰਾਖਵਾਂ ਨਾਂ ਹੈ।



ਭਲਾ ਜੇ ਇਹੋ ਨਾਂ ਉਸ ਹਾਕਮ ਲਈ ਵੀ ਵਰਤਿਆ ਜਾਵੇ ਜਿਸ ਨੇ ਪਾਸ਼ ਦੇ ਅੰਦੋਲਨ ਉਪਰ ਅੰਨ੍ਹਾ ਜ਼ੁਲਮ ਢਾਹਿਆ ਤਾਂ ਪਾਸ ਨੂੰ ਪਿਆਰ ਕਰਨ ਵਾਲਿਆਂ ਦੇ ਮਨ ਉਪਰ ਕੀ ਬੀਤਦੀ ਹੋਵੇਗੀ। ਅਖ਼ਬਾਰਾਂ ਦੇ ਪੱਤਰਕਾਰ ਜਦੋਂ ਲੰਬੀ ਹਲਕੇ ਤੋਂ ਅਗਲੀ ਵਿਧਾਨ ਸਭਾ ਲਈ ਸੰਭਾਵੀ ਉਮੀਦਵਾਰਾਂ ਦਾ ਜ਼ਿਕਰ ਕਰਦਿਆਂ ਸੁਰਖੀ ਬਣਾਉਂਦੇ ਹਨ; " ਪਾਸ਼ ਦਾ ਮੁਕਾਬਲਾ ਦਾਸ ਹੀ ਕਰ ਸਕਦਾ ਹੈ'' ਤਾਂ ਪਾਸ਼ ਦੀ ਲਹਿਰ ਉਪਰ ਅਤਿਆਚਾਰ ਢਾਹੁਣ ਵਾਲੇ ਸ਼ਖ਼ਸ ਲਈ ਉਸ ਦਾ ਨਾਂ (ਪਾਸ਼) ਨੂੰ ਬਦਨਾਮ ਕਰਨ ਵਰਗਾ ਲਗਦਾ ਹੈ।

## ਪੰਜਾਬ ਕਿ ਕਤਲਗਾਹ?

ਪੰਜਾਬ ਵਿਚ ਕਤਲ ਦਰ ਵਾਧਾ ਕਾਫ਼ੀ ਚਿੰਤਾਜਨਕ ਹੈ। ਅਖ਼ਬਾਰਾਂ ਦੀਆਂ ਰੀਪੋਰਟਾਂ ਇਸ ਸਬੰਧ ਵਿਚ ਸਨਸਨੀਖੇਜ਼ ਖੁਲਾਸੇ ਕਰ ਰਹੀਆਂ ਹਨ। ਇਨ੍ਹਾਂ ਰੀਪੋਰਟਾਂ ਅਨੁਸਾਰ ਪੰਜਾਬ ਵਿੱਚ ਹਰ ਦੋ ਦਿਨਾਂ ਵਿੱਚ ਪੰਜ ਵਿਅਕਤੀ ਕਤਲ ਹੋ ਰਹੇ ਹਨ ਅਤੇ ਪੰਜਾਂ 'ਤੇ ਕਾਤਲਾਨਾ ਹਮਲੇ ਕੀਤੇ ਜਾਂਦੇ ਹਨ। ਇਹ ਤੱਥ ਹੋਰ ਵੀ ਚਿੰਤਾਜਨਕ ਹੈ ਕਿ ਇਨ੍ਹਾਂ ਘਟਨਾਵਾਂ ਦੇ ਦੋਸ਼ੀਆਂ ਵਿਚੋਂ 50 ਫੀਸਦੀ ਅਦਾਲਤਾਂ ਵਿਚੋਂ ਬਰੀ ਹੋ ਜਾਂਦੇ ਹਨ। ਬੀਤੇ ਵਰ੍ਹੇ ਰਾਜ ਵਿਚ 907 ਕਤਲ ਹੋਏ। ਇਨ੍ਹਾਂ ਵਿਚ ਨਾਮਜ਼ਦ ਦੋਸ਼ੀਆਂ ਵਿਚੋਂ ਕੇਵਲ 52.28 ਫੀਸਦੀ ਨੂੰ ਹੀ ਸਜ਼ਾ ਹੋ ਸਕੀ। ਕਤਲ ਕੇਸਾਂ ਵਿਚ ਦੋਸ਼ੀਆਂ ਦਾ ਸਜ਼ਾ ਤੋਂ ਬਚ ਜਾਣਾ ਜਾਂ ਫਿਰ ਬਰੀ ਹੋ ਜਾਣਾ ਮੋੜਵੇਂ ਰੂਪ ਵਿਚ ਕਾਤਲਾਂ ਦਾ ਹੌਂਸਲਾ ਬੁਲੰਦ ਕਰਦਾ ਹੈ ਤੇ ਕਲਤ ਦਰ ਵਿਚ ਵਾਧੇ ਦਾ ਕਾਰਨ ਵੀ ਬਣਦਾ ਹੈ। ਕਾਤਲਾਨਾ ਵਾਰਦਾਤਾਂ ਦੇ ਸਮਾਚਾਰ ਆਏ ਦਿਨ ਅਖਬਾਰਾਂ ਵਿਚ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ। ਇਨ੍ਹਾਂ ਕਤਲਾਂ ਵਿਚ ਆਮ ਲੋਕਾਂ ਤੋਂ ਇਲਾਵਾ ਉਚ ਵਰਗ ਦੇ ਲੋਕਾਂ ਦੇ ਕਤਲ ਵੀ ਸ਼ਾਮਲ ਹਨ। ਪਿੱਛੇ ਜਿਹੇ ਇਕ



ਨਾਮਧਾਰੀ ਆਗੂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ, ਝਗੜਾ ਨਾਮਧਾਰੀ ਸੰਪ੍ਰਾਦਇ ਦੀ ਗੱਦੀਨਸ਼ੀਨੀ ਦਾ ਦੱਸਿਆ ਜਾ ਰਿਹਾ ਹੈ। 21 ਅਪ੍ਰੈਲ ਨੂੰ ਜਲੰਧਰ ਦੇ ਇਕ ਹੋਟਲ ਮਾਲਕ ਦੇ ਪੁੱਤਰ ਨੂੰ ਗੋਲੀਆਂ ਮਾਰ ਕੇ ਖਤਮ ਕਰ ਦਿੱਤਾ ਗਿਆ। ਕਾਤਲ ਤੇ ਮਕਤੂਲ ਦੋਵੇਂ ਰਾਜਸੀ ਪਰਿਵਾਰਾਂ ਨਾਲ ਸਬੰਧਤ ਹਨ, ਕਤਲ ਕੀਤਾ ਗਿਆ ਨੌਜਵਾਨ ਕਾਂਗਰਸੀ ਪਰਿਵਾਰ ਦਾ ਪਿਛੋਕੜ ਰਖਦਾ ਹੈ ਜਦਕਿ ਕਤਲ ਕਰਨ ਵਾਲਾ ਅਕਾਲੀ ਵਿਧਾਇਕ (ਜੋ ਪਹਿਲਾਂ ਵੀ ਆਪਣੀ ਧੱਕੜਸ਼ਾਹੀ ਕਾਰਨ ਵਿਵਾਦਾਂ ਵਿਚ ਘਿਰਿਆ ਰਿਹਾ ਹੈ) ਸਰਬਜੀਤ ਸਿੰਘ ਮੱਕੜ ਦਾ ਭਤੀਜਾ ਹੈ। ਰੰਜਿਸ਼ ਦੀ ਵਜ੍ਹਾ ਹੋਟਲ 'ਤੇ ਪਏ ਛਾਪੇ ਨੂੰ ਲੈ ਕੇ ਦੱਸੀ ਜਾਂਦੀ ਹੈ। ਖੈਰ, ਕੁੱਝ ਵੀ ਹੋਵੇ ਇਕ ਗੱਲ ਤਾਂ ਚਿੱਟੇ ਦਿਨ ਵਾਂਗ ਸਾਫ ਹੈ ਕਿ ਲੋਕਾਂ ਵਿਚਕਾਰ ਸਹਿਨਸ਼ੀਲਤਾ ਦੀ ਭਾਵਨਾ ਦਾ ਲਗਭਗ ਖਾਤਮਾ ਹੀ ਹੋ ਗਿਆ ਹੈ। ਲੋਕਾਂ ਦੇ ਸੁਭਾਅ ਵਿੱਚ ਤਲਖ਼ੀ ਹਿੰਸਕ ਲੀਹਾਂ 'ਤੇ ਵੱਧ ਰਹੀ ਹੈ। ਇਹ ਤਲਖੀ ਸੁਭਾਵਿਕ ਤਾਂ ਜ਼ਰੂਰ ਹੈ ਕਿਉਂਕਿ ਵਰਤਮਾਨ ਜੀਵਨ ਸ਼ੈਲੀ ਹੀ ਕੁੱਝ ਇਸ ਤਰ੍ਹਾਂ ਦੀ ਹੈ, ਪ੍ਰੰਤੂ ਇਹ ਠੀਕ ਢੰਗ ਨਾਲ ਪ੍ਰਵਾਹਿਤ ਨਹੀਂ ਹੋ ਰਹੀ, ਜਿਸ ਕਰ ਕੇ ਕਤਲਾਂ ਦੀਆਂ ਤ੍ਰਾਸਦਕ ਘਟਨਾਵਾਂ ਵਾਪਰ ਰਹੀਆਂ ਹਨ। ਸਮਾਜ ਨੂੰ ਯੋਗ ਅਗਵਾਈ ਦੀ ਲੋੜ ਹੈ ਤੇ ਕਤਲਾਂ ਦੇ ਮੱਦੇਨਜ਼ਰ ਜਿਹੜੀ ਅਗਵਾਈ ਸਮਾਜ ਨੂੰ ਇਸ ਸਮੇਂ ਮਿਲ ਰਹੀ ਹੈ, ਉਸ ਨੂੰ ਅਗਵਾਈ ਕਹਿਣਾ ਵੀ ਯੋਗ ਨਹੀਂ ਜਾਪਦਾ।

## ਆਖਰ ਲੁਧਿਆਣੇ ਦੇ ਬੁੱਢੇ ਨਾਲੇ ਦੀ ਵੀ ਸੁਣੀ ਗਈ

ਕਹਿੰਦੇ ਹਨ ਕਿ ਬਾਰ੍ਹਾਂ ਵਰ੍ਹਿਆਂ ਬਾਅਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ ਪਰ ਬੁੱਢਾ ਨਾਲ ਤਾਂ ਬੁੱਢਾ ਹੁੰਦਾ ਹੁੰਦਾ ਹੁਣ ਗੰਦਾ ਨਾਲਾ ਅਖਵਾਉਣ ਲੱਗ ਪਿਆ ਤਾਂ ਕਿਤੇ ਜਾ ਕੇ ਦਹਾਕਿਆਂ ਬਾਅਦ ਇਸ ਦੀ ਸੁਣਵਾਈ ਹੋਈ। ਚੱਲੋ, ਆਪਾਂ ਦੇਰ ਆਏ ਦਰੁੱਸਤ ਆਏ ਆਖ ਕੇ ਆਪਣੇ ਮਨ ਨੂੰ ਤਸੱਲੀ ਦੇ ਦਿੰਦੇ ਹਾਂ। ਸ਼ਾਇਦ ਬੁੱਢੇ ਨਾਲੇ 'ਚ ਰੂੜੀਆਂ ਦੀ ਸੰਖਿਆਂ ਹੀ ਸਾਰੇ ਹੱਦ ਬੰਨ੍ਹੇ ਟੱਪ ਗਈ ਸੀ। ਇਸ ਨਾਲੇ ਦੀ ਅਤਿਅੰਤ ਪ੍ਰਦੂਸ਼ਿਤ ਜਲਧਾਰਾ ਸਤਲੁਜ ਨਦੀ 'ਚ ਰਲਕੇ ਬਹੁਤ ਦੂਰ ਤਕ ਮਾਰ ਕਰ ਰਹੀ ਹੈ। ਇਸ ਦੇ ਜ਼ਹਿਰਾਂ ਨਾਲ ਨਾ ਕੇਵਲ ਪਾਣੀ ਵਿੱਚ ਵਧਣ ਫੁੱਲਣ ਵਾਲਾ ਜੀਵ ਜੰਤ ਹੀ ਖਤਮ ਹੋ ਰਿਹਾ ਸੀ ਸਗੋਂ ਧਰਤੀ ਹੇਠਲਾ ਪਾਣੀ ਪ੍ਰਦੂਸ਼ਿਤ ਹੋਣ ਨਾਲ ਮਨੁੱਖੀ ਸਿਹਤ ਉਪਰ ਵੀ ਇਸ ਦਾ ਘਾਤਕ ਪ੍ਰਭਾਵ ਪੈ ਰਿਹਾ ਸੀ। ਮਾਲਵੇ 'ਚ ਫੈਲੀ ਕੈਂਸਰ ਦੀ ਬੀਮਾਰੀ ਦਾ ਇਕ ਕਾਰਨ ਬੁੱਢੇ ਨਾਲ ਦੇ ਪ੍ਰਦੂਸ਼ਿਤ ਪਾਣੀ ਨੂੰ ਜੈਵਿਕ ਵਿਧੀ ਰਾਹੀਂ ਖ਼ਤਮ ਕੀਤਾ ਜਾਵੇਗਾ। ਇਹ ਕਾਰਜ 'ਕਮਰਸ਼ੀਅਲ ਬਾਇਓ ਰੇਮੇਡੀਏਸ਼ਨ' ਪ੍ਰੋਜੈਕਟ ਅਧੀਨ ਇੱਕ ਸਾਲ ਵਿੱਚ ਮੁਕੰਮਲ ਕਰਨ ਦਾ ਟੀਚਾ ਮਿਥਿਆ ਗਿਆ ਹੈ। ਇਸ ਪ੍ਰੋਜੈਕਟ ਉਪਰ 16 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ। ਕੇਂਦਰੀ ਵਾਤਾਵਰਣ ਮੰਤਰੀ ਜੈ ਰਾਮ ਨਰੇਸ਼ ਵਲੋਂ ਇਸ ਪ੍ਰਾਜੈਕਟ ਦਾ ਉਦਘਾਟਨ ਬੁੱਢੇ ਨਾਲੇ ਵਿੱਚ ਬੈਕਟੀਰੀਆ ਛੱਡ ਕੇ ਕੀਤਾ ਗਿਆ। ਇਹ ਬੈਕਟੀਰੀਆ ਪਾਣੀ ਵਿਚਲੇ ਪ੍ਰਦੂਸ਼ਣ ਨੂੰ ਖਤਮ ਕਰੇਗਾ। ਪ੍ਰੋਜੈਕਟ ਸਵਾਗਤ ਕਰਨ ਯੋਗ ਹੈ, ਜੇਕਰ ਇਹ ਕਿਸੇ ਵੀ ਤਰ੍ਹਾਂ ਵਿਘਨ ਪਏ ਬਗੈਰ ਨੇਪਰੇ ਚੜ੍ਹਦਾ ਹੈ ਤਾਂ ਨਾ ਕੇਵਲ ਲੁਧਿਆਣਾ ਜ਼ਰਾ ਸੌਖਾ ਸਾਹ ਲੈਣ ਲੱਗੇਗਾ, ਸਗੋਂ ਮਾਲਵਾ ਖੇਤਰ ਦੇ ਜ਼ਮੀਨ ਹੇਠਲੇ ਪਾਣੀ ਦੀ ਕੁਆਲਿਟੀ ਵਿੱਚ ਵੀ ਸੁਧਾਰ ਆਵੇਗਾ।

## ਸੁਰ ਤੇ ਸ਼ਾਇਰੀ ਦਾ ਸਰਵਰ

'ਸਰਵਰ' ਮਾਖਿਓ ਮਿੱਠੀ ਫਰੀਦ ਬਾਣੀ ਦਾ ਸ਼ਬਦ ਹੈ। ਇਹੀ ਨਾਮ ਹੈ ਪੰਜਾਬੀ ਦੇ ਨੌਜਵਾਨ ਸ਼ਾਇਰ ਤ੍ਰੈਲੋਚਨ ਲੋਚੀ ਦੀ ਮਾਖਿਓ ਮਿੱਠੀ ਆਵਾਜ਼ ਵਿਚ ਰਿਕਾਰਡ ਹੋਈ ਸੀ.ਡੀ. ਦਾ। ਮੁਢਲਾ ਪ੍ਰਭਾਵ ਇਸ ਬਾਰੇ ਇਹ ਬਣਦਾ ਹੈ ਕਿ ਤ੍ਰੈਲੋਚਨ ਲੋਚੀ ਹਰਮਨ ਪਿਆਰੇ ਪੰਜਾਬੀ ਕਵੀ ਸੁਰਜੀਤ ਪਾਤਰ ਦੇ ਪਦ-ਚਿੰਨਾਂ 'ਤੇ ਚਲਣ ਵਾਲਾ ਸ਼ਾਇਰ। ਪੰਜਾਬੀ ਕਵੀ ਦਰਬਾਰਾਂ 'ਚ ਉਸ ਦੇ ਤਰੰਨਮ ਦਾ ਜਾਦੂ ਪਾਤਰ ਵਾਂਗ ਹੀ ਸਰੋਤਿਆਂ ਦੇ ਸਿਰ ਚੜ੍ਹਕੇ ਬੋਲਦਾ ਹੈ। ਉਸ ਦੀਆਂ ਗ਼ਜ਼ਲਾਂ ਸਰਲ ਬਣਤਰ ਵਾਲੀਆਂ ਤੇ ਸਮਕਾਲੀ ਜੀਵਨ, ਵਿਸ਼ੇਸ਼ ਕਰ ਕੇ ਸ਼ਹਿਰੀ ਮੱਧਵਰਗੀ ਜੀਵਨ, ਦੀਆਂ ਕਈ ਸਮੱਸਿਆਵਾਂ ਤੇ ਨਿਘਾਰਾਂ ਨੂੰ ਪੇਸ਼ ਕਰਦੀਆਂ ਹਨ। ਕਈ ਗ਼ਜ਼ਲਾਂ 'ਚ ਉਹ ਜ਼ਰਾ ਹੱਟ ਕੇ ਸਰਵ ਵਿਆਪਕ ਮਾਨਵੀ ਸਰੋਕਾਰਾਂ ਵਲ ਵੀ ਪਰਤਦਾ ਹੈ। ਉਸ ਦੀ ਇੱਕ ਲੋਕਪ੍ਰਿਯ ਗ਼ਜ਼ਲ 'ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ' ਵੀ ਇਸ ਸੀ.ਡੀ. ਵਿਚ ਸ਼ਾਮਲ ਹੈ। ਸੱਚ ਪੁੱਛੋਂ ਤਾਂ ਇਹ ਇਕੱਲੀ ਗ਼ਜ਼ਲ ਹੀ ਸਾਰੀ ਸੀ.ਡੀ. ਦਾ ਮੁੱਲ ਮੋੜ ਦਿੰਦੀ ਹੈ। ਇਹ ਗ਼ਜ਼ਲ ਤਿੰਨ ਧੀਆਂ ਨੂੰ ਜਨਮ ਦੇ ਚੁੱਕੀ ਮਾਂ ਜਦ ਸੁਣੀ ਹੈ ਤਾਂ ਖੁਦਕੁਸ਼ੀ ਦਾ ਖ਼ਿਆਲ ਤਿਆਗ ਕੇ ਆਪਣੇ ਉਪਰ ਧੀਆਂ ਦੀ ਜਨਮਦਾਰੀ ਹੋਣ ਵਜੋਂ ਮਾਣ ਮਹਿਸੂਸ ਕਰਦੀ ਹੈ। ਇਹ ਗ਼ਜ਼ਲ ਜਦ ਕੋਈ ਬਾਪ ਸੁਣਦਾ ਹੈ ਤਾਂ ਨਮ ਅੱਖਾਂ ਨਾਲ ਆਪਣੀ ਲਾਡਲੀ ਨੂੰ ਬੁੱਕਲ 'ਚ ਲੈਣ ਲਈ ਅਹੁਲਦਾ ਹੈ। ਸੀ.ਡੀ. ਵਿੱਚ ਲੋਚੀ ਦੀਆਂ ਆਪਣੀਆਂ ਲਿਖੀਆਂ ਦੋ ਹੋਰ ਗ਼ਜ਼ਲਾਂ 'ਘਰਾਂ ਵਿੱਚ ਰੌਸ਼ਨੀ' ਅਤੇ 'ਸਮਿਆਂ ਦੀ ਧੂੜ ਅੰਦਰ' ਵੀ ਸ਼ਾਮਲ ਹਨ। ਇਹ ਗ਼ਜ਼ਲਾਂ ਵਿਅੰਗਾਤਮਿਕ ਵੀ ਹਨ ਤੇ ਭਾਵਪੂਰਤ ਵੀ। ਤ੍ਰੈਲੋਚਨ ਲੋਚੀ ਨੇ ਆਪਣੀਆਂ ਤਿੰਨ ਗ਼ਜ਼ਲਾਂ ਹੀ ਇਸ ਸੀ.ਡੀ. 'ਚ ਸ਼ਾਮਲ ਕੀਤੀਆਂ ਹਨ। ਸਰੋਤਿਆਂ ਨੂੰ ਅਫਸੋਸ ਰਹੇਗਾ ਕਿ ਨੌ ਦੀਆਂ ਨੌ ਗ਼ਜ਼ਲਾਂ ਉਸ ਦੀਆਂ ਆਪਣੀਆਂ ਲਿਖੀਆਂ ਕਿਉਂ ਨਹੀਂ ਹਨ। ਕੁੱਝ ਇਕ ਗ਼ਜ਼ਲਾਂ ਤਾਂ ਉਸ ਨੇ ਇਸ ਵਿੱਚ ਇਕ ਦੁਕਾਨਦਾਰ ਦੀਆਂ ਵੀ ਸ਼ਾਮਲ ਕਰ ਰੱਖੀਆਂ ਹਨ, ਸ਼ਾਇਦ ਉਸ ਦੀ ਕੋਈ ਮਜਬੂਰੀ ਹੋਵੇਗੀ, ਉਂਜ ਕਲਾ ਦੇ ਖੇਤਰ/ਮਾਮਲੇ ਵਿੱਚ ਕਿਸੇ ਸਮਝੌਤੇ ਲਈ ਕੋਈ ਥਾਂ ਨਹੀਂ ਹੋਣੀ ਚਾਹੀਦੀ। ਖੈਰ, ਕੁੱਝ ਵੀ ਹੋਵੇ ਲੋਚੀ ਦੀ ਗਾਇਕੀ ਕਸ਼ਿਸ਼ ਭਰੀ ਹੈ। ਇਹ ਸੀ.ਡੀ. ਮਿਆਰੀ ਗਾਇਕੀ ਦੇ ਪ੍ਰਸ਼ੰਸਕਾਂ ਲਈ ਇੱਕ ਤੋਹਫਾ ਹੈ। ਪੰਜਾਬੀ ਸਾਹਿਤ ਸਭਿਆਚਾਰਕ ਖੇਤਰ ਨੂੰ ਸੁਰਜੀਤ ਪਾਤਰ ਦੀ ਕੈਸਟ 'ਬਿਰਖ ਅਰਜ਼ ਕਰੇ' ਤੋਂ ਮਗਰੋਂ ਇਸੇ ਨਾਲ ਬਰ ਮੇਚਣ ਦੀ ਕੋਸ਼ਿਸ਼ ਕਰਦੀ ਹੋਈ ਨਵੀਂ ਆਡੀਓ ਸੀ.ਡੀ. ਹਾਸਲ ਹੋਈ ਹੈ। ਇਹ ਸੱਚਮੁਚ ਸੁਰ ਤੇ ਸ਼ਾਇਰੀ ਦਾ ਸਰਵਰ ਹੈ। ਲੋਚੀ ਦਾ ਸੰਪਰਕ ਨੰਬਰ ਹੈ : 98142-53215




## ਛੇਕੜਲੀ ਗੱਲ

ਇਹ ਗੱਲ ਕਿਸੇ 'ਤੇ ਵੀ ਢੁਕਾ ਸਕਦੇ ਹੋ।
ਮਰਾਸੀ ਦਾ ਮੁੰਡਾ ਸਕੂਲ ਦਾਖ਼ਲ ਹੋਣ ਗਿਆ।
ਅਧਿਆਪਕ : ਚੌਕੇ ਦਾ ਪਹਾੜ੍ਹਾ ਸੁਣਾ।
ਮਰਾਸੀ ਦਾ ਮੁੰਡਾ : ਚੱਲੋ ਫੇਰ ਨਾਲ ਢੋਲਕੀ ਵਜਾਓ! □

ਪੰਜਾਬ ਦੀ ਧਰਤੀ ਨੂੰ ਲੱਗਿਆ ਅਪਰਾਧਾਂ ਦਾ ਗ੍ਰਹਿਣ

# 35 ਸਾਲਾਂ ਵਿੱਚ ਜੁਰਮ ਦਾ ਗਰਾਫ ਕਈ ਗੁਣਾਂ ਵਧਿਆ

ਚੰਡੀਗੜ੍ਹ, (ਨਦਬ) : ਪੰਜਾਬ ਵਿੱਚ ਕਿਸੇ ਸਮੇਂ ਘਰ ਦੀ ਦਾਰੂ ਕੱਢਣਾ ਵੱਡਾ ਜੁਰਮ ਮੰਨਿਆ ਜਾਂਦਾ ਸੀ ਪਰ ਅਜੋਕੇ ਯੁੱਗ ਵਿੱਚ ਪੰਜ-ਆਬ ਦੀ ਧਰਤੀ 'ਤੇ ਬਲਾਤਕਾਰਾਂ, ਕਤਲੋਗਾਰਤ, ਸੰਨ੍ਹਾਂ ਅਤੇ ਲੁੱਟਾਂ ਜਿਹੇ ਅਪਰਾਧ ਵਧ ਰਹੇ ਹਨ। ਪੰਜਾਬ ਪੁਲੀਸ ਤੋਂ ਮਿਲੇ ਅੰਕੜਿਆਂ ਅਨੁਸਾਰ ਸਾਲ 1975 ਵਿੱਚ ਪੰਜਾਬ ਪੁਲੀਸ ਨੇ ਨਾਜਾਇਜ਼ ਸ਼ਰਾਬ ਕੱਢਣ ਤੇ ਵੇਚਣ ਦੇ ਦੋਸ਼ਾਂ ਤਹਿਤ ਆਬਕਾਰੀ ਐਕਟ ਤਹਿਤ 20,819 ਕੇਸ ਦਰਜ ਕੀਤੇ ਸਨ। ਦਿਲਚਸਪ ਗੱਲ ਇਹ ਹੈ ਕਿ ਹੁਣ ਇਹ ਅਪਰਾਧ ਵਧਣ ਦੇ ਬਾਵਜੂਦ ਸਾਲ 2009 ਦੌਰਾਨ ਪੁਲੀਸ ਨੇ ਆਬਕਾਰੀ ਐਕਟ ਤਹਿਤ ਕੇਵਲ 7357 ਕੇਸ ਦਰਜ ਕੀਤੇ ਹਨ। ਪੁਲੀਸ ਦੇ ਅੰਕੜਿਆਂ ਮੁਤਾਬਕ ਪਿਛਲੇ 35 ਸਾਲਾਂ ਦੌਰਾਨ ਰਾਜ ਵਿੱਚੋਂ ਇਹ ਅਪਰਾਧ 64.66 ਫੀਸਦ ਘਟਿਆ ਹੈ। ਇਸ ਤੋਂ ਇਲਾਵਾ 1975 ਦੌਰਾਨ ਪੰਜਾਬ ਪੁਲੀਸ ਨੇ ਰਾਜ ਭਰ ਵਿੱਚ ਨਸ਼ਾ ਵਿਰੋਧੀ ਐਕਟ (ਐਨ.ਡੀ.ਪੀ.ਐਸ.) ਤਹਿਤ 6357 ਕੇਸ ਦਰਜ ਕੀਤੇ ਸਨ। ਮਜ਼ੇਦਾਰ ਗੱਲ ਇਹ ਹੈ ਕਿ ਭਾਵੇਂ ਹੁਣ ਪੰਜਾਬ ਨਸ਼ਿਆਂ ਵਿੱਚ ਡੁੱਬਿਆ ਪਿਆ ਹੈ ਪਰ ਪੰਜਾਬ ਪੁਲੀਸ ਦੇ ਅੰਕੜਿਆਂ ਅਨੁਸਾਰ ਰਾਜ ਵਿੱਚ ਇਹ ਜੁਰਮ ਉਦੋਂ ਨਾਲੋਂ ਹੁਣ 33.45 ਫੀਸਦ ਘੱਟ ਗਿਆ ਹੈ ਕਿਉਂਕਿ ਸਾਲ 2009 ਦੌਰਾਨ ਪੰਜਾਬ ਪੁਲੀਸ ਨੇ ਕੇਵਲ 4421 ਕੇਸ ਦਰਜ ਕੀਤੇ ਹਨ। ਪੁਲੀਸ ਨੇ ਸਾਢੇ ਤਿੰਨ ਦਹਾਕੇ ਪਹਿਲਾਂ ਆਰਮਜ਼ ਐਕਟ ਤਹਿਤ ਨਾਜਾਇਜ਼-ਜਾਇਜ਼ ਹਥਿਆਰ ਰੱਖਣ ਜਾਂ ਵਰਤਣ ਦੇ ਦੋਸ਼ ਤਹਿਤ ਰਾਜ ਵਿੱਚ 4545 ਕੇਸ ਦਰਜ ਕੀਤੇ ਸਨ, ਜਦੋਂ ਕਿ ਸਾਲ 2009 ਦੌਰਾਨ ਇਸ ਐਕਟ ਤਹਿਤ ਕੇਵਲ 715 ਕੇਸ ਦਰਜ ਕੀਤੇ ਗਏ।

ਇਸ ਦੇ ਉਲਟ ਰਾਜ ਵਿੱਚ ਬਲਾਤਕਾਰ ਦੇ ਕੇਸਾਂ ਵਿੱਚ 391.35 ਫੀਸਦ ਦਾ ਵਾਧਾ ਹੋਇਆ ਹੈ। ਅੰਕੜਿਆਂ ਅਨੁਸਾਰ ਸਾਲ 1975 ਦੌਰਾਨ ਬਲਾਤਕਾਰ ਦੇ 104 ਕੇਸ ਸਾਹਮਣੇ ਆਏ, ਜਦੋਂ ਕਿ 2009 ਦੌਰਾਨ ਅਜਿਹੀਆਂ 511 ਘਟਨਾਵਾਂ ਵਾਪਰੀਆਂ। ਸਾਲ 1975 ਦੇ ਮੁਕਾਬਲੇ ਹੁਣ ਰਾਜ ਵਿੱਚ ਡਾਕਾ ਮਾਰਨ ਦੇ ਜੁਰਮ ਵਿੱਚ ਸਭ ਤੋਂ ਵੱਧ 1166.67 ਫੀਸਦ ਵਾਧਾ ਹੋਇਆ ਹੈ। ਅੰਕੜਿਆਂ ਅਨੁਸਾਰ ਸਾਲ 1975 ਵਿੱਚ ਰਾਜ ਵਿੱਚ ਡਾਕੇ ਵੱਜਣ ਦੀਆਂ ਕੇਵਲ ਤਿੰਨ ਘਟਨਾਵਾਂ ਵਾਪਰੀਆਂ ਸਨ, ਜਦੋਂ ਕਿ 2009 ਦੌਰਾਨ ਰਾਜ ਵਿੱਚ 38 ਡਾਕੇ ਵੱਜੇ। ਅੰਕੜਿਆਂ ਅਨੁਸਾਰ 1975 ਵਿੱਚ ਰਾਜ ਵਿੱਚ 638 ਕਤਲ ਹੋਏ ਸਨ, ਜਦੋਂ ਕਿ 2009 ਦੌਰਾਨ ਇਹ ਗਿਣਤੀ 33.70 ਫੀਸਦ ਵਧ ਕੇ 853 'ਤੇ ਪਹੁੰਚ ਗਈ। ਸਾਲ 1975 ਵਿੱਚ ਸੰਨ੍ਹ ਮਾਰਨ ਦੀਆਂ 1534 ਘਟਨਾਵਾਂ ਵਾਪਰੀਆਂ, ਜਦੋਂ ਕਿ 2009 ਵਿੱਚ ਇਹ ਗਿਣਤੀ 2507 'ਤੇ ਪੁੱਜ ਗਈ ਹੈ। ਇਰਾਦਾ ਕਤਲ (307) ਦੇ ਮਾਮਲਿਆਂ ਵਿੱਚ 140.28 ਫੀਸਦ ਦਾ ਵਾਧਾ ਹੋਇਆ ਹੈ ਕਿਉਂਕਿ ਸਾਲ 1975 ਵਿੱਚ ਇਰਾਦਾ ਕਤਲ ਦੇ 422 ਕੇਸ ਦਰਜ ਹੋਏ ਸਨ, ਜਦੋਂ ਕਿ 2009 ਵਿੱਚ ਅਜਿਹੇ 1014 ਕੇਸ ਰਾਜ ਦੇ ਥਾਣਿਆਂ ਵਿੱਚ ਦਰਜ ਕੀਤੇ ਗਏ। ਅਗਵਾ ਕਰਨ ਦੇ ਮਾਮਲਿਆਂ ਵਿੱਚ ਵੀ 135.37 ਫੀਸਦ ਦਾ ਵਾਧਾ ਹੋਇਆ ਹੈ। ਪੁਲੀਸ ਅਨੁਸਾਰ ਸਾਲ 1975 ਵਿੱਚ ਰਾਜ ਵਿੱਚ 294 ਅਗਵਾ ਦੇ ਕੇਸ ਦਰਜ ਕੀਤੇ ਗਏ ਸਨ, ਜਦੋਂ ਕਿ 2009 ਵਿੱਚ ਅਜਿਹੇ 692 ਕੇਸ ਦਰਜ ਹੋਏ। ਅੰਕੜਿਆਂ ਅਨੁਸਾਰ 1975 ਵਿੱਚ ਰਾਜ ਵਿੱਚ ਕੁੱਲ 2808 ਚੋਰੀਆਂ ਹੋਈਆਂ ਸਨ, ਜਦੋਂ ਕਿ 2009 ਵਿੱਚ 5624 ਚੋਰੀਆਂ ਦੇ ਕੇਸ ਦਰਜ ਕੀਤੇ ਗਏ। ਪੰਜਾਬ ਪੁਲੀਸ ਨੇ ਸਾਲ 1975 ਵਿੱਚ ਲੁੱਟਾਂ ਦੇ ਕੇਸਾਂ ਵਿੱਚ 48 ਐਫ.ਆਈ.ਆਰ. ਦਰਜ ਕੀਤੀਆਂ ਸਨ, ਜਦੋਂ ਕਿ 2009 ਦੌਰਾਨ ਅਜਿਹੇ 171 ਕੇਸ ਦਰਜ ਕੀਤੇ ਗਏ। ਪੁਲੀਸ ਅਨੁਸਾਰ 35 ਸਾਲਾਂ ਦੇ ਅਰਸੇ ਦੌਰਾਨ ਰਾਜ ਵਿੱਚ ਕੁੱਲ ਅਪਰਾਧਾਂ ਵਿੱਚ 349.60 ਫੀਸਦ ਵਾਧਾ ਹੋਇਆ ਹੈ। 1975 ਦੌਰਾਨ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ (ਆਈ.ਪੀ.ਸੀ.) ਤਹਿਤ ਰਾਜ ਭਰ ਦੇ ਥਾਣਿਆਂ ਵਿੱਚ 7906 ਕੇਸ ਦਰਜ ਕੀਤੇ ਗਏ ਸਨ, ਜਦੋਂ ਕਿ ਸਾਲ 2009 ਦੌਰਾਨ ਕੁੱਲ 35,545 ਕੇਸ ਦਰਜ ਹੋਏ ਹਨ

# ਭਾਰਤ ਅੱਜ-ਕੱਲ੍ਹ

ਕੌਮਨਵੈਲਥ ਖੇਡ ਘੁਟਾਲਾ

## ਪ੍ਰਧਾਨ ਮੰਤਰੀ ਦੇ ਦਫ਼ਤਰ ਨੇ ਹੀ ਪਾਇਆ ਸੀ ਪਰਦਾ!

### *ਖੇਡ ਮੰਤਰੀ ਨੇ ਕੀਤੀ ਸੀ ਪ੍ਰਧਾਨ ਮੰਤਰੀ ਦੇ ਦਫ਼ਤਰ ਨੂੰ ਲਿਖਤੀ ਸ਼ਿਕਾਇਤ*

ਨਵੀਂ ਦਿੱਲੀ (ਅੰਸ਼ੂਮਨ ਤਿਵਾੜੀ) ਰਾਸ਼ਟਰਮੰਡਲ ਖੇਡਾਂ ਦੇ ਪ੍ਰਬੰਧਾਂ ਵਿੱਚ ਭ੍ਰਿਸ਼ਟਾਚਾਰ ਦੀ ਅਧਿਕਾਰਤ ਅਤੇ ਪ੍ਰਮਾਣਕ ਜਾਣਕਾਰੀ ਦਬਾਉਣ ਦਾ ਕੰਮ ਕਿਸੇ ਹੋਰ ਨਹੀਂ ਬਲਕਿ ਪ੍ਰਧਾਨ ਮੰਤਰੀ ਦਫ਼ਤਰ ਨੇ ਕੀਤਾ ਸੀ। ਸਾਲ 2007 ਵਿੱਚ ਇਹ ਜਾਣਕਾਰੀ ਖੁਦ ਤਤਕਾਲੀਨ ਖੇਡ ਮੰਤਰੀ ਮਣੀਸ਼ੰਕਰ ਅਈਅਰ ਨੇ ਪ੍ਰਧਾਨ ਮੰਤਰੀ ਨੂੰ ਦਿੱਤੀ ਸੀ। ਇਹ ਸ਼ਾਇਦ ਪਹਿਲਾ ਮੌਕਾ ਸੀ ਜਦੋਂ ਕਿਸੇ ਪ੍ਰਬੰਧ ਦੇ ਪ੍ਰਸ਼ਾਸਨਕ ਇੰਤਜ਼ਾਮ ਅਤੇ ਆਰਥਕ ਵੰਡ ਦੇ ਜ਼ਿੰਮੇਵਾਰ ਕੇਂਦਰੀ ਮੰਤਰੀ ਨੇ ਹੀ ਭ੍ਰਿਸ਼ਟਾਚਾਰ ਦੀ ਸ਼ਿਕਾਇਤ ਪ੍ਰਧਾਨ ਮੰਤਰੀ ਨੂੰ ਕੀਤੀ ਅਤੇ ਉਹ ਵੀ ਬੜੇ ਬੇਬਾਕ ਢੰਗ ਨਾਲ। ਅਈਅਰ ਨੇ ਆਪਣੀ ਸ਼ਿਕਾਇਤ ਵਿੱਚ ਲਿਖਿਆ- 'ਕਲਮਾਡੀ ਖੇਡ ਮੰਤਰਾਲੇ ਨੂੰ ਦੁਧਾਰੂ ਗਾਂ ਵਾਂਗ ਚੋਅ ਰਹੇ ਹਨ। ਉਨ੍ਹਾਂ ਲਈ ਕਿਸੇ ਨਿਯਮ ਕਾਨੂੰਨ ਦਾ ਕੋਈ ਮਤਲਬ ਨਹੀਂ ਹੈ।' ਅਈਅਰ ਦੀ ਇਹ ਚਿੱਠੀ ਫਾਈਲਾਂ ਵਿੱਚ ਲੁਕਾ ਦਿੱਤੀ ਗਈ ਅਤੇ ਕਾਂਗਰਸ ਦੇ ਸੰਸਦ ਮੈਂਬਰ ਸੁਰੇਸ਼ ਕਲਮਾਡੀ ਅਤੇ ਉਨ੍ਹਾਂ ਦੀ ਟੀਮ ਨੂੰ ਘੁਟਾਲੇ ਦੀ ਖੁੱਲ੍ਹੀ ਛੁੱਟੀ ਮਿਲ ਗਈ। ਪ੍ਰਧਾਨ ਮੰਤਰੀ ਨੂੰ ਮੁਖਾਤਬ ਤਿੰਨ ਪੇਜ ਦੀ ਇਹ ਗੁਪਤ ਚਿੱਠੀ 25 ਅਕਤੂਬਰ 2007 ਨੂੰ ਲਿਖੀ ਗਈ। ਸ਼ੁੰਗਲੂ ਕਮੇਟੀ ਨੇ ਵੀ ਇਸ ਖ਼ਤ ਨੂੰ ਸ਼ਾਇਦ ਇਸ ਲਈ ਦਬਾ ਲਿਆ ਕਿਉਂਕਿ ਇਹ ਸਿੱਧੇ ਪ੍ਰਧਾਨ ਮੰਤਰੀ ਦੇ ਦਫ਼ਤਰ ਨੂੰ ਸਵਾਲਾਂ ਦੇ ਘੇਰੇ ਲਿਆ ਦਿੰਦੀ ਹੈ। ਪ੍ਰਬੰਧਕ ਕਮੇਟੀ ਦੀ ਕਮਾਂਡ ਖੇਡ ਮੰਤਰੀ ਸੁਨੀਲ ਦੱਤ ਤੋਂ ਖੋਹ ਕੇ ਕਲਮਾਡੀ ਨੂੰ ਦੇਣ ਵਿੱਚ ਪ੍ਰਧਾਨ ਮੰਤਰੀ ਦੇ ਦਫ਼ਤਰ ਦੀ ਭੂਮਿਕਾ ਦਾ ਖੁਲਾਸਾ ਪਹਿਲਾਂ ਹੀ ਹੋ ਚੁੱਕਾ ਹੈ ਅਤੇ ਇਹ ਪੱਤਰ ਵੀ ਸਾਹਮਣੇ ਆ ਚੁੱਕਾ ਹੈ ਜਿਸ ਵਿੱਚ ਮਣੀਸ਼ੰਕਰ ਅਈਅਰ ਨੇ ਕਿਹਾ ਸੀ ਕਿ ਉਹ ਪੂਰਾ ਮਾਮਲਾ ਕਾਂਗਰਸ ਹਾਈ ਕਮਾਂਡ ਸੋਨੀਆ ਗਾਂਧੀ ਤੱਕ ਪਹੁੰਚਾਉਣਗੇ। ਰਾਸ਼ਟਰਮੰਡਲ ਖੇਡਾਂ ਦਾ ਪ੍ਰਬੰਧ ਖੇਡ ਮੰਤਰਾਲੇ ਦਾ ਸਵਾਰਥ ਸੀ। ਪ੍ਰਬੰਧਕੀ ਕਮੇਟੀ ਨੂੰ ਧਨ ਵੀ ਮੰਤਰਾਲੇ ਰਾਹੀਂ ਜਾਂਦਾ ਸੀ। ਇਸ ਲਈ ਪ੍ਰਬੰਧ ਵਿੱਚ ਭ੍ਰਿਸ਼ਟਾਚਾਰ 'ਤੇ ਖੇਡ ਮੰਤਰੀ ਦੀ ਸ਼ਿਕਾਇਤ ਨਾਲੋਂ ਜ਼ਿਆਦਾ ਅਹਿਮ ਸ਼ਾਇਦ ਕੁਝ ਵੀ ਨਹੀਂ ਸੀ। ਅਈਅਰ ਲਿਖਦੇ ਹਨ, 'ਮੈਂ ਪ੍ਰਬੰਧਕ ਕਮੇਟੀ ਦੇ ਮੁਖੀ ਦੇ ਭਾਰੀ ਖਰਚੇ ਤੋਂ ਪ੍ਰੇਸ਼ਾਨ ਹਾਂ।..ਉਹ ਮੇਰੇ ਮੰਤਰਾਲੇ ਨੂੰ ਦੁਧਾਰੂ ਗਾਂ ਸਮਝਦੇ ਹਨ ਅਤੇ ਜ਼ਿਆਦਾ ਪੈਸਾ ਕਢਵਾਉਣਾ ਚਾਹੁੰਦੇ ਹਨ। ਉਹ ਹਰ ਬੇਸਿਰ-ਪੈਰ ਖਰਚ 'ਤੇ ਮੰਤਰਾਲੇ ਦੀ ਮੋਹਰ ਚਾਹੁੰਦੇ ਹਨ।..ਪ੍ਰਬੰਧਕ ਕਮੇਟੀ ਦੇ ਮੁਖੀ ਸਰਕਾਰ ਦੇ ਕਿਸੇ ਵਿੱਤੀ ਨਿਯਮ ਦਾ ਪਾਲਣ ਨਹੀਂ ਕਰ ਰਹੇ ਹਨ।' ਅਈਅਰ ਅੱਗੇ ਲਿਖਦੇ ਹਨ ਕਿ ਕਲਮਾਡੀ ਖਰਚਿਆਂ ਦੀ ਮਨਜ਼ੂਰੀ ਲਈ ਐਗਜ਼ੀਕਿਉਟਿਵ ਬੋਰਡ ਦੀ ਉਪ ਕਮੇਟੀ ਬਣਾਉਣਾ ਚਾਹੁੰਦੇ ਹਨ ਤਾਂ ਕਿ ਬੋਰਡ ਵਿਚ ਮੌਜੂਦ ਕੇਂਦਰ ਸਰਕਾਰ ਦੇ ਅਧਿਕਾਰੀ ਉਨ੍ਹਾਂ ਦੇ ਫੈਸਲਿਆਂ 'ਤੇ ਸਵਾਲ ਨਾ ਉਠਾ ਸਕਣ। ਇਹ ਪੱਤਰ ਅਈਅਰ ਅਤੇ ਕਲਮਾਡੀ ਵਿਚਾਲੇ ਹੋਏ ਵਿਵਾਦ ਦਾ ਪ੍ਰਮਾਣ ਵੀ ਹੈ। ਅਈਅਰ ਇਸ ਤੋਂ ਕਾਫੀ ਦੁਖੀ ਸਨ। ਉਨ੍ਹਾਂ ਨੇ ਲਿਖਿਆ ਕਿ ਕਲਮਾਡੀ ਖੇਡ ਮੰਤਰਾਲੇ ਦੇ ਅਧਿਕਾਰੀਆਂ ਨੂੰ ਸ਼ਾਸਤਰੀ ਭਵਨ ਵਿੱਚ ਬੈਠੇ ਕਾਰਟੂਨ ਕਹਿੰਦੇ ਹਨ। ਖੇਡ ਮੰਤਰਾਲੇ ਅਤੇ ਪ੍ਰਬੰਧਕ ਕਮੇਟੀ ਵਿਚਾਲੇ ਕੋਈ ਤਾਲਮੇਲ ਨਹੀਂ ਹੈ ਅਤੇ ਮੰਤਰੀਆਂ ਦੀ ਕਮੇਟੀ ਦੀ ਕੋਈ ਰਚਨਾਤਮਕ ਭੂਮਿਕਾ ਨਹੀਂ ਹੈ। ਬੁਰੀ ਤਰ੍ਹਾਂ ਖ਼ਫ਼ਾ ਅਈਅਰ ਦੀ ਦੋ-ਟੁੱਕ ਸਿਫਾਰਸ਼ ਸੀ ਕਿ ਪ੍ਰਬੰਧਕ ਕਮੇਟੀ ਅਤੇ ਐਗਜ਼ੀਕਿਉਟਿਵ ਬੋਰਡ ਦਾ ਪੁਨਰ ਗਠਨ ਕੀਤਾ ਜਾਵੇ ਅਤੇ ਕਿਸੇ ਨੌਜਵਾਨ ਸੰਸਦ ਮੈਂਬਰ ਨੂੰ ਕੌਮਾਂਤਰੀ ਖੇਡ ਪ੍ਰਬੰਧਾਂ ਦਾ ਮੰਤਰੀ ਬਣਾ ਕੇ ਉਸ ਨੂੰ ਕਮੇਟੀ ਦੀ ਪ੍ਰਧਾਨਗੀ ਦਿੱਤੀ ਜਾਵੇ। ਇਹ ਗੱਲ ਵੱਖਰੀ ਹੈ ਕਿ ਇਸ ਸਿਫਰਾਸ਼ ਮਗਰੋਂ ਅਈਅਰ ਮੰਤਰਾਲੇ ਵਿਚ ਨਹੀਂ ਟਿਕ ਸਕੇ ਪਰ ਕਲਮਾਡੀ ਪ੍ਰਬੰਧਕੀ ਕਮੇਟੀ ਵਿਚ ਟਿਕੇ ਰਹੇ ਅਤੇ ਘੁਟਾਲੇ ਕਰ ਕੇ ਬਾਹਰ ਨਿਕਲੇ।

## ਪੇਸ਼ੀ ਦੌਰਾਨ ਕਲਮਾਡੀ 'ਤੇ ਸੁੱਟੀ ਚੱਪਲ




ਨਵੀਂ ਦਿੱਲੀ, (ਨਦਬ) ਰਾਸ਼ਟਰਮੰਡਲ ਖੇਡ ਪ੍ਰਬੰਧਕ ਕਮੇਟੀ ਦੇ ਬਰਖ਼ਾਸਤ ਮੁਖੀ ਸੁਰੇਸ਼ ਕਲਮਾਡੀ ਲਈ ਮੁਸ਼ਕਲਾਂ ਅਤੇ ਸ਼ਰਮਿੰਦਗੀ ਹੋਰ ਵੱਧ ਰਹੀ ਹੈ। ਅਦਾਲਤ ਵਿੱਚ ਪੇਸ਼ੀ ਦੌਰਾਨ ਗਵਾਲੀਅਰ ਦੇ ਮਨੋਜ ਸ਼ਰਮਾ ਨੇ ਉਨ੍ਹਾਂ 'ਤੇ ਚੱਪਲ ਸੁੱਟ ਕੇ ਆਪਣੇ ਗੁੱਸੇ ਦਾ ਇਜ਼ਹਾਰ ਕੀਤਾ। ਕਲਮਾਡੀ ਨੂੰ ਸਖ਼ਤ ਸੁਰੱਖਿਆ ਦਰਮਿਆਨ ਅਦਾਲਤ ਲਿਆਂਦਾ ਗਿਆ। ਉਦੋਂ ਹੀ ਫੋਟੋਗ੍ਰਾਫਰਾਂ ਵਿਚ ਖੜੇ ਮਨੋਜ ਨੇ ਅਚਾਨਕ ਕਲਮਾਡੀ 'ਤੇ ਚੱਪਲ ਮਾਰ ਦਿੱਤੀ ਜੋ ਉਨ੍ਹਾਂ ਦੀ ਛਾਤੀ 'ਤੇ ਜਾ ਲੱਗੀ। ਬਾਅਦ ਵਿਚ ਪੁਲੀਸ ਨੇ ਥਾਣੇ ਵਿਚ ਮਨੋਜ ਤੋਂ ਪੁੱਛਗਿੱਛ ਕੀਤੀ ਅਤੇ ਚਿਤਾਵਨੀ ਦੇ ਕੇ ਛੱਡ ਦਿੱਤਾ।

## ਬੇਨਕਾਬ ਹੋਣਗੇ ਕਾਲੇਧਨ ਦੇ ਸੌਦਾਗਰ

ਨਵੀਂ ਦਿੱਲੀ (ਨਦਬ) ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜੇ ਨੇ ਕਿਹਾ ਹੈ ਕਿ ਸਵਿਸ ਬੈਂਕਾਂ ਵਿਚ ਸਭ ਤੋਂ ਵੱਧ ਪੈਸਾ ਭਾਰਤੀਆਂ ਦਾ ਹੈ ਅਤੇ ਉਹ ਕਾਲੇ ਧਨ ਦੇ ਇਨ੍ਹਾਂ ਸੌਦਾਗਰਾਂ ਨੂੰ ਬੇਨਕਾਬ ਕਰਨ ਦੀ ਤਿਆਰੀ ਵਿਚ ਹਨ। ਅਸਾਂਜੇ ਦੇ ਇਸ ਖੁਲਾਸੇ ਮਗਰੋਂ ਕਾਲੇ ਧਨ ਦੀ ਜਾਂਚ ਵਿਚ ਨਵਾਂ ਮੋੜ ਆ ਸਕਦਾ ਹੈ। ਇਕ ਨਿਊਜ਼ ਚੈਨਲ ਨੂੰ ਦਿੱਤੇ ਇੰਟਰਵੀਊ ਵਿਚ ਅਸਾਂਜੇ ਨੇ ਕਿਹਾ, 'ਸਵਿਸ ਬੈਂਕਾਂ ਵਿਚ ਜਮ੍ਹਾਂ ਵਿਦੇਸ਼ੀ ਧਨ ਦਾ ਸਭ ਤੋਂ ਵੱਧ ਹਿੱਸਾ ਭਾਰਤੀ ਕਾਲੇ ਧਨ ਦਾ ਹੈ ਅਤੇ ਭਾਰਤ ਸਰਕਾਰ ਦਾ ਰਵੱਈਆ ਇਸ ਮਾਮਲੇ ਵਿਚ ਬੇਹੱਦ ਖਰਾਬ ਹੈ।' ਅਸਾਂਜੇ ਤੋਂ ਜਦੋਂ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੂੰ ਸਵਿਸ ਬੈਂਕਾਂ ਦੇ ਦਸਤਾਵੇਜ਼ ਵਿਚ ਕਿਸੇ ਭਾਰਤੀ ਦਾ ਨਾਂ ਦਿਸਿਆ ਤਾਂ ਉਨ੍ਹਾਂ ਕਿਹਾ, 'ਹਾਂ ਦਸਤਾਵੇਜ਼ਾਂ ਵਿਚ ਭਾਰਤੀਆਂ ਦੇ ਨਾਂ ਹਨ ਅਤੇ ਉਹ ਉਨ੍ਹਾਂ ਨੂੰ ਪ੍ਰਕਾਸ਼ਤ ਕਰਨ ਜਾ ਰਹੇ ਹਨ। ਇਸ ਸਬੰਧ ਵਿਚ ਉਨ੍ਹਾਂ ਨੇ ਹੋਰ ਜ਼ਿਆਦਾ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਅੰਕੜਿਆਂ ਦੇ ਖੁਲਾਸੇ ਤੋਂ ਪਹਿਲਾਂ ਇਕ ਪ੍ਰਕਿਰਿਆ ਪੂਰੀ ਕਰਨੀ ਪੈਂਦੀ ਹੈ। ਇਸ ਸਮੇਂ ਕੰਮ ਚੱਲ ਰਿਹਾ ਹੈ। ਅਸਾਂਜੇ ਨੇ ਭਾਰਤ ਸਰਕਾਰ ਨੂੰ ਸਲਾਹ ਦਿੱਤੀ ਹੈ ਕਿ ਉਸ ਨੂੰ ਸਵਿਸ ਬੈਂਕਾਂ ਵਿਚ ਜਮ੍ਹਾ ਕਾਲੇ ਧਨ ਨੂੰ ਲੈ ਕੇ ਸਖ਼ਤ ਰੁਖ ਅਪਨਾਉਣਾ ਚਾਹੀਦਾ ਹੈ ਜਿਵੇਂ ਕਿ ਜਰਮਨੀ ਨੇ ਆਪਣੇ ਨਾਗਰਿਕਾਂ ਦੇ ਖਾਤੇ ਹੋਣ ਦਾ ਖੁਲਾਸਾ ਹੋਣ 'ਤੇ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸਰਕਾਰੀ ਪੈਸੇ ਦਾ ਗਬਨ ਕਰ ਕੇ ਆਪਣੀ ਕੰਪਨੀ ਵਿਚ ਲਾਉਂਦਾ ਹੈ ਤਾਂ ਘੱਟੋ-ਘੱਟ ਭਾਰਤ ਦੇ ਧਨ ਦਾ ਤਾਂ ਨੁਕਸਾਨ ਨਹੀਂ ਹੁੰਦਾ ਪਰ ਉਹ ਕਾਲਾ ਧਨ ਵਿਦੇਸ਼ ਭੇਜਣ 'ਤੇ ਦੇਸ਼ ਦੀ ਮੁਦਰਾ ਦੀ ਕੀਮਤ ਘਟਦੀ ਹੈ, ਇਸ ਨਾਲ ਦੇਸ਼ ਨੂੰ ਦੋਹਰਾ ਨੁਕਸਾਨ ਹੁੰਦਾ ਹੈ।

Best Truck Wash
Your Mobile Wash Professionals Edmonton & Area

ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ



We can Wash Your Truck **anywhere in** Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease



For more info Call:
BIN: (780) 267-9102
CAM: (780) 238-8161

As your Medicine Shoppe Pharmacist, I do more than just fill your prescriptions. I help you make sense of the bigger health picture. I take the time to get to know you, understand your health needs, and take an active role in helping you achieve and maintain good health.



**Jasbir Bhui**
B.Sc. Pharm.
Pharmacist/ Owner

**(780) 461-8648**
127 Millbourne Road East
Edmonton, AB
www.medicineshoppe.ca




Hours of Operation
Monday - Friday: 10 am to 7 pm
Saturdays: 10 am to 3 pm
Sundays & Holidays: Closed

Accu-Pak™ Blister Packaging | Immunization Services Available | Free Medication Reviews | Free City-wide Delivery



**Limited Time Offer!!** Expires from April 30, 2011 to May 31, 2011



$4.99
REXALL BRAND **Calcium** 500mg 100 Tablets
+
Free Bonus Offer
REXALL Brand **Vitamin D** 1000 IU 100 Tablets

Product #749440
Buy Rexall Brand Calcium 500mg and Get Rexall Brand Vitamin D 1000IU for FREE. Limit 2 per person.



Transferring your prescription **is easy.**

With a simple exchange of information and no trouble at all, you can start to enjoy the one-to-one service and pharmacy-only focus that makes the move to The Medicine Shoppe Pharmacy a healthy one.

Visit the pharmacy for more information.

The Medicine Shoppe PHARMACY

0411CustomQue_MS170

## ਏਅਰਲਾਈਨਜ਼ ਨੂੰ ਕੈਟਰਿੰਗ ਸੇਵਾਵਾਂ ਦੇਣ ਵਾਲੇ ਕੰਪਨੀ ਦੇ ਮੁਲਾਜ਼ਮਾਂ ਨੇ ਕੀਤੀ ਹੜਤਾਲ

ਐਡਮਿੰਟਨ, (ਨਦਬ) : ਇਕ ਬਹੁ ਕੌਮੀ ਕੰਪਨੀ ਜੋ ਏਅਰਲਾਈਨਜ਼ ਨੂੰ ਕੈਟਰਿੰਗ ਸੇਵਾਵਾਂ ਮੁਹੱਈਆ ਕਰਵਾਉਂਦੀ ਹੈ, ਦੇ ਮੁਲਾਜ਼ਮ ਹੜਤਾਲ 'ਤੇ ਚਲੇ ਗਏ। ਕੰਪਨੀ ਦੀ ਤਰਜਮਾਨ ਕ੍ਰਿਸਟੀਨਾ ਉਲੋਸੇਵਿਚ ਨੇ ਕਿਹਾ ਕਿ ਕੰਪਨੀ ਅਤੇ ਯੂਨਾਈਟਿਡ ਫ਼ੂਡ ਐਂਡ ਕਮਰਸ਼ੀਅਲ ਵਰਕਰਾਂ ਦੀ ਯੂਨੀਅਨ ਦਰਮਿਆਨ ਹੋਈ ਗੱਲਬਾਤ ਦੌਰਾਨ ਸਮਝੌਤਾ ਨਾ ਹੋਣ ਪਿਛੋਂ ਯੂਨੀਅਨ ਦੇ 55 ਨੁਮਾਇੰਦੇ ਹੜਤਾਲ 'ਤੇ ਚਲੇ ਗਏ। ਯੂਨੀਅਨ ਨੇ ਕੰਪਨੀ ਦੀ ਪੇਸ਼ਕਸ਼ ਨੂੰ ਰੱਦ ਕਰ ਦਿਤਾ। ਉਲੋਸੇਵਿਚ ਨੇ ਪੇਸ਼ਕਸ਼ ਰੱਦ ਕਰਨ ਬਾਰੇ ਵਿਸਥਾਰਤ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ। ਯੂਨੀਅਨ ਅਤੇ ਕੰਪਨੀ ਦਰਮਿਆਨ 2010 ਦੇ ਅਖ਼ੀਰ ਵਿਚ ਗੱਲਬਾਤ ਸ਼ੁਰੂ ਹੋਈ ਸੀ ਪਰ ਕੰਪਨੀ ਵਲੋਂ ਮੁਲਾਜ਼ਮਾਂ ਦੀ ਤਸਦੀਕ ਕਰਨ ਦੀ ਪੇਸ਼ਕਸ਼ ਨੂੰ ਰੱਦ ਕਰ ਦਿਤਾ ਗਿਆ। ਕੰਪਨੀ ਦਾ ਪਹਿਲਾ ਨਾਮ ਕਾਰਾ ਅਪ੍ਰੇਸ਼ਨਜ਼ ਹੁੰਦਾ ਸੀ ਪਰ ਨਵੰਬਰ 2010 ਵਿਚ ਗੇਟ ਗੌਰਮਟ ਨੇ ਇਸ ਨੂੰ ਖ਼ਰੀਦ ਲਿਆ। ਯੂਨੀਅਨ ਦੇ ਨੁਮਾਇੰਦਿਆਂ ਨਾਲ ਸੰਪਰਕ ਨਹੀਂ ਹੋ ਸਕਿਆ।

## ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਦੀ ਮੌਤ ਦੀ ਪੁਸ਼ਟੀ

ਈਟਾਨਗਰ (ਨਦਬ) ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਦੋਰਜੀ ਖਾਂਡੂ ਦੀ ਹੈਲੀਕਾਪਟਰ ਹਾਦਸੇ ਵਿਚ ਮੌਤ ਦੀ ਪੁਸ਼ਟੀ ਹੋ ਗਈ ਹੈ। ਉਨ੍ਹਾਂ ਦਾ ਹੈਲੀਕਾਪਟਰ ਤਵਾਂਗੋ ਤੋਂ ਉਡਾਨ ਭਰਦਿਆਂ ਹੀ ਕੁਝ ਸਮੇਂ ਬਾਅਦ ਲਾਪਤਾ ਹੋ ਗਿਆ ਸੀ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਘਟਨਾ ਵਾਲੀ ਥਾਂ ਤੋਂ ਲਾਸ਼ਾਂ ਬਰਾਮਦ ਹੋ ਗਈਆਂ ਹਨ। ਇਸ ਹਾਦਸੇ ਵਿਚ ਉਨ੍ਹਾਂ ਨਾਲ ਉਨ੍ਹਾਂ ਦੀ ਰਿਸ਼ਤੇਦਾਰ ਮਹਿਲਾ, ਸੁਰੱਖਿਆ ਗਾਰਡ, ਹੈਲੀਕਾਪਟਰ ਦੇ ਦੋ ਅਮਲਾ ਮੈਂਬਰ ਮਾਰੇ ਗਏ ਹਨ।

## ਕੰਧ ਤੋੜ ਕੇ ਘਰ ਵਿੱਚ ਜਾ ਵੜੀ ਕਾਰ




ਐਡਮਿੰਟਨ,: ਬੁੱਧਵਾਰ ਦੁਪਹਿਰ ਨੂੰ ਇੱਕ ਕਾਰ ਮਿੱਲ ਵੂਡਜ਼ ਸਥਿਤ ਇੱਕ ਘਰ ਨਾਲ ਜਾ ਟਕਰਾਈ, ਜਿਸ ਨਾਲ ਕਾਫੀ ਨੁਕਸਾਨ ਹੋ ਗਿਆ। ਘਰ ਦਾ ਮਾਲਕ ਜੈਸੀ ਸਿੰਘ ਆਪਣੇ ਲਿਵਿੰਗ ਰੂਮ ਵਿੱਚ ਬੈਠਾ ਸੀ ਕਿ ਅਚਾਨਕ ਉਸ ਨੂੰ ਕਾਰ ਦੀ ਚਰਮਰਾਹਟ ਦੀਆਂ ਤੇਜ਼ ਅਵਾਜ਼ਾਂ ਸੁਣਾਈ ਦਿੱਤੀਆਂ, ਫਿਰ ਅਚਾਨਕ ਇੱਕ ਜ਼ੋਰਦਾਰ ਧਮਾਕਾ ਹੋਇਆ ਤੇ ਉਸ ਨੂੰ ਲੱਗਿਆ ਕਿ ਜਿਵੇਂ ਕੋਈ ਵੱਡੀ ਚੀਜ਼ ਉਸ ਦੇ ਘਰ ਨਾਲ ਟਕਰਾਈ ਹੋਵੇ। ਉਸ ਨੇ ਫੌਰਨ ਹੇਠਾਂ ਜਾ ਕੇ ਦੇਖਿਆ ਕਿ ਕਮਰੇ ਵਿੱਚ ਚਾਰੇ ਪਾਸੇ ਮਲਬਾ ਖਿਲਰਿਆ ਪਿਆ ਸੀ ਤੇ ਇੱਕ ਕਾਰ ਬੇਸਮੈਂਟ ਦੀ ਕੰਧ ਤੋੜ ਕੇ ਅੱਧੀ ਕਮਰੇ ਦੇ ਅੰਦਰ ਤੇ ਅੱਧੀ ਕਮਰੇ ਦੇ ਬਾਹਰ ਲਟਕੀ ਹੋਈ ਸੀ। ਇਹ ਚਿੱਟੇ ਰੰਗ ਦੀ ਹੌਂਡਾ ਪ੍ਰੀਲਿਊਡ ਸੀ। ਜੈਸੀ ਨੇ ਦੱਸਿਆ ਕਿ ਕਾਰ ਅਜੇ ਵੀ ਚਾਲੂ ਹਾਲਤ ਵਿੱਚ ਸੀ ਤੇ ਚਾਰੇ ਪਾਸੇ ਧੂੰਆਂ ਵੀ ਫੈਲਿਆ ਹੋਇਆ ਸੀ। ਉਹਨਾਂ ਦਸਿਆ ਕਿ ਜਿਸ ਥਾਂ ਉਤੇ ਕਾਰ ਟਕਾਰਾਈ ਸੀ ਠੀਕ ਉਸ ਦੇ ਨੇੜੇ ਹੀ ਉਸ ਦੀ ਭੈਣ ਤੇ ਜੀਜਾ ਬੈਠੇ ਸਨ। ਕਾਰ ਬਿਲਕੁਲ ਉਨ੍ਹਾਂ ਦੇ ਸਿਰਾਂ ਦੇ ਉਪਰ ਆ ਕੇ ਲਟਕ ਗਈ ਸੀ। ਪੁਲਿਸ ਦੇ ਤਰਜਮਾਨ ਚੈਡ ਓਰਿਡਜੁਕ ਨੇ ਦੱਸਿਆ ਕਿ 35 ਐਵਨਿਊ 34 ਸਟਰੀਟ ਨੇੜੇ 3:00 ਵਜੇ ਕਾਰ ਚਲਾਉਣ ਵਾਲੇ ਡਰਾਈਵਰ ਤੋਂ ਕਾਰ ਬੇਕਾਬੂ ਹੋ ਗਈ ਸੀ। ਡਰਾਈਵਰ ਖਿਲਾਫ ਅਜੇ ਦੋਸ ਪੈਂਡਿੰਗ ਹਨ। ਜੈਸੀ ਨੇ ਦੱਸਿਆ ਕਿ ਲੱਗ ਰਿਹਾ ਸੀ ਕਿ ਡਰਾਈਵਰ ਨੇ ਕੋਈ ਨਸ਼ਾ ਆਦਿ ਕੀਤਾ ਹੋਇਆ ਸੀ ਤੇ ਉਹ ਜੇਲ ਜਾਣ ਤੋਂ ਵੀ ਡਰ ਰਿਹਾ ਸੀ। ਡਰਾਈਵਰ ਨੂੰ ਮਾਮੂਲੀ ਸੱਟਾਂ ਲੱਗੀਆਂ ਦੱਸੀਆਂ ਗਈਆਂ ਹਨ

## ਹਰਬੰਸ ਬੁੱਟਰ ਦੇ ਮਾਤਾ ਜੀ ਨਹੀਂ ਰਹੇ



ਐਡਮਿੰਟਨ (ਨਦਬ) : ਪਿਛਲੇ ਦਿਨੀਂ 'ਲੋਕ ਆਵਾਜ਼' ਅਖਬਾਰ ਦੇ ਕੈਲਗਰੀ ਤੋਂ ਸਹਿ ਸੰਪਾਦਕ ਸ੍ਰੀ ਹਰਬੰਸ ਬੁੱਟਰ ਦੇ ਸਤਿਕਾਰਯੋਗ ਮਾਤਾ ਸ੍ਰੀਮਤੀ ਚੰਦਰ ਕੌਰ ਬੁੱਟਰ ਦਾ 86 ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ। ਮਾਤਾ ਚੰਦ ਕੌਰ ਬੁੱਟਰ ਜ਼ਿਲ੍ਹਾ ਬਠਿੰਡਾ ਦੇ ਪਿੰਡ ਤੁੰਗਵਾਲੀ ਵਿਖੇ ਰਹਿ ਰਹੇ ਸਨ। ਉਹਨਾਂ ਆਪਣਾ ਸਾਰਾ ਜੀਵਨ ਲੋਕ ਭਲਾਈ ਦੇ ਕੰਮਾਂ ਵਿੱਚ ਬਿਤਾਇਆ। ਅਦਾਰਾ 'ਨਵੀਂ ਦੁਨੀਆ' ਸ੍ਰੀ ਹਰਬੰਸ ਬੁੱਟਰ ਅਤੇ ਉਨ੍ਹਾਂ ਦੇ ਪਰਿਵਾਰ ਦੇ ਦੁੱਖ ਵਿਚ ਸ਼ਾਮਿਲ ਹੋ ਕੇ ਇਸ ਨੂੰ ਵੰਡਾਉਣ ਦਾ ਯਤਨ ਕਰਦਾ ਹੈ।

## ਇਕ ਹਫ਼ਤੇ 'ਚ ਦੇਣੀ ਹੋਵੇਗੀ ਐਨ.ਆਰ.ਆਈ. ਮਾਮਲਿਆਂ ਦੀ ਜਾਂਚ ਰਿਪੋਰਟ

*ਡੀ.ਜੀ.ਪੀ. ਪੰਜਾਬ ਨੇ ਜ਼ਿਲ੍ਹਾ ਪੁਲੀਸ ਅਧਿਕਾਰੀਆਂ ਨੂੰ ਦਿੱਤੇ ਸਖ਼ਤ ਹੁਕਮ*

ਚੰਡੀਗੜ੍ਹ (ਨਦਬ) ਐਨ.ਆਰ.ਆਈਜ਼. ਨਾਲ ਸਬੰਧਤ ਸ਼ਿਕਾਇਤਾਂ ਨੂੰ ਲੈ ਕੇ ਹੁਣ ਜ਼ਿਲ੍ਹਾ ਅਧਿਕਾਰੀ ਨੂੰ ਇਕ ਹਫ਼ਤੇ ਦੇ ਅੰਦਰ ਅੰਦਰ ਜਾਂਚ ਰਿਪੋਰਟ ਦੇਣੀ ਹੋਵੇਗੀ। ਇਹ ਹੁਕਮ ਡੀ.ਜੀ.ਪੀ. ਦੀ ਪ੍ਰਧਾਨਗੀ ਵਿਚ ਹੋਈ ਜ਼ਿਲ੍ਹਾ ਪੁਲੀਸ ਅਧਿਕਾਰੀਆਂ ਦੀ ਮੀਟਿੰਗ ਵਿਚ ਦਿੱਤੇ ਗਏ। ਪਿਛਲੇ ਦਿਨੀਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਨਿਰਦੇਸ਼ ਦਿੱਤੇ ਸਨ ਕਿ ਐਨ.ਆਰ.ਆਈਜ਼. ਨਾਲ ਸਬੰਧਤ ਸ਼ਿਕਾਇਤਾਂ ਦਾ ਨਿਪਟਾਰਾ ਜਲਦੀ ਕੀਤਾ ਜਾਵੇ, ਪਰ ਅਜਿਹਾ ਨਹੀਂ ਹੋ ਰਿਹਾ ਸੀ। ਇਸ ਦੇ ਮੱਦੇਨਜ਼ਰ ਇਸ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ ਸੀ।

### ਪੁਲੀਸ ਉਪਰ ਲੱਗੇ ਹਨ ਮਿਲੀਭੁਗਤ ਦੇ ਦੋਸ਼

ਪਰਵਾਸੀ ਭਾਰਤੀਆਂ ਨਾਲ ਸਬੰਧਤ ਸ਼ਿਕਾਇਤਾਂ ਦੇ ਪਿੱਛੇ ਪੁਲੀਸ ਅਧਿਕਾਰੀਆਂ ਦੀ ਵੀ ਮਿਲੀਭੁਗਤ ਸਾਹਮਣੇ ਆਈ ਹੈ, ਕਿਉਂਕਿ ਪਰਵਾਸੀ ਭਾਰਤੀਆਂ ਦੇ ਭਾਰਤ ਵਿਚ ਬੈਠੇ ਰਿਸ਼ਤੇਦਾਰ ਕਈ ਵਾਰ ਉਨ੍ਹਾਂ ਨੂੰ ਫੋਨ 'ਤੇ ਧਮਕੀ ਦਿੰਦੇ ਹਨ ਕਿ ਜੇਕਰ ਉਹ ਭਾਰਤ ਆਏ ਤਾਂ ਪੁਲੀਸ ਨਾਲ ਮਿਲ ਕੇ ਉਨ੍ਹਾਂ ਖਿਲਾਫ਼ ਝੂਠਾ ਕੇਸ ਦਰਜ ਕਰਾ ਦਿੱਤਾ ਜਾਵੇਗਾ। ਇਸ ਲਈ ਜ਼ਿਆਦਾਤਰ ਪਰਵਾਸੀ ਭਾਰਤੀ ਭਾਰਤ ਆਉਣ ਤੋਂ ਇਸ ਲਈ ਡਰਦੇ ਹਨ ਕਿ ਪੁਲੀਸ ਉਨ੍ਹਾਂ 'ਤੇ ਝੂਠਾ ਕੇਸ ਨਾ ਦਰਜ ਕਰ ਦਏ।

## ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਵਿਸਾਖੀ ਮਿਲਣੀ

ਕੈਲਗਰੀ (ਜੈਸੀ ਸਿੰਘ) ਪੰਜਾਬੀ ਸਾਹਿਤ ਸਭਾ ਕੈਲਗਰੀ ਸਾਹਿਤ ਸਭਾ ਕੈਲਗਰੀ ਦੀ ਮਹੀਨਾਵਾਰ ਮਿਲਣੀ ਬੀਤੇ ਦਿਨੀਂ ਸਭਾ ਦੇ ਪ੍ਰਧਾਨ ਸੁਰਿੰਦਰ ਜੀਤ ਦੀ ਪ੍ਰਧਾਨਗੀ ਹੇਠ ਹੋਈ। ਇਸ ਮਹੀਨਾਵਾਰ ਮਿਲਣੀ ਦਾ ਮੁੱਖ ਵਿਸ਼ਾ ਵਿਸਾਖੀ ਰੱਖਿਆ ਗਿਆ। ਸ਼ੁਰੂ ਵਿਚ ਜਗਵੀਰ ਸਹੋਤਾ ਨੇ ਵਿਸਾਖੀ ਦੇ ਇਤਿਹਾਸ 'ਤੇ ਚਾਨਣਾ ਪਾਇਆ। ਉਪਰੰਤ ਸੁਰਦਿੰਰ ਗੀਤ ਨੇ ਪੰਜਾਬੀ ਸਭਿਆਚਾਰ ਤੇ ਵਿਰਸੇ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਅੱਜ ਕਲ ਰੇਡੀਓ ਅਤੇ ਟੀ.ਵੀ. 'ਤੇ ਜੋ ਲੱਚਰ ਗੀਤ ਪ੍ਰਚੱਲਤ ਹੋ ਰਹੇ ਹਨ, ਉਹ ਬਹੁਤ ਹੀ ਗੰਭੀਰ ਵਿਸ਼ਾ ਹੈ, ਇਸ ਨੂੰ ਰੋਕਣ ਦੇ ਯਤਨ ਕਰਨੇ ਚਾਹੀਦੇ ਹਨ। ਗੁਰਦਿਆਲ ਸਿੰਘ ਖਹਿਰਾ ਨੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਉਹ ਪੰਜਾਬੀ ਸਭਿਆਚਾਰ ਦਾ ਅੰਗ ਹਨ। ਸੁਰਜੀਤ ਸਿੰਘ ਸ਼ੀਤਲ ਨੇ ਖਾਲਸੇ ਦੀ ਸਿਰਜਣਾ 'ਤੇ ਚਾਨਣਾ ਪਾਉਣ ਤੋਂ ਬਾਅਦ ਅਖੌਤੀ ਬਾਬਿਆਂ, ਸਾਧੂਆਂ, ਭਰੂਣ ਹਤਿਆ, ਰਾਜਨੀਤੀ ਵਿਚ ਆ ਰਹੀ ਗਿਰਾਵਟ 'ਤੇ ਕਵਿਤਾ ਸੁਣਾਈ। ਸਰੂਪ ਸਿੰਘ ਮੰਡੇਰ ਨੇ ਮੁੰਬਈ ਹਮਲਿਆਂ 'ਤੇ ਕਵਿਤਾ, ਹਰਮਿੰਦਰ ਸਿੰਘ ਪਲਾਹਾ ਨੇ 'ਅਜੋਕੀ ਸਿਆਸਤ' 'ਤੇ ਕਵਿਤਾ, ਅਜਾਇਬ ਸਿੰਘ ਸੇਖੋਂ ਨੇ 'ਵਿਸਾਖੀ' 'ਤੇ ਕਵਿਤਾ, ਪਰਮਜੀਤ ਸਿੰਘ ਬਾਠ ਨੇ ਵਿਸਾਖੀ 'ਤੇ ਕਵਿਤਾ, ਜਸਵੰਤ ਸਿੰਘ ਹਿਸੋਵਾਲ ਨੇ ਸਮਾਜਕ ਬੁਰਾਈਆਂ 'ਤੇ ਕਵਿਤਾ, ਰਾਜ ਹੁੰਦਲ ਨੇ 'ਅੱਜ ਕੀ ਪਕਾਈਏ' ਨਾਂ ਦੀ ਕਵਿਤਾ, ਆਲਮਜੀਤ ਦੀਵਾਨਾ ਨੇ 'ਭਰਮ ਅਤੇ ਵਹਿਮ' ਨਾਂ ਦੀ ਕਵਿਤਾ, ਸਵਰਨ ਸਿੰਘ ਸੰਧੂ ਨੇ 'ਹੱਡ ਬੀਤੀ-ਜੱਗ ਬੀਤੀ' ਕਿਤਾਬ ਵਿਚੋਂ ਕਵਿਤਾ, ਜਰਨੈਲ ਸਿੰਘ ਤੱਗੜ ਨੇ ਗ਼ਜ਼ਲ ਸੁਣਾ ਕੇ ਵਾਹ ਵਾਹ ਖੱਟੀ। ਇਸ ਮਹੀਨਾਵਾਰ ਮਿਲਣੀ 'ਚ ਪਹੁੰਚੇ ਸਰੋਤਿਆਂ ਅਤੇ ਮੈਂਬਰਾਂ ਦੀ ਚਾਹ-ਪਾਣੀ ਦੀ ਸੇਵਾ ਜਸਵੀਰ ਸਿੰਘ ਸਹੋਤਾ ਵਲੋਂ ਉਨ੍ਹਾਂ ਦੀ ਪੋਤਰੀ ਦੇ ਜਨਮ ਦੀ ਖੁਸ਼ੀ ਵਿਚ ਨਿਭਾਈ ਗਈ।

Asian Western Grocery Store
8324 - 160 Ave. Edmonton, AB. T5Z 3P1

NOW OPEN

All indian, Fijian, South African Grocery

ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।








For more information call
Balraj @
780-756-2225
780-660-2061

ਕੁਲ ਸੰਸਾਰ ਇਕ ਪਰਿਵਾਰ...

ਨਵੀਂ ਦੁਨੀਆ

ਸੰਪਾਦਕੀ

# ਕਨੇਡੀਅਨ ਚੋਣ ਨਤੀਜਿਆਂ ਦੇ ਅਰਥ

ਕਨੇਡਾ ਦੀਆਂ ਸੰਸਦੀ ਚੋਣਾਂ ਵਿਚ ਸਟੀਫਨ ਹਾਰਪਰ ਦੀ ਅਗਵਾਈ ਵਿਚ ਕੰਜ਼ਰਵੇਟਿਵ ਪਾਰਟੀ ਨੂੰ 308 ਸੀਟਾਂ ਵਿਚੋਂ 167 ਸੀਟਾਂ ਨਾਲ ਸਪਸ਼ਟ ਬਹੁਮਤ ਮਿਲਣਾ, ਲਿਬਰਲ ਪਾਰਟੀ ਦਾ ਮੁਖ ਵਿਰੋਧੀ ਧਿਰ ਦਾ ਰੁਤਬਾ ਖੁਸਣਾ ਅਤੇ ਖੱਬੇ ਰੁਝਾਨ ਵਾਲੀ ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) ਦਾ ਪਹਿਲੀ ਵਾਰ ਅਧਿਕਾਰਤ ਤੌਰ 'ਤੇ ਮੁਖ ਵਿਰੋਧੀ ਪਾਰਟੀ ਬਣ ਜਾਣਾ, ਕਨੇਡੀਅਨ ਸੰਸਦੀ ਇਤਿਹਾਸ ਦਾ ਸਭ ਤੋਂ ਵੱਡਾ ਉਲਟ ਫੇਰ ਹੈ। ਇਨ੍ਹਾਂ ਨਤੀਜਿਆਂ ਵਿਚ ਕੇਨੇਡੀਅਨ ਜਨ-ਮਾਨਸ ਦੀ ਅੰਦਰਲੀ ਉਥਲ-ਪੁਥਲ ਦੇ ਸਪਸ਼ਟ ਸੰਕੇਤ ਦਿਖਾਈ ਦੇ ਰਹੇ ਹਨ।

ਸਟੀਫਨ ਹਾਰਪਰ ਦੀ ਪਾਰਟੀ ਕੰਜ਼ਰਵੇਟਿਵ ਪਾਰਟੀ ਨੂੰ ਇਸ ਤੋਂ ਪਹਿਲਾਂ ਤਿੰਨ ਚੋਣਾਂ ਵਿਚ ਬਹੁਮਤ ਨਹੀਂ ਮਿਲਿਆ ਸੀ। ਪਾਰਟੀ ਨੂੰ ਸਾਲ 2004 ਵਿਚ 99, ਸਾਲ 2006 ਵਿਚ 124 ਅਤੇ 2008 ਵਿਚ 143 ਸੀਟਾਂ ਮਿਲੀਆਂ ਸਨ ਤੇ ਕਨੇਡਾ ਦਾ ਅਵਾਮ ਘੱਟ-ਗਿਣਤੀ ਸਰਕਾਰ ਦੇ ਅਸਥਿਰ ਦੌਰ ਵਿਚ ਦਾਖ਼ਲ ਹੋ ਗਿਆ ਸੀ। ਇਸੇ ਕਾਰਨ ਐਤਕੀਂ ਜਦੋਂ ਸਟੀਫਨ ਹਾਰਪਰ ਸਰਕਾਰ ਡਿੱਗੀ ਤਾਂ ਮੁਲਕ ਨੂੰ ਜ਼ਿਮਨੀ ਚੋਣਾਂ ਦਾ ਭਾਰ ਢੋਹਣਾ ਪਿਆ। ਚੋਣ ਨਤੀਜਿਆਂ ਤੋਂ ਜਾਹਿਰ ਹੈ ਕਿ ਲਿਬਰਲ ਪਾਰਟੀ ਆਪਣੀ ਕਮਜ਼ੋਰ ਕਾਰਗੁਜ਼ਾਰੀ ਅਤੇ ਜ਼ਿਮਨੀ ਚੋਣਾਂ ਦੇ ਅਚਨਚੇਤ ਭਾਰ ਕਾਰਣ ਲੋਕਾਂ ਦੀ ਬਹੁਤੀ ਤਸੱਲੀ ਨਹੀ ਕਰਵਾ ਸਕੀ ਅਤੇ ਉਹਨਾਂ ਦਾ ਬਹੁਤਾ ਸੱਜੇ ਪੱਖੀ ਪ੍ਰਭਾਵ ਇੱਕ ਸਥਿਰ ਸਰਕਾਰ ਬਣਾਉਣ ਦੀ ਲਲਕ ਵਿੱਚ ਕੰਜਰਵੇਟਿਵ ਦੇ ਹੱਕ ਵਿੱਚ ਭੁਗਤ ਗਿਆ, ਘੱਟੋ-ਘੱਟ ਉਨਟਾਰੀਉ ਦੇ ਨਤੀਜੇ ਇਸੇ ਗੱਲ ਦੇ ਸਪੱਸਟ ਸੰਕੇਤ ਦਿੰਦੇ ਹਨ। ਅੱਜ ਕੰਜ਼ਰਵੇਟਿਵ ਪਾਰਟੀ ਨੂੰ 167 ਸੀਟਾਂ ਨਾਲ ਇਕ ਸਥਿਰ ਸਰਕਾਰ ਬਣਾਉਣ ਦਾ ਮੌਕਾ ਮਿਲਿਆ ਹੈ । ਹੁਣ ਇਹ ਸਥਿਰ ਸਰਕਾਰ ਕਨੇਡੀਅਨ ਜਨਤਾ ਦੀਆਂ ਭਾਵਨਾਵਾਂ, ਆਸਾਂ ਅਤੇ ਉਮੀਦਾਂ ਦੀ ਕਿੰਨੀ ਕੁ ਕਦਰ ਕਰਦੀ ਹੈ, ਇਹ ਇਹਦੇ ਕੰਮ ਕਰਨ ਦੇ ਤੌਰ ਤਰੀਕਿਆਂ 'ਤੇ ਨਿਰਭਰ ਕਰਦਾ ਹੈ ਪਰ ਇਕ ਗੱਲ ਸਾਫ ਹੈ ਕਿ ਕਨੇਡੀਅਨ ਵੋਟਰਾਂ ਵਿਚ ਹੁਣ ਇਹ ਅਹਿਸਾਸ ਪੂਰੀ ਤਰ੍ਹਾਂ ਘਰ ਕਰ ਗਿਆ ਹੈ ਕਿ ਜਿਹੜੀ ਵੀ ਸਿਆਸੀ ਧਿਰ ਮੁਲਕ ਅਤੇ ਲੋਕਾਂ ਦੇ ਹਿੱਤਾਂ ਨੂੰ ਪਹਿਲ ਨਹੀਂ ਦੇਵੇਗੀ, ਉਹਨੂੰ ਉਹ ਸਰਕਾਰ ਵਿਚੋਂ ਹੀ ਨਹੀਂ, ਰਾਜਸੀ ਮੈਦਾਨ ਵਿਚੋਂ ਵੀ ਬਾਹਰ ਦਾ ਰਸਤਾ ਦਿਖਾਉਣ ਦੀ ਤਾਕਤ ਰੱਖਦੇ ਹਨ। ਪਾਰਲੀਮਾਨੀ ਜਮਹੂਰੀਅਤ ਵਿਚ ਇਹ ਵੋਟ ਦੀ ਸ਼ਕਤੀ ਦਾ ਪ੍ਰਮਾਣ ਵੀ ਹੈ।

ਇਸੇ ਵੋਟ ਦੀ ਸ਼ਕਤੀ ਨੇ ਦੂਸਰਾ ਸਭ ਤੋਂ ਅਹਿਮ ਕੰਮ ਕੀਤਾ ਹੈ ਲਿਬਰਲ ਪਾਰਟੀ ਨੂੰ ਕਨੇਡਾ ਦੀ ਸਿਆਸਤ ਵਿਚੋਂ ਲਗਭਗ ਬੇਦਖ਼ਲ ਕਰਨ ਦਾ। ਲਿਬਰਲ ਪਾਰਟੀ ਦਾ ਆਧਾਰ ਲਗਾਤਾਰ ਖਿਸਕਦਾ ਹੀ ਗਿਆ ਹੈ। 2004 ਵਿਚ ਜਿਥੇ ਲਿਬਰਲ ਪਾਰਟੀ ਨੂੰ 135 ਸੀਟਾਂ ਮਿਲੀਆਂ, ਉਥੇ 2006 ਵਿਚ ਘੱਟ ਕੇ ਇਹ 103 ਤੇ 2009 ਵਿਚ ਸਿਰਫ਼ 77 ਸੀਟਾਂ ਰਹਿ ਗਈਆਂ ਤੇ ਤਾਜ਼ਾ ਚੋਣਾਂ ਵਿਚ ਲਿਬਰਲ ਪਾਰਟੀ ਨੂੰ ਸਿਰਫ਼ 34 ਸੀਟਾਂ ਮਿਲੀਆਂ ਹਨ। ਇਹਦੇ ਕੀ ਅਰਥ ਹਨ? ਅਰਥ ਤਾਂ ਬਿਲਕੁਲ ਸਾਫ਼ ਹਨ ਕਿ ਜੇਕਰ ਮੁੱਖ ਵਿਰੋਧੀ ਧਿਰ ਆਪਣੀ ਬਣਦੀ ਭੂਮਿਕਾ ਨਿਭਾਉਣ ਵਿਚ ਨਾਕਾਮ ਰਹੇਗੀ ਤਾਂ ਲੋਕ ਬਹੁਤੀ ਦੇਰ ਬਰਦਾਸ਼ਤ ਨਹੀਂ ਕਰਨਗੇ।

ਕਨੇਡੀਅਨ ਸੰਸਦੀ ਇਤਿਹਾਸ ਦੀ ਸਭ ਤੋਂ ਵੱਡੀ ਤਬਦੀਲੀ ਖੱਬੇ ਪੱਖੀ ਰੁਝਾਨ ਵਾਲੀ ਨਿਊ ਡੈਮੋਕਰੇਟਿਕ ਪਾਰਟੀ ਦੇ ਤਾਜ਼ਾ ਉਭਾਰ ਨਾਲ ਹੋਈ ਹੈ। ਇਹ ਕੋਈ ਛੋਟੀ ਗੱਲ ਨਹੀਂ ਹੈ ਕਿ ਜਿਹੜੀ ਐਨ.ਡੀ.ਪੀ. ਕੋਲ 2004 ਵਿਚ ਸਿਰਫ਼ 16 ਸੀਟਾਂ ਸਨ, ਉਹਨੇ ਲਗਾਤਾਰ ਆਪਣੀ ਤਾਕਤ ਵਿਚ ਇਜ਼ਾਫ਼ਾ ਕੀਤਾ। ਜਿਹਦਾ ਪ੍ਰਗਟਾਵਾ 2006 ਤੋਂ ਹੀ ਹੋਣਾ ਸ਼ੁਰੂ ਹੋ ਗਿਆ ਸੀ, ਜਦੋਂ ਇਹਦੀਆਂ ਸੀਟਾਂ 16 ਤੋਂ ਵਧ ਕੇ 29 ਹੋ ਗਈਆਂ ਤੇ 2008 ਵਿਚ ਇਹ 37 ਸੀਟਾਂ ਹਾਸਲ ਕਰ ਗਈ ਪਰ ਤਾਜ਼ਾ ਚੋਣਾਂ ਵਿਚ 37 ਤੋਂ ਉਠ ਕੇ ਸਿੱਧੇ 102 ਸੀਟਾਂ 'ਤੇ ਪੁੱਜ ਜਾਣਾ ਤੇ ਲਿਬਰਲ ਪਾਰਟੀ ਤੋਂ ਵਿਰੋਧੀ ਧਿਰ ਦਾ ਤਾਜ ਖੋਹ ਕੇ ਅਧਿਕਾਰਤ ਤੌਰ 'ਤੇ ਮੁਖ ਵਿਰੋਧੀ ਧਿਰ ਦਾ ਰੁਤਬਾ ਹਾਸਲ ਕਰ ਲੈਣਾ, ਕਨੇਡੀਅਨ ਅਵਾਮ ਦੇ ਬਦਲਦੇ ਹੋਏ ਤੇਵਰਾਂ ਵੱਲ ਹੀ ਸੰਕੇਤ ਕਰ ਰਿਹਾ ਹੈ। ਐਨ.ਡੀ.ਪੀ. ਦੀ ਇਹ ਕਾਮਯਾਬੀ ਇਨ੍ਹਾਂ ਅਰਥਾਂ ਵਿਚ ਹੋਰ ਵੀ ਵੱਡੀ ਹੋ ਜਾਂਦੀ ਹੈ ਕਿ ਅੱਜ ਜਦੋਂ ਸੰਸਾਰ ਆਰਥਕ ਮੰਦਹਾਲੀ ਦੇ ਦੌਰ ਵਿਚੋਂ ਲੰਘ ਰਿਹਾ ਹੈ ਤਾਂ ਐਨ.ਡੀ.ਪੀ. ਕੋਲ ਇਸ ਸੰਕਟ 'ਚੋਂ ਪਾਰ ਜਾਣ ਲਈ ਤਰਕ ਦਾ ਹਥਿਆਰ ਹੈ ਪਰ ਨਾਲ ਹੀ ਐਨ.ਡੀ.ਪੀ. ਦੀ ਮੁਲਕ ਪ੍ਰਤੀ ਜ਼ਿੰਮੇਵਾਰੀ ਵੀ ਅਚਾਨਕ ਵੱਧ ਗਈ ਹੈ। ਇਹਨੂੰ ਲਿਬਰਲ ਪਾਰਟੀ ਦੇ ਹਸ਼ਰ ਤੋਂ ਸਬਕ ਲੈਂਦਿਆਂ ਕਨੇਡਾ ਦੇ ਬਿਹਤਰ ਭਵਿੱਖ ਲਈ ਲਾਜ਼ਮੀ ਤੌਰ 'ਤੇ ਵਧੇਰੇ ਸੰਜੀਦਗੀ ਨਾਲ ਮੁੱਖ ਵਿਰੋਧੀ ਧਿਰ ਦੇ ਤੌਰ 'ਤੇ ਸਕਾਰਾਤਮਕ ਭੂਮਿਕਾ ਨਿਭਾਉਣੀ ਪਵੇਗੀ। ਕਨੇਡਾ ਦੇ ਅਵਾਮ ਨੇ ਇਸੇ ਆਸ ਨਾਲ ਐਨ.ਡੀ.ਪੀ. ਨੂੰ ਇਹ ਵੱਡੀ ਜ਼ਿੰਮੇਵਾਰੀ ਸੌਂਪੀ ਹੈ। ਇਥੇ ਇਹ ਗੱਲ ਵੀ ਦੇਖਣ ਵਾਲੀ ਹੈ ਕਿ ਕਨੇਡੀਅਨ ਵੋਟਰ ਨੇ ਆਪਣੀ ਸੂਝ ਬੂਝ ਦਾ ਪ੍ਰਮਾਣ ਦਿੰਦਿਆਂ ਭਵਿੱਖ ਦੇ ਰਾਜਸੀ ਨਕਸ਼ੇ ਨੂੰ ਵੀ ਉਲੀਕ ਲਿਆ ਹੈ। ਉਹ ਇਹ ਹੈ ਕਿ ਇਕ ਸਥਿਰ ਸਰਕਾਰ ਹੁੰਦਿਆਂ ਵੀ ਹੁਣ ਜੇਕਰ ਸਟੀਫਨ ਹਾਰਪਰ ਦੀ ਅਗਵਾਈ ਵਿਚ ਕਨੇਡਾ ਦੇ ਭਵਿੱਖ ਨੂੰ ਸੰਵਾਰਨ ਵਿਚ ਕੰਜ਼ਰਵੇਟਿਵ ਪਾਰਟੀ ਨਾਕਾਮ ਰਹਿੰਦੀ ਹੈ ਤਾਂ ਕਨੇਡੀਅਨ ਜਨਤਾ ਅਗਲੀਆਂ ਚੋਣਾਂ ਵਿਚ ਐਨ.ਡੀ.ਪੀ. 'ਤੇ ਆਪਣੀ ਸਾਰੀ ਟੇਕ ਰੱਖੇਗੀ। ਇਹ ਸੰਭਾਵਨਾ ਵੀ ਕੰਜ਼ਰਵੇਟਿਵ ਪਾਰਟੀ ਨੂੰ ਕੁਝ ਵੀ ਗਲਤ ਕਰਨ ਤੋਂ ਵਰਜਦੀ ਰਹੇਗੀ।

ਜਿਥੋਂ ਤਕ ਇੰਡੋ ਕਨੇਡੀਅਨ, ਖਾਸ ਤੌਰ 'ਤੇ ਪੰਜਾਬੀ ਉਮੀਦਵਾਰਾਂ ਦੀਆਂ ਜਿੱਤਾ-ਹਾਰਾਂ ਦਾ ਸਵਾਲ ਹੈ ਤਾਂ ਇਥੇ ਵੀ ਨਿੱਜੀ ਉਮੀਦਵਾਰਾਂ ਵੱਲ ਲੋਕਾਂ ਦਾ ਰੁਝਾਨ ਨਵਿਆਂ ਨੂੰ ਅੱਗੇ ਲਿਆਉਣ ਦਾ ਹੀ ਦਿਖਾਈ ਦਿੱਤਾ ਹੈ। ਕਈ ਵਰ੍ਹਿਆਂ ਤੋਂ ਜਿਨ੍ਹਾਂ ਨੂੰ ਲੋਕ ਆਪਣੀਆਂ ਅੱਖਾਂ ਦੀਆਂ ਪਲਕਾਂ 'ਤੇ ਬਿਠਾਉਂਦੇ ਰਹੇ, ਉਹਨਾਂ ਦਾ ਪਾਣੀ ਇਸ ਵਾਰ ਉਤਰ ਗਿਆ ਹੈ। ਉਜੱਲ ਦੁਸਾਂਝ, ਗੁਰਬਖ਼ਸ਼ ਮੱਲੀ, ਨਵਦੀਪ ਬੈਂਸ, ਰੂਬੀ ਢੱਲਾ ਅਤੇ ਸੁਖ ਧਾਲੀਵਾਲ ਦਾ ਹਾਰ ਜਾਣਾ ਅਤੇ ਬਲ ਗੋਸਲ, ਪਰਮ ਗਿੱਲ, ਟਿਮ ਉਪਲ, ਦਵਿੰਦਰ ਸ਼ੌਰੀ, ਨੀਨਾ ਗਰੇਵਾਲ, ਜਸਵੀਰ ਸੰਧੂ, ਦੀਪਕ ਓਬਰਾਏ, ਜਿੰਨੀ ਸਿਮਜ਼ ਅਤੇ ਜਸਵੀਰ ਸੰਧੂ ਦਾ ਜਿੱਤ ਜਾਣਾ, ਇਸੇ ਗੱਲ ਦਾ ਪ੍ਰਤੀਕ ਹੈ। ਉਜੱਲ ਦੁਸਾਂਝ ਦਾ ਹਾਰਨਾ ਇਸ ਗੱਲ ਵੱਲ ਵੀ ਸੰਕੇਤ ਹੈ ਕਿ ਦਲ ਬਦਲ ਨੇ ਪਹਿਲਾਂ ਹੀ ਉਹਨਾਂ ਦੀ ਰਾਜਸੀ ਦਿੱਖ ਨੂੰ ਚੰਗੀ ਠੇਸ ਪਹੁੰਚਾਈ ਸੀ ਅਤੇ ਹੁਣ ਉਹਨਾਂ ਵਲੋਂ ਸਭ ਮੁੱਖ ਰਾਜਸੀ ਮੁੱਦਿਆਂ ਨੂੰ ਛੱਡ ਕੇ ਹਲਕੇ ਦੇ ਲੋਕਾਂ ਨੂੰ ਅੱਤਵਾਦ ਦੇ ਮੁੱਦੇ ਲਾਮਬੰਦ ਕਰਨ ਨੇ, ਉਹਨਾਂ ਦੇ ਇੱਕ ਪਰਪੱਕ ਸਿਆਸਤਦਾਨ ਦੇ ਅਕਸ ਵਾਲੇ ਪ੍ਰਭਾਵ ਦਾ ਨੁਕਸਾਨ ਵੀ ਕੀਤਾ ਹੈ। ਰੂਬੀ ਢੱਲਾ ਮੈਂਬਰ ਪਾਰਲੀਮੈਂਟ ਨਾਲੋਂ ਇਕ ਫੈਸ਼ਨ ਮਾਡਲ ਦੇ ਤੌਰ 'ਤੇ ਵਧੇਰੇ ਸਰਗਰਮ ਦਿਖਾਈ ਦਿੰਦੇ ਰਹੇ, ਪਿੱਛੇ ਜਿਹੇ ਪੰਜਾਬ ਦੌਰੇ ਦੌਰਾਨ ਤਾਂ ਉਨ੍ਹਾਂ ਜਲੰਧਰ ਵਿਚ ਆਪਣਾ ਇਕ ਵਿਸ਼ੇਸ਼ ਫੋਟੋ ਸੈਸ਼ਨ ਵੀ ਕਰਵਾਇਆ। ਲਾਜ਼ਮੀ ਤੌਰ 'ਤੇ ਜਿਹੜੇ ਸੰਜੀਦਾ ਲੋਕ ਹੁੰਦੇ ਹਨ, ਉਹ ਇਕ ਮੈਂਬਰ ਪਾਰਲੀਮੈਂਟ ਤੋਂ ਇਹ ਹੀ ਆਸ ਕਰਦੇ ਹਨ ਕਿ ਉਹ ਆਪਣੇ ਹਲਕੇ ਅਤੇ ਮੁਲਕ ਦੇ ਬੇਹਤਰ ਭਵਿੱਖ ਲਈ ਕੰਮ ਕਰੇ। ਲੋਕਾਂ ਦੀ ਇਸੇ ਨਾਰਾਜ਼ਗੀ ਨੇ ਹੀ ਸ਼ਾਇਦ ਉਨ੍ਹਾਂ ਨੂੰ 10 ਹਜ਼ਾਰ ਵੋਟਾਂ ਦੇ ਵੱਡੇ ਫਰਕ ਨਾਲ ਹਰਾ ਦਿੱਤਾ ਹੈ। ਗੁਰਬਖਸ਼ ਮੱਲੀ 1993 ਤੋਂ ਲਗਾਤਾਰ ਐਮ.ਪੀ. ਚੱਲੇ ਆ ਰਹੇ ਸਨ, ਉਨ੍ਹਾਂ ਦਾ ਹਾਰ ਜਾਣਾ ਵੀ ਇਸੇ ਪਾਸੇ ਵੱਲ ਸੰਕੇਤ ਕਰਦਾ ਹੈ ਕਿ ਲੋਕਾਂ ਨੂੰ ਹੁਣ ਕੁਝ ਨਵਾਂ ਅਤੇ ਅਨੋਖਾ ਚਾਹੀਦਾ ਹੈ।

ਕੁਲ ਮਿਲਾ ਕੇ ਕਨੇਡੀਅਨ ਜਨਤਾ ਸੱਜੇ ਤੇ ਖੱਬੇ ਰੁਝਾਨ ਵਿਚ ਤਿੱਖੀ ਵੰਡੀ ਗਈ ਹੈ ਅਤੇ ਉਸ ਨੇ ਕਮਜ਼ੋਰ ਅਤੇ ਵਿੱਚ-ਵਿਚਾਲੇ ਦੀ ਸਿਆਸਤ ਨੂੰ ਨਕਾਰ ਦਿੱਤਾ ਹੈ। ਬੇਸ਼ੱਕ ਸਟੀਵਨ ਹਾਰਪਰ ਇਸ ਰੁਝਾਨ ਦਾ ਫਾਇਦਾ ਉਠਾਉਣ ਵਿੱਚ ਕਾਮਯਾਬ ਹੋਏ ਹਨ। ਜਿਥੇ ਜਨਤਾ ਨੇ ਸਟੀਫਨ ਹਾਰਪਰ ਨੂੰ ਇਕ ਸਥਿਰ ਸਰਕਾਰ ਦੇ ਕੇ ਇਹ ਮੌਕਾ ਦਿੱਤਾ ਹੈ ਕਿ ਉਹ ਹੁਣ ਤਾਂ ਕੁਝ ਕਰ ਕੇ ਦਿਖਾਉਣ, ਉਥੇ ਲਿਬਰਲਾਂ ਤੋਂ ਮੁੱਖ ਵਿਰੋਧੀ ਧਿਰ ਦਾ ਮੁਕਟ ਖੋਹ ਕੇ ਐਨ.ਡੀ.ਪੀ. ਨੂੰ ਇਹ ਇਤਿਹਾਸਕ ਕਾਰਜ ਸੌਂਪਿਆ ਹੈ ਕਿ ਉਹ ਆਪਣੀ ਬੇਹਤਰ ਕਾਰਗੁਜ਼ਾਰੀ ਦਿਖਾਉਂਦਿਆਂ ਕਨੇਡੀਅਨ ਅਵਾਮ ਦੀਆਂ ਉਮੀਦਾਂ ਮੁਤਾਬਕ ਕੰਮ ਕਰੇ। ਇਹ ਹੁਣ ਕੰਜ਼ਰਵੇਟਿਵ ਪਾਰਟੀ ਅਤੇ ਐਨ.ਡੀ.ਪੀ. ਲਈ ਇਮਤਿਹਾਨ ਦੀ ਘੜੀ ਹੈ ਕਿ ਉਹ ਆਪਣੇ ਆਪ ਨੂੰ ਸਾਬਤ ਕਰਨ। ਨਾਲ ਹੀ ਇਹ ਵੀ ਦੇਖਣ ਵਾਲੀ ਗੱਲ ਹੋਵੇਗੀ ਕਿ ਸਟੀਫਨ ਹਾਰਪਰ ਇਸ ਮਜ਼ੌਰਟੀ ਸਰਕਾਰ ਨਾਲ ਕਨੇਡੀਅਨ ਅਵਾਮ ਲਈ ਕੀ ਕਰਦੇ ਹਨ। ਇਹ ਉਨ੍ਹਾਂ ਲਈ ਵੀ ਚੁਣੌਤੀ ਹੈ।

ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ
ਸੁਸ਼ੀਲ ਦੁਸਾਂਝ

ਸਲਾਹਕਾਰ ਬੋਰਡ — ਡਾ ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)

2nd Floor 3448 – 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: info@nawidunia.com

# ਮਰਨ ਵਰਤ, ਕਾਰਪੋਰੇਟ ਮੀਡੀਆ ਤੇ ਭ੍ਰਿਸ਼ਟਾਚਾਰ

ਪ੍ਰੋ. ਰਾਕੇਸ਼ ਰਮਨ



ਨਵੀਂ ਦਿੱਲੀ ਦੇ ਜੰਤਰ ਮੰਤਰ 'ਤੇ ਅੰਨਾ ਹਜ਼ਾਰੇ ਦਾ ਧਰਨਾ ਤੇ ਮਰਨ ਵਰਤ ਖਤਮ ਹੋ ਗਿਆ ਹੈ। ਸਰਕਾਰ ਨੇ ਗਾਂਧੀ-ਵਾਦੀ ਸਮਾਜਸੇਵੀ ਦੀ ਮੰਗ ਮੰਨਦਿਆਂ 10 ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਹੈ, ਜਿਹੜੀ ਤਜਵੀਜ਼ਸ਼ੁਦਾ ਜਨ ਲੋਕਪਾਲ ਬਿਲ ਦਾ ਖਰੜਾ ਤਿਆਰ ਕਰੇਗੀ ਤੇ ਇਸ ਖਰੜੇ ਨੂੰ ਕਾਨੂੰਨੀ ਸ਼ਕਲ ਦੇਣ ਲਈ ਨੇੜ੍ਹ ਭਵਿੱਖ ਵਿਚ ਸੰਸਦ 'ਚ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ। ਜਨ ਲੋਕਪਾਲ ਪ੍ਰਸਤਾਵਿਤ ਬਿੱਲ ਦਾ ਉਦੇਸ਼ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦੇ ਰੂਪ ਵਿੱਚ ਤਰਾਸ਼ਿਆ ਗਿਆ। ਕੁੱਝ ਇਕ ਦਿਨਾਂ ਵਿਚ ਹੀ ਅੰਨਾ ਹਜ਼ਾਰੇ ਨੂੰ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੇ ਨਾਇਕ ਵਜੋਂ ਉਭਾਰ ਦਿੱਤਾ ਗਿਆ। ਇਹ ਕਾਰਨਾਮਾ ਕਰ ਦਿਖਾਉਣ ਵਿਚ ਭਾਰਤ ਦੇ ਕਾਰਪੋਰੇਟ ਇਲੈਕਟ੍ਰੌਨਿਕ ਮੀਡੀਆ ਦੀ ਭੂਮਿਕਾ ਕੁੰਜੀਵਤ ਰਹੀ।

ਜਦੋਂ ਯੂਰਪੀਨਾਂ ਨੇ ਮੱਧਕਾਲੀ ਸੁਤੰਤਰ ਭਾਰਤ ਨੂੰ ਅਪਣੀ ਬਸਤੀ ਵਿਚ ਤਬਦੀਲ ਕਰਨ ਦੀ ਪ੍ਰਕਿਰਿਆ ਆਰੰਭੀ ਤਾਂ ਉਨ੍ਹਾ ਪੱਛਮ ਵਿੱਚ ਇਹ ਪ੍ਰਚਾਰ ਕੀਤਾ ਕਿ ਭਾਰਤ ਨਵਾਬਾਂ, ਜਾਦੂਗਰਾਂ, ਮਦਾਰੀਆਂ ਤੇ ਸਪੇਰਿਆਂ ਦਾ ਦੇਸ਼ ਹੈ। ਜ਼ਾਹਿਰ ਹੈ ਕਿ ਉਨ੍ਹਾਂ ਅਜਿਹਾ ਭਾਰਤ ਨੂੰ ਨੀਵਾਂ ਦਿਖਾਉਣ ਲਈ ਕੀਤਾ। ਭਾਰਤ ਵਿਚ ਸਥਾਪਿਤ ਇਲੈਕਟ੍ਰੌਨਿਕ ਮੀਡੀਆ ਸ਼ਾਇਦ ਅਜੇ ਵੀ ਇਸੇ ਧਾਰਨਾ 'ਤੇ ਕਾਇਮ ਹੈ। ਸੁਬ੍ਹਾ ਸਵੇਰੇ ਹੀ ਲਗਭਗ ਸਾਰੇ ਨਿੱਜੀ ਟੀ.ਵੀ. ਚੈਨਲ ਰਾਸ਼ੀਫਲ, ਗ੍ਰਹਿ ਫਲ, ਭਵਿੱਖਬਾਣੀ, ਨਗਾਂ ਆਦਿ ਦੀ ਚਰਚਾ ਦੇ ਪ੍ਰੋਗਰਾਮ ਪ੍ਰਸਾਰਿਤ ਕਰਨ ਲਗਦੇ ਹਨ। ਚਰਚਾ ਕਰਨ ਵਾਲੇ ਵਿਅਕਤੀ ਥੋੜ੍ਹੇ ਬਹੁਤੇ ਫਰਕ ਨਾਲ ਉਹੀ ਲੋਕ ਹੁੰਦੇ ਹਨ, ਜਿਨ੍ਹਾਂ ਦਾ ਹਵਾਲਾ ਯੂਰਪੀਨ ਪੱਛਮ ਵਿੱਚ ਭਾਰਤ ਨੂੰ ਨੀਵਾਂ ਦਿਖਾਉਣ ਲਈ ਦਿੰਦੇ ਹੁੰਦੇ ਸਨ। ਸੁਬ੍ਹਾ ਸਵੇਰੇ ਕਿਸੇ ਵਿਗਿਆਨੀ, ਸਿੱਖਿਆ ਸ਼ਾਸਤਰੀ, ਵਿਸ਼ਾ ਮਾਹਿਰ, ਵਿਦਵਾਨ ਜਾਂ ਕਲਾਕਾਰ ਆਦਿ ਨਾਲ ਦਰਸ਼ਕਾਂ ਦੀ ਮੁਲਾਕਾਤ ਦਾ ਸਮਾਂ ਟੀ.ਵੀ. ਦੇਖਣ ਵਾਲੇ ਹਰ ਭਾਰਤਵਾਸੀ ਨੂੰ ਘੋਰ ਅੰਧ ਵਿਸ਼ਵਾਸ ਫੈਲਾਉਣ ਵਾਲਿਆਂ ਦੇ ਸਾਹਮਣੇ ਬਿਤਾਉਣਾ ਪੈਂਦਾ ਹੈ। ਜਿੰਨੇ ਦਿਨ ਕ੍ਰਿਕਟ ਦਾ ਅੰਤਰਰਾਸ਼ਟਰੀ ਟੂਰਨਾਮੈਂਟ ਚੱਲਦਾ ਰਿਹਾ, ਕਾਰਪੋਰੇਟ ਮੀਡੀਆ ਇਹੋ ਪ੍ਰਭਾਵ ਦਿੰਦਾ ਰਿਹਾ ਕਿ ਭਾਰਤ ਨੂੰ ਵਿਸ਼ਵ ਵਿਜੇਤਾ ਖਿਡਾਰੀਆਂ ਦੀ ਖੇਡ ਕੌਸ਼ਲਤਾ ਨਹੀਂ ਬਲਕਿ ਹਵਨ, ਯੱਗ, ਕਰਮਕਾਂਡ, ਇਥੋਂ ਤਕ ਕਿ ਖੇਡ ਮੈਦਾਨ ਵਿਚ ਸਬੱਬੀ ਆ ਵੜਨ ਵਾਲੇ ਕੁੱਤੇ ਬਣਾਉਣਗੇ। ਸੋ, ਇਹ ਹੈ ਉਸ ਕਾਰਪੋਰੇਟ ਮੀਡੀਆ ਦੀ ਭੂਮਿਕਾ ਦਾ ਸਰਸਰੀ ਖੁਲਾਸਾ ਜਿਸ ਨੇ ਅੱਜਕਲ ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦਾ ਬਿਗਲ ਆਪਣੇ ਮੂੰਹ ਵਿਚ ਲੈ ਰੱਖਿਆ ਹੈ। ਜਿਉਂ ਜਿਉਂ ਨਵੇਂ ਤੱਥ ਸਾਹਮਣੇ ਆ ਰਹੇ ਹਨ, ਇਹ ਸੰਕਾ ਵੀ ਹੋਣ ਲੱਗ ਪਿਆ ਹੈ ਕਿ ਕੀ ਇਹ ਮੁਹਿੰਮ ਸੱਚਮੁਚ ਹੀ ਅਹਿੰਸਾਵਾਦੀ ਅੰਨਾ ਹਜ਼ਾਰੇ ਦੀ ਹੈ?




ਵਿਸ਼ਵ ਕ੍ਰਿਕਟ ਕੱਪ ਟੂਰਨਾਮੈਂਟ ਦੇ ਭਾਰੀ ਦੇਸ਼ ਵਿਆਪੀ ਸ਼ੋਰ ਸ਼ਰਾਬੇ ਮਗਰੋਂ ਕੁਦਰਤੀ ਤੌਰ 'ਤੇ ਲੋਕਾਂ ਦਾ ਧਿਆਨ ਆਪਣੇ ਜੀਵਨ ਦੇ ਬੁਨਿਆਦੀ ਮੁੱਦਿਆਂ ਵੱਲ ਪਰਤਣਾ ਸੀ। ਇਸ ਮਨੋਵਿ-ਗਆਨਿਕ ਤੱਥ ਨੂੰ ਕਾਰਪੋਰੇਟ ਮੀਡੀਆ ਭਲੀਭਾਂਤ ਪਛਾਣਦਾ ਹੈ ਤੇ ਇਹ ਲੋਕਾਂ ਨੂੰ ਸੁਤੰਤਰ ਰੂਪ ਵਿਚ ਸੋਚਣ ਦਾ ਕੋਈ ਮੌਕਾ ਨਹੀਂ ਦਿੰਦਾ। ਇਹ ਅਜਿਹਾ ਮਾਹੌਲ ਪੈਦਾ ਕਰੀ ਰੱਖਣ ਲਈ ਯਤਨਸ਼ੀਲ ਰਹਿੰਦਾ ਹੈ ਜਿਸ ਵਿਚ ਲੋਕ ਆਪਣੇ ਮੁੱਦਿਆਂ ਬਾਰੇ ਸਹੀ ਦਿਸ਼ਾ ਵਿਚ ਸਹੀ ਅਗਵਾਈ ਅਧੀਨ ਨਾ ਸੋਚ ਸਕਣ। ਇਹ ਨਾਅਰਿਆਂ ਤੇ ਆਦਰਸ਼ਾਂ ਰਾਹੀਂ ਅਜਿਹਾ ਵਾਤਾਵਰਣ ਤਾਂ ਤਿਆਰ ਕਰ ਦਿੰਦਾ ਹੈ ਜਿਸ ਵਿਚ ਲੋਕਾਂ ਨੂੰ ਆਸ ਦੀ ਕਿਰਨ ਦਿਖਾਈ ਦੇਣ ਲਗਦੀ ਹੈ, ਪਰ ਇਹ ਆਸ ਕਦੇ ਪੂਰੀ ਨਹੀਂ ਹੁੰਦੀ। ਨਿਰਸੰਦੇਹ, ਕਾਰ-ਪੋਰੇਟ ਮੀਡੀਆ ਮੁੱਦੇ ਉਛਾਲਦਾ ਹੈ, ਕਈ ਭੇਤ ਵਾਲੀਆਂ ਗੱਲਾਂ ਨਸ਼ਰ ਕਰਦਾ ਹੈ ਪ੍ਰੰਤੂ ਅੰਤਿਮ ਤੌਰ 'ਤੇ ਇਹ ਕੇਵਲ ਭੰਬਲਭੂਸੇ ਹੀ ਪੈਦਾ ਕਰਦਾ ਹੈ।

ਗਹੁ ਨਾਲ ਦੇਖਿਆ ਜਾਵੇ ਤਾਂ ਅੰਨਾ ਹਜ਼ਾਰੇ ਵਾਲਾ ਅਧਿਆਇ ਕਾਰਪੋਰੇਟ ਮੀਡੀਆ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦਾ ਦੂਜਾ ਭਾਗ ਹੈ। ਇਸ ਤੋਂ ਪਹਿਲਾਂ ਯੋਗ ਗੁਰੂ ਬਾਬਾ ਰਾਮਦੇਵ ਦੀਆਂ ਤਿੱਖੀਆਂ ਭ੍ਰਿਸ਼ਟਾਚਾਰ ਵਿਰੋਧੀ ਟਿੱਪਣੀਆਂ ਕਈ ਨਿੱਜੀ ਟੀ.ਵੀ. ਚੈਨਲਾਂ ਵਲੋਂ ਵਾਰ ਵਾਰ ਪੇਸ਼ ਕੀਤੀਆਂ ਗਈਆਂ। ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਬਾਬਾ ਨੂੰ ਮਿਲਦਾ ਜਨਤਕ ਹੁੰਗਾਰਾ ਵੀ ਚੈਨਲਾਂ ਵਲੋਂ ਦਿਖਾਇਆ ਗਿਆ। ਪਰ ਜਦੋਂ ਬਾਬਾ ਰਾਮਦੇਵ ਤੋਂ ਵੀ ਮੀਡੀਆ ਵਿਚ ਉਸ ਦੀ ਅਰਬਾਂ ਰੁਪਏ ਦੀ ਸੰਪਤੀ ਬਾਰੇ ਸਵਾਲ ਪੁੱਛੇ ਜਾਣ ਲੱਗ ਪਏ ਤਾਂ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੇ ਪਹਿਲੇ ਭਾਗ ਦਾ ਸੂਤਰਧਾਰ ਬਾਬਾ ਰਾਮਦੇਵ ਪਿੱਠਭੂਮੀ 'ਚ ਚਲਾ ਗਿਆ।

ਉਪਰੋਕਤ ਕਿਸਮ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੇ ਦੋ ਪੱਖ ਗੰਭੀਰਤਾ ਨਾਲ ਵਿਚਾਰਨ ਵਾਲੇ ਹਨ। ਪਹਿਲਾ ਪੱਖ ਹੈ, ਇਸ ਦੇ ਪਿਛੋਕੜ ਵਿਚ ਸਰਗਰਮ ਸ਼ਕਤੀਆਂ ਤੇ ਦੂਜਾ ਹੈ ਇਸ ਦਾ ਦੋ-ਦਲੀ ਤਿੱਖਾ ਸਿਆਸੀਕਰਨ। ਅੰਨਾ ਹਜ਼ਾਰੇ ਦਾ ਮਰਨ ਵਰਤ ਖਤਮ ਹੋਣ ਤੋਂ ਬਾਅਦ ਜੋ ਗੱਲ ਸਭ ਤੋਂ ਪਹਿਲਾਂ ਧਿਆਨ 'ਚ ਆਈ ਉਹ ਹੈ ਇਸ ਦਾ ਵਿਆਪਕ ਤੇ ਮਹਿੰਗਾ ਪ੍ਰਚਾਰ। ਇਸ ਮੁਹਿੰਮ ਦੀ ਇਸ਼ਤਿਹਾਰਬਾਜ਼ੀ ਲਈ ਕਈ ਕੰਪਨੀਆਂ ਦੀ ਸਹਾਇਤਾ ਲਈ ਗਈ ਤੇ ਮੀਡੀਆ ਵਿਚ ਵੱਡੀ ਥਾਂ ਹਾਸਲ ਕੀਤੀ ਗਈ। ਸਵਾਲ ਉਠਾਇਆ ਜਾ ਰਿਹਾ ਹੈ ਕਿ ਇਨ੍ਹਾਂ ਕੰਪਨੀਆਂ (ਸਮੇਤ ਚੈਨਲਾਂ) ਨੂੰ ਅਦਾਇਗੀ ਕਿਸ ਨੇ ਕੀਤੀ। ਇਹ ਵੀ ਸੁਣਨ ਵਿਚ ਆ ਰਿਹਾ ਹੈ ਕਿ ਇਹ ਸਾਰੀ ਅਦਾਇਗੀ ਬਾਬਾ ਰਾਮਦੇਵ ਦੇ ਟਰੱਸਟਾਂ ਨੇ ਕੀਤੀ। ਖਰਚ ਕੀਤਾ ਗਿਆ ਧਨ ਇਹ ਸਾਫ਼ ਸੰਕੇਤ ਦਿੰਦਾ ਹੈ ਕਿ ਅੰਨਾ ਹਜ਼ਾਰੇ ਦੀ ਮੁਹਿੰਮ ਕੋਈ ਆਪ ਮੁਹਾਰੀ ਮੁਹਿੰਮ ਨਹੀਂ ਸੀ ਤੇ ਨਾ ਹੀ ਆਕਾਰ ਵਿਚ ਕਿਸੇ ਵੱਡੇ ਜਨ ਅੰਦੋਲਨ ਨਾਲ ਮੇਲ ਖਾਂਦੀ ਸੀ, ਇਹ ਕੇਵਲ ਮੀਡੀਆ ਪ੍ਰਯੋਜਿਤ ਮੁਹਿੰਮ ਸੀ। ਜਨ ਲੋਕਪਾਲ ਬਿਲ ਸੰਸਦ ਵਿਚ ਪੇਸ਼ ਕਰਨ ਲਈ ਸਰਕਾਰ ਉਪਰ ਦਬਾਅ ਪਾਉਣਾ ਇਸ ਦਾ ਦਿੱਸਦਾ ਰੂਪ ਸੀ ਜਦਕਿ ਸਰਕਾਰ ਵਿਰੋਧੀ ਭਗਵੀਂ ਰਾਜਨੀਤੀ ਨੂੰ ਲਾਭ ਪੁਚਾਉਣਾ ਇਸ ਦਾ ਲੁਕਵਾਂ ਮਨੋਰਥ ਸੀ। ਅੰਨਾ ਹਜ਼ਾਰੇ ਦੇ ਵਰਤ 'ਤੇ ਬੈਠਦਿਆਂ ਸਾਰ ਹੀ ਨਰਿੰਦਰ ਮੋਦੀ ਨੇ ਤਾਂ ਅਪਣੇ ਇਕ ਭਾਸ਼ਣ ਵਿਚ ਅੰਨਾ ਹਜ਼ਾਰੇ ਦੀ ਤੁਲਨਾ ਜੈ ਪ੍ਰਕਾਸ਼ ਨਰਾਇਣ ਨਾਲ ਵੀ ਕਰ ਦਿਤੀ ਤੇ ਕਿਹਾ ਕਿ ਅੰਨਾ ਹਜ਼ਾਰੇ ਦਾ ਅੰਦੋਲਨ ਵੀ ਉਵੇਂ ਯੂ.ਪੀ.ਏ. ਸਰਕਾਰ ਦੀਆਂ ਜੜ੍ਹਾਂ ਹਿਲਾ ਦੇਵੇਗਾ ਜਿਵੇਂ ਜੇ.ਪੀ. ਦੇ ਅੰਦੋਲਨ ਨੇ ਤਤਕਾਲੀ ਕਾਂਗਰਸ ਸਰਕਾਰ ਦੀਆਂ ਹਿਲਾਈਆਂ ਸਨ। ਭ੍ਰਿਸ਼ਟਾਚਾਰ ਦੇ 'ਤੇ ਇਹ ਦੋ-ਦਲੀ ਸਿਆਸੀਕਰਨ ਸਾਬਤ ਕਰਦਾ ਹੈ ਕਿ ਇਸ ਮੁੱਦੇ ਉਪਰ ਅਧਾਰਿਤ ਅੰਦੋਲਨ ਦਾ ਅਸਲ ਨਿਸ਼ਾਨਾ ਭ੍ਰਿਸ਼ਟਾਚਾਰ ਦਾ ਖਾਤਮਾ ਨਹੀਂ ਸਗੋਂ ਕੋਈ ਹੋਰ ਹੈ।

ਨਿੱਜੀ ਟੀ.ਵੀ. ਚੈਨਲ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਚਰਚਾ ਭਖਾ ਕੇ ਜਨ ਚੇਤਨਾ ਪੈਦਾ ਕਰਨ ਦਾ ਸਵਾਂਗ ਰਚਾ ਰਹੇ ਹਨ। ਪ੍ਰੰਤੂ ਇਨ੍ਹਾਂ ਚੈਨਲਾਂ ਨੇ ਦੇਸ਼ ਦੀਆਂ ਦੋ ਪ੍ਰਮੁੱਖ ਪਾਰਟੀਆਂ ਨੂੰ ਆਪਣੇ ਰਾਜਸੀ ਪ੍ਰਚਾਰ ਵਿਚ ਪ੍ਰਮੁੱਖ ਥਾਂ ਦਿੱਤੀ ਹੋਈ ਹੈ। ਦਿਲਚਸਪ ਗੱਲ ਹੈ ਕਿ ਇਨ੍ਹਾਂ ਦੋਵਾਂ ਹੀ ਪਾਰਟੀਆਂ ਦੇ ਨੇਤਾਵਾਂ ਦੀ ਭ੍ਰਿਸ਼ਟਾਚਾਰ ਦੇ ਕਈ ਮਾਮਲਿਆਂ ਵਿਚ ਸ਼ਮੂਲੀਅਤ ਜੱਗ ਜ਼ਾਹਿਰ ਹੁੰਦੀ ਰਹੀ ਹੈ। ਨੇਤਾ ਕਾਂਗਰਸੀ ਹੋਣ ਜਾਂ ਭਾਜਪਾਈ ਭ੍ਰਿਸ਼ਟਾਚਾਰ ਦੇ ਹਮਾਮ 'ਚ ਦੋਵੇਂ ਹੀ ਨੰਗੇ ਦਿਖਾਈ ਦਿੰਦੇ ਰਹੇ ਹਨ। ਸਥਿਤੀ ਦੀ ਵਿਡੰਬਨਾ ਦੇਖੋ ਕਿ ਜੇਕਰ ਫੌਰੀ ਤੌਰ 'ਤੇ ਦੋਸ਼ ਭਾਜਪਾ ਨੇਤਾਵਾਂ 'ਤੇ ਲਗਦੇ ਹੋਣ ਤਾਂ ਇਨ੍ਹਾਂ ਦਾ ਸਿਆਸੀ ਲਾਹਾ ਦੇਣ ਲਈ ਨਿੱਜੀ ਟੀ.ਵੀ. ਚੈਨਲ ਕੈਮਰੇ ਕਾਂਗਰਸੀ ਬੁਲਾਰਿਆਂ 'ਤੇ ਫੋਕਸ ਕਰ ਦਿੰਦੇ ਹਨ। ਜਦੋਂ ਕਾਂਗਰਸੀ ਜਾਂ ਉਨ੍ਹਾਂ ਦੇ ਭਾਈਵਾਲਾਂ ਦਾ ਭ੍ਰਿਸ਼ਟਾਚਾਰ ਚਰਚਾ 'ਚ ਆਉਂਦਾ ਹੈ ਤਾਂ ਭਾਜਪਾ ਆਗੂਆਂ ਨੂੰ ਰਾਜਸੀ ਲਾਭ ਉਠਾਉਣ ਦਾ ਪੂਰਾ ਪੂਰਾ ਅਵਸਰ ਇਨ੍ਹਾਂ ਚੈਨਲਾਂ ਦੁਆਰਾ ਦਿੱਤਾ ਜਾਂਦਾ ਹੈ। ਕਾਰਪੋਰੇਟ ਮੀਡੀਆ ਦੀ ਇਹ ਨੀਤੀ ਨਿਸ਼ਚੈ ਹੀ ਸਮੱਸਿਆ ਨੂੰ ਸੁਲਝਾਉਣ ਵਾਲੀ ਨਹੀਂ ਕਹੀ ਜਾ ਸਕਦੀ। ਨਾ ਹੀ ਇਸ ਦੀ ਇਸ ਸਮੱਸਿਆ ਨੂੰ ਸੁਲਝਾਉਣ ਦੀ ਕੋਈ ਮਨਸ਼ਾ ਹੀ ਹੈ। ਇਹ ਇੱਕ ਪੂੰਜੀਵਾਦੀ ਵਰਤਾਰਾ ਹੈ। ਪੂੰਜੀਵਾਦ ਨੇ ਤਾਂ ਰਿਸ਼ਵਤ ਨੂੰ ਕਮਿਸ਼ਨ ਦਾ ਨਾਂ ਦੇ ਕੇ ਬਹੁਤ ਸਾਰੇ ਭ੍ਰਿਸ਼ਟਾਚਾਰ ਨੂੰ ਕਾਨੂੰਨੀ ਦਰਜਾ ਵੀ ਦੇ ਲਿਆ ਹੈ। ਸੋ, ਕੰਮ ਕਰਵਾਏ ਜਾਣ ਦੀ ਸੂਰਤ ਵਿਚ ਜਾਂ ਕੋਈ ਸਰਕਾਰੀ ਸੌਦਿਆਂ ਦੇ ਨੇਪਰੇ ਚੜ੍ਹਾਉਣ ਵਿਚ ਕੀਤੀ ਜਾਂਦੀ ਅਦਾਇਗੀ ਨੂੰ ਹੁਣ ਆਮ ਕਰ ਕੇ ਕਿਧਰੋਂ ਕੋਈ ਚੁਣੌਤੀ ਵੀ ਦਰਪੇਸ਼ ਨਹੀਂ। ਇਸ ਸਮੇਂ ਵੱਖ ਵੱਖ ਆਰਥਿਕ ਖੇਤਰਾਂ 'ਚ ਅਨੇਕਾਂ ਕਮਿਸ਼ਨ ਏਜੰਟ ਕੰਮ ਕਰ ਰਹੇ ਹਨ। ਸਰਕਾਰ ਨੇ ਕਈ ਵਿਭਾਗਾਂ 'ਚ ਖੁਦ ਵੀ ਕਮਿਸ਼ਨ ਏਜੰਟ ਰੱਖੇ ਹੋਏ ਹਨ। ਇੰਜ ਪੂਜੀਵਾਦ ਨੇ ਖੁਦ ਇਕ ਅਜਿਹਾ ਤਾਣਾ-ਬਾਣਾ ਸਿਰਜ ਲਿਆ ਹੈ, ਜਿਸ ਵਿਚ ਰਿਸ਼ਵਤਖੋਰੀ ਨੂੰ ਆਸਾਨੀ ਨਾਲ ਥਾਂ ਹਾਸਲ ਹੋ ਜਾਂਦੀ ਹੈ। ਇਸ ਤਰ੍ਹਾਂ ਦੇ ਪ੍ਰਬੰਧ 'ਚ ਲੋਕਪਾਲ ਕੀ ਕਰ ਸਕੇਗਾ? ਠੀਕ ਹੈ ਕਿ ਇਸ ਸਮੇਂ ਭ੍ਰਿਸ਼ਟਾਚਾਰ ਆਦਿ ਦੇ ਵੱਡੇ ਮਾਮਲਿਆਂ ਦੀ ਨਜ਼ਰਸਾਨੀ ਕਰਨ ਲਈ ਕਾਇਮ ਕੀਤੀਆਂ ਗਈਆਂ ਏਜੰਸੀਆਂ ਕੇਂਦਰ ਤੇ ਰਾਜ ਸਰਕਾਰਾਂ ਦੇ ਮੁਖੀਆਂ ਅਧੀਨ ਕੰਮ ਕਰ ਰਹੀਆਂ ਹਨ। ਇਸ ਕਰ ਕੇ ਇਨ੍ਹਾਂ ਦੀ ਨਿਰਪੱਖਤਾ ਸ਼ੱਕੀ ਬਣੀ ਰਹਿੰਦੀ ਹੈ। ਲੋਕਪਾਲ ਦੀ ਮੰਗ ਇੱਕ ਨਿਰਪੱਖ ਏਜੰਸੀ ਵਜੋਂ ਕੀਤੀ ਜਾ ਰਹੀ ਹੈ। ਪਰ ਕਾਰਪੋਰੇਟ ਸੈਕਟਰ ਦੀ ਵੱਡੀ ਚੜ੍ਹਤ ਦੇ ਇਸ ਦੌਰ ਵਿੱਚ ਲੋਕਪਾਲ ਦੀ ਨਿਰਪੱਖਤਾ ਦੀ ਗਰੰਟੀ ਕੌਣ ਦੇਵੇਗਾ? ਜ਼ਿਕਰਯੋਗ ਹੈ ਕਿ ਦੇਸ਼ ਦੇ ਸੰਵਿਧਾਨਕ ਢਾਂਚੇ ਵਿੱਚ ਹੋਰ ਵੀ ਕਈ ਸੰਸਥਾਵਾਂ ਦੇ ਨਿਰਪੱਖ ਹੋਣ ਦੀ ਵਿਵਸਥਾ ਕੀਤੀ ਗਈ ਹੈ, ਪਰ ਕਿਸੇ ਨੇ ਵੀ ਅਜੇ ਤਕ ਪੂਰਨ ਰੂਪ ਵਿਚ ਨਿਰਪੱਖਤਾ ਦੀ ਮਿਸਾਲ ਕਾਇਮ ਨਹੀਂ ਕੀਤੀ। ਭ੍ਰਿਸ਼ਟਾਚਾਰ ਤੋਂ ਨਿਜਾਤ ਪਾਉਣ ਲਈ ਜ਼ਰੂਰੀ ਹੈ ਕਿ ਲੋਕ ਸਮਾਜਿਕ ਤੇ ਆਰਥਿਕ ਵੱਖੋਂ ਜਾਗਰੂਕ ਹੋਣ ਦੇ ਨਾਲ ਨਾਲ ਦੇਸ਼ ਦੀਆਂ ਦੋਵੇਂ ਭਾਰੂ ਸਿਆਸੀ ਪਾਰਟੀਆਂ ਦੀ ਰਾਜਸੀ ਅਗਵਾਈ ਨੂੰ ਨਾਕਾਰ ਦੇਣ ਤਾਂ ਕਿ ਭ੍ਰਿਸ਼ਟਾਚਾਰ ਦੀ ਰਾਜਸੀ ਸੁਰੱਖਿਆ ਛਤਰੀ ਕਮਜ਼ੋਰ ਪੈ ਸਕੇ।

raman.mlp@gmail.com

# ਦਲਾਲੀ ਦੀ ਦਲਦਲ

ਰਾਮਪ੍ਰਕਾਸ਼ ਅਨੰਤ

ਕਾਮਨਵੈਲਥ ਘੁਟਾਲਾ, ਅਨਾਜ ਘੁਟਾਲਾ, ਆਦਰਸ਼ ਸੁਸਾਇਟੀ ਘੁਟਾਲਾ, 2-ਜੀ ਸਪੈਕਟਰਮ ਘੁਟਾਲਾ ਅਤੇ ਇਸ ਤੋਂ ਬਾਅਦ ਐਨਟ੍ਰਿਕਸ-ਦੇਵਾਸ ਘੁਟਾਲਾ। ਲਗਦਾ ਹੈ ਜਿਵੇਂ ਰੋਜ਼ ਹੀ ਘੁਟਾਲੇ ਇਸ ਦੇਸ਼ ਦੀ ਕਿਸਮਤ ਬਣ ਗਏ ਹਨ। ਹੁਣ ਸਰਕਾਰ ਨੇ ਮਹੀਨਿਆਂ ਦੇ ਦਬਾਅ ਮਗਰੋਂ ਸਾਂਝੀ ਸੰਸਦੀ ਕਮੇਟੀ ਤੋਂ ਇਸ ਮਾਮਲੇ ਦੀ ਜਾਂਚ ਕਰਾਉਣ ਦੀ ਗੱਲ ਮੰਨ ਲਈ ਹੈ ਅਤੇ ਇਸ ਘੁਟਾਲੇ ਦੇ ਮੁਖ ਦੋਸ਼ੀ ਮੰਤਰੀ ਸਮੇਤ ਕਈ ਸੂਤਰਧਾਰ ਗ੍ਰਿਫ਼ਤਾਰ ਹੋਏ ਹਨ। ਇਸ 'ਤੇ ਵੀ ਸਵਾਲ ਹਨ ਕਿ ਕੀ ਅਪਰਾਧੀਆਂ ਨੂੰ ਸਚਮੁੱਚ ਹੀ ਸਜ਼ਾ ਹੋ ਸਕੇਗੀ? ਅਤੇ ਕੀ ਇਹ ਸਜ਼ਾ ਵਾਲੀਆਂ ਕਾਰਵਾਈਆਂ ਭਵਿੱਖ ਦੇ ਘੁਟਾਲਿਆਂ ਨੂੰ ਰੋਕ ਸਕਣਗੀਆਂ? ਸਪੈਕਟਰਮ ਘੁਟਾਲਾ ਹੁਣ ਤਕ ਦਾ ਸਭ ਤੋਂ ਵੱਡਾ ਘੁਟਾਲਾ ਮੰਨਿਆ ਜਾ ਰਿਹਾ ਹੈ। ਕਰੀਬ ਪੌਣੇ ਦੋ ਲੱਖ ਕਰੋੜ ਦਾ। ਪਰ ਦੂਸਰੇ ਦ੍ਰਿਸ਼ਟੀਕੋਣ ਤੋਂ ਇਸ ਘੁਟਾਲੇ 'ਤੇ ਵਿਚਾਰ ਕਰਨਾ ਮੈਨੂੰ ਮਹਤੱਵਪੂਰਨ ਲਗਦਾ ਹੈ।

ਸੁਖਰਾਮ ਤੋਂ ਏ.ਰਾਜਾ ਤਕ ਇਹ ਦੁਖਦਾਈ ਗੱਲ ਹੈ। ਜਿਸ ਦੂਰ ਸੰਚਾਰ ਘੁਟਾਲੇ ਨੇ ਅੱਜ ਆਮ ਆਦਮੀ ਤੋਂ ਲੈ ਕੇ ਮੀਡੀਆ ਤੇ ਪੂਰੀ ਸਿਆਸਤ ਨੂੰ ਹਿਲਾ ਕੇ ਰੱਖ ਦਿੱਤਾ ਹੈ, ਉਸੇ ਦੂਰ ਸੰਚਾਰ ਵਿਭਾਗ ਦੇ ਇਕ ਮੰਤਰੀ ਸੁਖਰਾਮ 'ਤੇ 1996 ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਸਨ। ਅਦਾਲਤ ਨੇ 2009 ਵਿਚ ਆ ਕੇ ਉਨ੍ਹਾਂ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ। ਅੱਜ ਉਹ ਉਮਰ ਦੇ ਉਸ ਪੜਾਅ 'ਤੇ ਹਨ, ਇਸ ਨੂੰ ਦੇਖਦੇ ਹੋਏ ਲਗਦਾ ਨਹੀਂ ਕਿ ਉਹ ਇਕ ਦਿਨ ਦੀ ਵੀ ਸਜ਼ਾ ਭੁਗਤਣਗੇ। ਉਹ ਇਸ ਜਾਂ ਉਸ ਅਦਾਲਤ ਵਿਚ ਅਪੀਲ ਕਰ ਕੇ ਬਾਕੀ ਦੀ ਉਮਰ ਆਰਾਮ ਨਾਲ ਕੱਟ ਲੈਣਗੇ।

ਇਸ ਤੋਂ ਬਾਅਦ ਐਨ.ਡੀ.ਏ. ਸਰਕਾਰ ਵਿਚ ਪ੍ਰਮੋਦ ਮਹਾਜਨ ਦੂਰ ਸੰਚਾਰ ਮੰਤਰੀ ਬਣੇ ਸਨ ਤਾਂ 2002 ਵਿੱਚ ਉਨ੍ਹਾਂ ਨੇ ਪਹਿਲੇ ਦੌਰ ਦਾ ਸਪੈਕਟਰਮ ਵੰਡਿਆ ਸੀ। ਧਿਆਨ ਵਾਲੀ ਗੱਲ ਹੈ ਕਿ ਕੈਗ (ਮਹਾਂ ਲੇਖਾਕਾਰ) ਨੇ ਉਨ੍ਹਾਂ ਖਿਲਾਫ਼ ਰਿਪੋਰਟ ਲਗਾਈ ਸੀ। ਇਸ ਦੇ ਬਾਵਜੂਦ ਨਾ ਤਾਂ ਉਸ ਸਮੇਂ ਦੀ ਐਨ.ਡੀ.ਏ. ਸਰਕਾਰ ਨੇ ਅਤੇ ਨਾ ਬਾਅਦ ਦੀ ਯੂ.ਪੀ.ਏ. ਸਰਕਾਰ ਨੇ ਉਸ 'ਤੇ ਧਿਆਨ ਦਿੱਤਾ।

ਇਸ ਨਾਲ ਇਕ ਸਵਾਲ ਪੈਦਾ ਹੁੰਦਾ ਹੈ ਕਿ ਸੁਖਰਾਮ ਤੋਂ ਲੈ ਕੇ ਏ. ਰਾਜਾ ਤਕ ਇਕ ਹੀ ਵਿਭਾਗ ਵਿੱਚ ਬਰਾਬਰ ਭ੍ਰਿਸ਼ਟਾਚਾਰ ਦੀਆਂ ਵਾਰਦਾਤਾਂ ਹੁੰਦੀਆਂ ਰਹੀਆਂ, ਪਰ ਇਸ ਭ੍ਰਿਸ਼ਟਾਚਾਰ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਕਿਉਂ ਨਹੀਂ ਕੀਤੀਆਂ ਗਈਆਂ। ਜੇਕਰ ਪੀ.ਵੀ. ਨਰਸਿਮਹਾ ਰਾਓ ਨੂੰ ਛੱਡ ਵੀ ਦਿੱਤਾ ਜਾਵੇ, ਤਾਂ ਵੀ ਉਨ੍ਹਾਂ ਤੋਂ ਬਾਅਦ ਅਟਲ ਬਿਹਾਰੀ ਅਤੇ ਮਨਮੋਹਨ ਸਿੰਘ ਨੂੰ ਤਾਂ ਇਮਾਨਦਾਰ ਪ੍ਰਧਾਨ ਮੰਤਰੀਆਂ ਵਜੋਂ ਪੇਸ਼ ਕੀਤਾ ਜਾਂਦਾ ਰਿਹਾ ਹੈ, ਆਖਰ ਇਨ੍ਹਾਂ ਲੋਕਾਂ ਨੇ ਕੀਤਾ ਕੀ? ਕੁਝ ਨਹੀਂ ਕੀਤਾ ਤਾਂ ਕਿਉਂ ਨਹੀਂ ਕੀਤਾ?

ਅਜਿਹਾ ਵੀ ਨਹੀਂ ਕਿ ਸਿਆਸਤ ਵਿੱਚ ਇਹ ਇਕ ਇਕੋ ਘੁਟਾਲਾ ਹੈ। ਦਰਅਸਲ ਅੱਜ ਜੋ ਕੁਝ ਹੋ ਰਿਹਾ ਹੈ ਉਸ ਦੇ ਮੁਕਾਬਲੇ ਵਿਚ ਇਹ ਤਾਂ ਪਾਣੀ 'ਤੇ ਤੈਰਦੀਆਂ ਬਰਫ਼ ਦੀਆਂ ਵਿਸ਼ਾਲ ਚਟਾਨਾਂ ਦੀ ਨੋਕ ਵਾਂਗ ਹੈ। ਇਸ ਦੇ ਨਾਲ ਹੀ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਮੀਡੀਆ ਜਿਸ ਤਰ੍ਹਾਂ ਰਾਜਾ, ਨੀਰਾ ਰਾਡੀਆ ਜਾਂ ਕੁਝ ਬਾਬੂ ਲੋਕਾਂ 'ਤੇ ਪੂਰਾ ਧਿਆਨ ਕੇਂਦਰਤ ਕਰ ਕੇ ਵਾਰ ਵਾਰ ਇਸ ਗੱਲ 'ਤੇ ਜ਼ੋਰ ਦੇ ਰਿਹਾ ਹੈ ਕਿ ਪ੍ਰਧਾਨ ਮੰਤਰੀ ਨੂੰ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ, ਉਹ ਉਨ੍ਹਾਂ ਦੀ ਇੱਛਾ 'ਤੇ ਸ਼ੱਕ ਪੈਦਾ ਕਰਦਾ ਹੈ। ਭਾਵ ਮੀਡੀਆ ਜਨਤਾ ਵਿਚਾਲੇ ਇਹ ਵਹਿਮ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਇਹ ਕੁਲ ਮਿਲਾ ਕੇ ਕੁਝ ਲੋਕਾਂ ਦੇ ਵਿਅਕਤੀਗਤ ਚਰਿਤਰ ਨਾਲ ਜੁੜਿਆ ਮਸਲਾ ਹੈ ਅਤੇ ਜੇਕਰ ਪ੍ਰਧਾਨ ਮੰਤਰੀ ਸਖ਼ਤੀ ਨਾਲ ਨਜਿੱਠਣ ਤਾਂ ਭ੍ਰਿਸ਼ਟਾਚਾਰ ਦੀ ਸਮੱਸਿਆ ਹੱਲ ਹੋ ਜਾਵੇਗੀ। ਕੀ ਸੱਚ ਇਹੀ ਹੈ? ਸੱਚਾਈ ਇਹ ਹੈ ਕਿ ਭ੍ਰਿਸ਼ਟਾਚਾਰ ਦਾ ਮਾਮਲਾ ਕੁਝ ਲੋਕਾਂ ਦੇ ਵਿਅਕਤੀਗਤ ਚਰਿਤਰ ਨਾਲ ਜੁੜਿਆ ਨਾ ਹੋ ਕੇ ਲੋਕਤੰਤਰ ਨਾਮ ਦੀ ਸੰਸਥਾ ਨਾਲ ਜੁੜਿਆ ਹੈ, ਜਿਸ ਨੂੰ ਕਿਸੇ ਵੀ ਪ੍ਰਧਾਨ ਮੰਤਰੀ ਦੀ ਸਖ਼ਤੀ ਨਾਲ ਸਮਾਪਤ ਨਹੀਂ ਕੀਤਾ ਜਾ ਸਕਦਾ।

ਘੁਟਾਲੇ ਕਾਰਨ ਪੈਦਾ ਹੋਏ ਕੁਝ ਸਵਾਲ

ਇਹ ਘੁਟਾਲਾ ਉਂਜ ਤਾਂ ਉਪਰੋਂ ਦੇਖਣ 'ਤੇ ਰੋਜ਼ਾਨਾ ਹੋਣ ਵਾਲੇ ਘੁਟਾਲਿਆਂ ਵਾਂਗ ਹੀ ਵੱਡੇ ਅਕਾਰ ਦਾ ਆਰਥਿਕ ਘੁਟਾਲਾ ਹੀ ਲਗਦਾ ਹੈ ਪਰ ਕੁਝ ਮੁੱਦੇ ਅਜਿਹੇ ਹਨ ਜੋ ਇਸ ਨੂੰ ਹੁਣ ਤਕ ਦੇ ਤਮਾਮ ਘੁਟਾਲਿਆਂ ਨਾਲੋਂ ਵੱਖ ਕਰ ਦਿੰਦੇ ਹਨ। ਇਹ ਅਜਿਹੇ ਮੁੱਦੇ ਹਨ ਜੋ ਸਿਆਸੀ ਆਗੂ, ਉਦਯੋਗਪਤੀ ਅਤੇ ਮੀਡੀਆ ਆਦਿ ਦੇ ਆਪਸੀ ਸਬੰਧਾਂ ਅਤੇ ਇਨ੍ਹਾਂ ਸਬੰਧਾਂ ਨੂੰ ਬਣਾਉਣ ਵਾਲੇ ਦਲਾਲਾਂ ਦੇ ਰੂਪ ਨੂੰ ਉਜਾਗਰ ਕਰਦੇ ਹਨ ਅਤੇ ਭਵਿੱਖ ਵਿੱਚ ਉਨ੍ਹਾਂ ਦੀ ਭੂਮਿਕਾ ਦਾ ਨਿਰਧਾਰਨ ਵੀ ਕਰਦੇ ਹਨ।

ਭਾਵ, ਇਸ ਘੁਟਾਲੇ ਵਿਚ ਨੀਰਾ ਰਾਡੀਆ ਦਾ ਨਾਂ ਆਉਣ ਤੋਂ ਬਾਅਦ ਲਾਬਿੰਗ 'ਤੇ ਨਵੇਂ ਸਿਰੇ ਤੋਂ ਵਿਆਪਕ ਬਹਿਸ ਸ਼ੁਰੂ ਹੋ ਗਈ ਹੈ। ਲਾਬਿੰਗ ਦੀ ਖ਼ਬਰ ਇਸ ਤੋਂ ਪਹਿਲਾਂ ਵੀ ਮੀਡੀਆ ਵਿਚ ਆਉਂਦੀ ਰਹੀ ਹੈ। ਜਿਵੇਂ ਜਦੋਂ ਵਰਿੰਦਰ ਸਹਿਵਾਗ ਬੁਰੇ ਦੌਰ 'ਚੋਂ ਲੰਘ ਰਹੇ ਸਨ ਤਾਂ ਅਜਿਹੀਆਂ ਖ਼ਬਰਾਂ ਆਈਆਂ ਸਨ ਕਿ ਉਹ ਕੰਪਨੀਆਂ ਵਰਿੰਦਰ ਸਹਿਵਾਗ ਲਈ ਲਾਬਿੰਗ ਕਰ ਰਹੀਆਂ ਹਨ ਜਿਨ੍ਹਾਂ ਦਾ ਉਹ ਇਸ਼ਤਿਹਾਰ ਕਰ ਰਹੇ ਹਨ। ਅਜਿਹੀਆਂ ਖ਼ਬਰਾਂ ਵੀ ਆਈਆਂ ਕਿ ਸਨਅਤੀ ਘਰਾਣੇ ਆਪਣੇ ਪੱਖ ਵਿਚ ਨੀਤੀਆਂ ਬਣਾਉਣ ਲਈ ਸਿੱਧੇ ਸਿਆਸਤਦਾਨਾਂ ਨੂੰ ਪੈਸਾ ਦੇ ਕੇ ਪ੍ਰਭਾਵਤ ਕਰਦੇ ਹਨ। ਜਿਵੇਂ ਨਰਸਿਮਹਾ ਰਾਓ ਦੇ ਸਮੇਂ ਇਕ ਸਨਅਤੀ ਘਰਾਣੇ ਨੇ ਸੰਸਦ ਮੈਂਬਰਾਂ ਨੂੰ ਖਰੀਦੋ-ਫਰੋਖਤ ਲਈ ਉਨ੍ਹਾਂ ਨੂੰ ਪੈਸੇ ਦਿੱਤੇ। ਕੁਝ ਸਮਾਂ ਪਹਿਲਾਂ ਹੀ ਦੀਪਕ ਤਲਵਾਰ ਨਾਂ ਦੇ ਵਿਅਕਤੀ ਨੇ ਇਹ ਮੰਨਿਆ ਕਿ ਉਹ ਕੋਕਾ ਕੋਲਾ ਲਈ ਨੌਕਰਸ਼ਾਹਾਂ ਤੇ ਸਿਆਸਤਦਾਨਾਂ ਵਿਚਾਲੇ ਲਾਬਿੰਗ ਕਰਦਾ ਹੈ। ਹੁਣੇ ਹੁਣੇ ਸਿਗਰਟ ਕੰਪਨੀਆਂ ਨੇ ਡੱਬੀ 'ਤੇ ਚਿਤਾਵਨੀ ਵਾਲਾ ਚਿੱਤਰ ਛਾਪਣ ਦੇ ਸਰਕਾਰ ਦੇ ਫੈਸਲੇ ਨੂੰ ਲਾਬਿੰਗ ਰਾਹੀਂ ਬਦਲਵਾ ਦਿੱਤਾ।

ਪਰ ਇਸ ਘੁਟਾਲੇ ਵਿੱਚ ਨੀਰਾ ਰਾਡੀਆ ਦਾ ਨਾਂ ਆਉਣ ਤੋਂ ਬਾਅਦ ਲਾਬਿੰਗ 'ਤੇ ਜੋ ਬਹਿਸ ਸ਼ੁਰੂ ਹੋਈ ਹੈ, ਉਹ ਕੁਝ ਵੱਖ ਤਰ੍ਹਾਂ ਦੀ ਹੈ। ਲਾਬਿੰਗ ਬਾਰੇ ਹੁਣ ਤਕ ਜੋ ਖਬਰਾਂ ਆਉਂਦੀਆਂ ਰਹੀਆਂ ਸਨ ਉਨ੍ਹਾਂ 'ਤੇ ਅਧਿਕਾਰਤ ਤੌਰ 'ਤੇ ਕਿਸੇ ਵੱਡੇ ਨੇਤਾ ਨੇ ਕੁਝ ਵੀ ਨਹੀਂ ਬੋਲਿਆ। ਪਰ ਇਸ ਮਾਮਲੇ ਵਿੱਚ ਕੁਝ ਆਗੂਆਂ ਨੇ ਬਿਆਨ ਦਿੱਤੇ ਹਨ। 15 ਦਸੰਬਰ 2010 ਦੇ ਦੈਨਿਕ ਹਿੰਦੂਸਤਾਨ ਵਿੱਚ ਪਹਿਲੇ ਪੰਨੇ 'ਤੇ ਕੰਪਨੀ ਮਾਮਲਿਆਂ ਦੇ ਮੰਤਰੀ ਸਲਮਾਨ ਖੁਰਸ਼ੀਦ ਦਾ ਬਿਆਨ ਛਪਿਆ ਹੈ ਕਿ 'ਲਾਬਿੰਗ ਲੋਕਤੰਤਰਿਕ ਢਾਂਚੇ ਦਾ ਅੰਗ ਹੈ' ਕਈ ਆਗੂਆਂ ਤੇ ਬੁੱਧੀਜੀਵੀਆਂ ਨੇ ਉਦਾਹਰਣ ਰੱਖਿਆ ਹੈ ਕਿ ਅਮਰੀਕਾ ਅਤੇ ਬਰਤਾਨੀਆ ਵਿੱਚ ਲਾਬਿੰਗ ਵਿਧਾਨਕ ਹੈ। ਭਾਵ ਇਥੇ ਵੀ ਹੋਣੀ ਚਾਹੀਦੀ ਹੈ।

ਵਿਕੀਪੀਡੀਆ ਅਨੁਸਾਰ ਲਾਬੀ ਜਾਂ ਲਾਬਿੰਗ ਉਹ ਪੈਸਾ ਹੈ ਜੋ ਸਰਕਾਰ ਦੇ ਨੀਤੀ ਘਾੜਿਆਂ ਨੂੰ ਪ੍ਰਭਾਵਤ ਕਰਨ ਲਈ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਲਾਬਿਸਟ ਉਹ ਵਿਅਕਤੀ ਹੈ ਜੋ ਕਿਸੇ ਵਿਸ਼ੇਸ਼ ਰੂਚੀ ਜਾਂ ਲਾਬੀ ਦੇ ਮੈਂਬਰ ਲਈ ਨੀਤੀਆਂ ਦੇ ਨਿਰਮਾਣ ਨੂੰ ਪ੍ਰਭਾਵਤ ਕਰਦਾ ਹੈ। ਬਰਤਾਨੀਆ ਅਤੇ ਅਮਰੀਕਾ ਵਿੱਚ ਲਾਬਿੰਗ ਨਾਲ ਸਬੰਧਤ ਕਾਨੂੰਨ ਬਣਾ ਕੇ ਉਸ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਹੈ। ਇਕ ਅੰਕੜੇ ਅਨੁਸਾਰ ਬਰਤਾਨੀਆ ਵਿਚ 2007 ਦੌਰਾਨ ਇਕ ਕਰੋੜ 90 ਲੱਖ ਪੌਂਡ ਦੀ ਰਕਮ ਤੇ 14000 ਲੋਕ ਲਾਬਿੰਗ ਦੇ ਧੰਦੇ ਵਿਚ ਲੱਗੇ ਸਨ।

ਕਾਰਪੋਰੇਟ ਮੀਡੀਆ ਦਾ ਭਿਆਨਕ ਚਿਹਰਾ

ਇਸ ਘੁਟਾਲੇ ਵਿਚ ਇਕ ਗੱਲ ਜੋ ਮੁੱਖ ਰੂਪ ਵਿਚ ਉਭਰ ਕੇ ਸਾਹਮਣੇ ਆਈ ਹੈ, ਉਹ ਹੈ ਇਸ ਵਿਵਸਥਾ ਵਿਚ ਮਡੀਆ ਦੀ ਤਾਕਤ ਅਤੇ ਉਸ ਅੰਦਰ ਮੌਜੂਦ ਭ੍ਰਿਸ਼ਟਾਚਾਰ। ਹਾਲੇ ਮੀਡੀਆ ਪੇਡਨਿਊਜ਼ ਦੀ ਬਦਨਾਮੀ ਨਾਲ ਹੀ ਜੂਝ ਰਿਹਾ ਸੀ




ਕਿ ਇਕ ਤੋਂ ਬਾਅਦ ਇਕ ਕਈ ਪੱਤਰਕਾਰਾਂ ਅਤੇ ਸੰਪਾਦਕਾਂ ਦੇ ਨਾਂ ਸਾਹਮਣੇ ਆਉਣ ਲੱਗੇ। ਇਨ੍ਹਾਂ ਵਿੱਚੋਂ ਪ੍ਰਮੁੱਖ ਸਨ ਐਨ.ਡੀ.ਟੀ.ਵੀ. ਦੀ ਬਰਖਾ ਦੱਤ ਤੇ ਹਿੰਦੂਸਤਾਨ ਟਾਈਮਜ਼ ਦੇ ਵੀਰ ਸਿੰਘਵੀ ਅਤੇ ਇੰਡੀਆ ਟੂਡੇ ਦੇ ਪ੍ਰਭੂ ਚਾਵਲਾ। ਇਹ ਖੁਲਾਸਾ ਨਾ ਤਾਂ ਬੇਭਰੋਸੇਯੋਗ ਲਗਦਾ ਹੈ ਅਤੇ ਨਾ ਹੀ ਹੈਰਾਨ ਕਰਦਾ ਹੈ। ਜੇਕਰ ਮੀਡੀਆ ਟੀ.ਆਰ.ਪੀ. ਲਈ ਪਰੋਸੀ ਜਾਣ ਵਾਲੀ ਬੇਹੁਦਾ ਤੇ ਸਮਾਜਕ ਰੂਪ ਤੋਂ ਨੁਕਸਾਨਦੇਹ ਸਮੱਗਰੀ, ਖ਼ਬਰਾਂ ਚ ਪੱਖਪਾਤ, ਖ਼ਬਰਾਂ ਨੂੰ ਦਬਾਉਣ, ਉਛਾਲਣ ਤੇ ਸਨਸਨੀਖੇਜ ਬਣਾਉਣ ਤੇ ਪੇਡ ਨਿਊਜ਼ ਕਾਰਨ ਪਹਿਲਾਂ ਹੀ ਚਰਚਾ ਵਿੱਚ ਹੈ ਤਾਂ ਇਸ ਖੁਲਾਸੇ ਨੇ ਕਾਰਪੋਰੇਟ ਮੀਡੀਆ ਦੇ ਭਿਆਨਕ ਤੇ ਹੱਦ ਦਰਜੇ ਦੇ ਭ੍ਰਿਸ਼ਟ ਚਿਹਰੇ ਨੂੰ ਪੂਰੀ ਤਰ੍ਹਾਂ ਬੇਪਰਦ ਕਰ ਦਿੱਤਾ ਹੈ।

ਇਸ ਘੁਟਾਲੇ ਵਿੱਚ ਕੁਝ ਅਰਥ ਲੁਕੇ ਹੋਏ ਹਨ, ਉਨ੍ਹਾਂ 'ਤੇ ਰੌਸ਼ਨੀ ਪਾਉਣਾ ਉਚਿਤ ਰਹੇਗਾ। ਇਸ ਘੁਟਾਲੇ ਵਿਚ ਉਦਯੋਗਪਤੀ, ਸਿਆਸਤਦਾਨ, ਕਾਰਪੋਰੇਟ ਮੀਡੀਆ, ਲਾਬਿਸਟ, ਹਵਾਲਾ, ਦਲਾਲ, ਐਨ.ਜੀ.ਓ., ਨੌਕਰਸ਼ਾਹ ਸਾਰੇ ਇਕ-ਦੂਜੇ ਨਾਲ ਗਲਵਕੜੀਆਂ ਪਾਈ ਫਿਰਦੇ ਹਨ। ਕਾਰਪੋਰੇਟ ਮੀਡੀਆ ਅਤੇ ਉਸ ਦੇ ਬੁੱਧੀਜੀਵੀ, ਜੋ ਬਰਾਬਰ ਇਹ ਦੱਸਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਭ੍ਰਿਸ਼ਟਾਚਾਰ ਕੁਝ ਵਿਅਕਤੀਆਂ ਦੇ ਚਰਿਤਰ ਪਤਨ ਦਾ ਸਿੱਟਾ ਹੈ ਅਤੇ ਪ੍ਰਧਾਨ ਮੰਤਰੀ ਵੱਲੋਂ ਸਖ਼ਤੀ ਕਰਨ ਕਰਨ 'ਤੇ ਉਸ ਤੋਂ ਮੁਕਤੀ ਪਾਈ ਜਾ ਸਕਦੀ ਹੈ, ਉਨ੍ਹਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਅਜਿਹੀ ਕੋਈ ਉਦਯੋਗਿਕ ਇਕਾਈ ਨਹੀਂ ਹੈ ਜੋ ਆਪਣੇ ਮੁਨਾਫ਼ੇ ਲਈ ਗਲਤ ਤੇ ਗੈਰ ਸੰਵਿਧਾਨਕ ਹੱਥਕੰਡਿਆਂ ਦਾ ਇਸਤਮਾਲ ਨਾ ਕਰਦੀ ਹੋਵੇ। ਇਹ ਮੀਡੀਆ, ਨੌਕਰਸ਼ਾਹ, ਸਿਆਸਤਦਾਨ ਭਾਵ ਇਸ ਵਿਵਸਥਾ ਦੇ ਕਿਸੇ ਵੀ ਸ਼ਕਤੀ ਸੰਪਨ ਉਤਪਾਦਨ ਨੂੰ , ਜੋ ਉਸ ਦੇ ਮੁਨਾਫ਼ੇ ਵਿੱਚ ਵਾਧਾ ਕਰਨ ਵਿਚ ਸਹਾਇਕ ਹੈ, ਉਨ੍ਹਾਂ ਦੇ ਪੱਖ ਵਿਚ ਸਰਕਾਰੀ ਨੀਤੀਆਂ ਨੂੰ ਪ੍ਰਭਾਵਤ ਕਰਨ ਵਿਚ ਸਮਰੱਥ ਹੈ, ਉਸ ਨੂੰ ਪ੍ਰਭਾਵਤ ਕਰ ਕੇ ਨਾਲ ਲਾ ਲਿਆ ਜਾਂਦਾ ਹੈ। ਬਿਨਾਂ ਇਸ ਵਿਵਸਥਾ ਦੇ ਆਧਾਰ ਨੂੰ ਬਦਲੇ ਭ੍ਰਿਸ਼ਟਾਚਾਰ ਤੋਂ ਮੁਕਤੀ ਅਸੰਭਵ ਹੈ। ਉਦਾਰੀਕਰਨ ਦੀਆਂ ਨੀਤੀਆਂ ਅਪਨਾਉਣ ਤੋਂ ਬਾਅਦ ਜਿਸ ਤਰ੍ਹਾਂ ਇਕ ਤੋਂ ਬਾਅਦ ਇਕ ਘੁਟਾਲਾ ਸਾਹਮਣੇ ਆ ਰਿਹਾ ਹੈ ਅਤੇ ਉਸ ਵਿੱਚ ਬਹੁਤਾਤ ਨਾਲ ਹਰ ਵਰਗ ਦੇ ਸ਼ਕਤੀਸ਼ਾਲੀ ਲੋਕ ਜੁੜੇ ਹੋਏ ਹਨ, ਉਸ ਨਾਲ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਭ੍ਰਿਸ਼ਟਾਚਾਰ ਕੁਝ ਲੋਕਾਂ ਦੀ ਵਿਅਕਤੀਗਤ ਚਰਿੱਤਰ ਸਮੱਸਿਆ ਨਾ ਹੋ ਕੇ ਸੰਪੂਰਨ ਵਿਵਸਥਾ ਵਿੱਚ ਖੁੱਬੀ ਹੋਈ ਸਿਆਸੀ ਸਮੱਸਿਆ ਹੈ ਅਤੇ ਉਸ ਨੂੰ ਬਿਨਾਂ ਵਿਵਸਥਾ ਤਬਦੀਲੀ ਦੇ ਬਦਲਿਆ ਨਹੀਂ ਜਾ ਸਕਦਾ।

ਦੂਸਰਾ ਮੁੱਦਾ ਜਿਸ 'ਤੇ ਚਰਚਾ ਕਰਨਾ ਜ਼ਰੂਰੀ ਹੈ, ਉਹ ਹੈ ਨੀਰਾ ਰਾਡੀਆ ਭਾਵ ਲਾਬਿਸਟ ਦਾ ਮਸਲਾ। ਜਿਸ ਤਰ੍ਹਾਂ ਦੀ ਬਹਿਸ ਚੱਲ ਰਹੀ ਹੈ, ਉਸ ਤੋਂ ਲਗਦਾ ਹੈ ਕਿ ਅਦਾਲਤ ਜਾਂ ਸੰਸਦ ਵਲੋਂ ਲਾਬਿੰਗ ਬਾਰੇ ਦੇਰ-ਸਵੇਰ ਕੋਈ ਨਾ ਕੋਈ ਵਿਵਸਥਾ ਆਵੇਗੀ। ਜੇਕਰ ਇਸ ਮਾਮਲੇ ਵਿਚ ਨਾ ਵੀ ਦਵੇ, ਤਾਂ ਵੀ ਇਸ ਤਰ੍ਹਾਂ ਦੇ ਹੋਰ ਮਾਮਲਿਆਂ ਦਾ ਪ੍ਰਕਾਸ਼ ਵਿੱਚ ਆਉਣਾ ਲਾਜ਼ਮੀ ਹੈ, ਤਾਂ ਇਹ ਵਿਵਸਥਾ ਦੇਣੀ ਹੀ ਹੋਵੇਗੀ। ਹਾਲੇ ਮੀਡੀਆ ਵਿਚ ਇਸ ਗੱਲ 'ਤੇ ਬਹਿਸ ਚੱਲ ਰਹੀ ਹੈ ਕਿ ਲਾਬਿਸਟ ਨੂੰ ਹਿੰਦੀ ਵਿਚ ਕੀ ਕਿਹਾ ਜਾਵੇ। ਇਥੋਂ ਤਕ ਕਿ ਨੀਰਾ ਰਾਡੀਆ ਵੀ ਆਪਣੇ ਲਈ ਕਾਰਪੋਰੇਟ ਕੰਸਲਟੈਂਟ, (ਸਲਾਹਕਾਰ), ਕਾਰਪੋਰੇਟ ਕਮਿਊਨੀਕੇਟਰ (ਸੰਵਾਦੀ) ਜਾਂ ਪਬਲਿਕ ਰਿਲੇਸ਼ਨ (ਲੋਕ ਸੰਪਰਕ) ਕੰਪਨੀ ਵਰਗੇ ਸ਼ਬਦਾਂ ਦਾ ਪ੍ਰਯੋਗ ਕਰਦੀ ਹੈ। ਕਿਉਂਕਿ ਲਾਬਿਸਟ ਜਾਂ ਲਾਬਿੰਗ ਕਰਨਾ ਇਕ ਬਦਨਾਮ ਕਿਸਮ ਦਾ ਕੰਮ ਮੰਨਿਆ ਜਾਂਦਾ ਹੈ। ਤੁਸੀਂ ਲਾਬਿਸਟ, ਪਬਲਿਕ ਰਿਲੇਸ਼ਨ ਅਫਸਰ, ਕਾਰਪੋਰੇਟ ਕੰਸਲਟੈਂਟ ਵਰਗੇ ਸ਼ਬਦਾਂ ਦੀ ਖੋਜ ਹਿੰਦੀ ਜਾਂ ਪੰਜਾਬੀ ਵਿਚ ਕਰ ਸਕਦੇ ਹੋ ਪਰ ਸੱਚ ਇਹ ਹੈ ਕਿ ਇਨ੍ਹਾਂ ਸਾਰਿਆਂ ਲਈ ਦਲਾਲ ਸ਼ਬਦ ਤੋਂ ਬਿਨਾਂ ਹੋਰ ਕੋਈ ਸ਼ਬਦ ਨਹੀਂ ਹੋ ਹੀ ਨਹੀਂ ਸਕਦਾ। ਜੇਕਰ ਅਸੀਂ ਸਮਾਜ ਵਿਚ ਛੋਟੇ ਪੱਧਰ ਤੋਂ ਲੈ ਕੇ ਸਰਵ ਉੱਚ ਕਾਰਪੋਰੇਟ ਪੱਧਰ ਤਕ ਦੇਖੀਏ ਤਾਂ ਇਹ ਗੱਲ ਆਸਾਨੀ ਨਾਲ ਸਮਝ ਵਿਚ ਆ ਜਾਵੇਗੀ।

ਜਿਵੇਂ ਡਾਕਟਰੀ ਦਾ ਪੇਸ਼ਾ ਵੀ ਕਦੇ ਸਨਮਾਨਤ ਪੇਸ਼ਾ ਮੰਨਿਆ ਜਾਂਦਾ ਸੀ ਪਰ ਅੱਜ ਸਿਹਤ ਸੇਵਾਵਾਂ ਦੇਣ ਵਾਲੇ ਨਿੱਜੀ ਹਸਪਤਾਲ ਪੂਰੀ ਤਰ੍ਹਾਂ ਕਾਰਪੋਰੇਟ ਸਿਧਾਤਾਂ ਨਾਲ ਸੰਚਾਲਤ ਹਨ ਅਤੇ ਉਨ੍ਹਾਂ ਦਾ ਚਰਿਤਰ ਪੂੰਜੀਵਾਦੀ ਰੁਝਾਨਾਂ ਵਿਚ ਪੂਰੀ ਤਰ੍ਹਾਂ ਡੁੱਬਿਆ ਹੋਇਆ ਹੈ। ਜਿਵੇਂ ਮਾਰਾ-ਮਾਰੀ ਕਾਰਪੋਰੇਟ ਖੇਤਰ ਵਿਚ ਕਿਸੇ ਵੀ ਕੀਮਤ 'ਤੇ ਵੱਧ ਤੋਂ ਵੱਧ ਲਾਭ ਕਮਾਉਣ ਅਤੇ ਵੱਧ ਤੋਂ ਵੱਧ ਹਾਸਲੀਅਤ ਘੱਟੋ-ਘੱਟ ਕੀਮਤ 'ਤੇ ਹਥਿਆਉਣ ਲਈ ਹੋੜ ਮੱਚੀ ਹੋਈ ਹੈ, ਉਵੇਂ ਹੀ ਨਿੱਜੀ ਹਸਪਤਾਲਾਂ ਵਿੱਚ ਵੀ ਮੱਚੀ ਹੋਈ ਹੈ। ਉਹ ਵੀ ਆਪਣੇ ਪੀ.ਆਰ.ਓ. (ਪਬਲਿਕ ਰਿਲੇਸ਼ਨ ਅਫਸਰ) ਰੱਖਦੇ ਹਨ। ਇਨ੍ਹਾਂ ਪੀ.ਆਰ.ਓਆਂ. ਦਾ ਕੀ ਕੰਮ ਹੁੰਦਾ ਹੈ? ਇਹ ਪੀ.ਆਰ.ਓ. ਸਰਕਾਰੀ ਤੇ ਨਿੱਜੀ ਪੱਧਰ 'ਤੇ ਕੰਮ ਕਰਨ ਵਾਲੇ ਡਾਕਟਰਾਂ ਤੇ ਝੋਲਾ ਛਾਪ ਡਾਕਟਰਾਂ ਅਤੇ ਇਥੋਂ ਤਕ ਕਿ ਸਹਿਰ ਦੇ ਰਿਕਸ਼ਾ-ਟੈਕਸੀ ਚਾਲਕਾਂ ਆਦਿ ਨੂੰ ਕਮਿਸ਼ਨ ਦੇ ਕੇ ਹਸਪਤਾਲ ਦੇ ਮੁਨ-ਾਫ਼ੇ ਲਈ ਸਹਿਯੋਗ ਲੈਂਦੇ ਹਨ। ਭਾਵ ਮਾਸੂਮ ਮਰੀਜ਼ਾਂ ਨੂੰ ਫਸਾਉਣ ਦਾ ਕੰਮ ਕਰਦੇ ਹਨ। ਅੱਜ ਹਰ ਦਵਾਈ ਕੰਪਨੀ ਦੇ ਮੈਡੀਕਲ ਪ੍ਰਤੀਨਿਧ ਨਾਲ ਉਸ ਕੰਪਨੀ ਦਾ ਐਗਜ਼ੀਕਿਉਟਿਵ ਵੀ ਆਉਂਦਾ । ਉਸ ਦਾ ਨਾਮ ਉਪਰੋਂ ਦੇਖਣ 'ਤੇ ਐਮ.ਆਰ. ਜਾਂ ਦਵਾਈਆਂ ਦੇ ਡੈਮੋ ਵਿਚ ਸਹਿਯੋਗ ਕਰਨਾ ਲਗਦਾ ਹੈ, ਪਰ ਉਸ ਦਾ ਅਸਲੀ ਕੰਮ ਗਿਫਟ ਜਾਂ ਕਮਿਸ਼ਨ ਦੇ ਆਧਾਰ 'ਤੇ ਡਾਕਟਰ ਨੂੰ ਆਪਣਾ ਬਰਾਂਡ ਲਿਖਣ ਲਈ ਪਟਾਉਣਾ ਹੀ ਹੁੰਦਾ ਹੈ। ਤੁਸੀਂ ਉਸ ਨੂੰ ਪੀ.ਆਰ.ਓ. ਦੀ ਬਜਾਏ ਡੀ.ਆਰ.ਓ. ਭਾਵ ਡਾਕਟਰ ਰਿਲੇਸ਼ਨ ਅਫਸਰ ਕਹਿ ਸਕਦੇ ਹੋ ਪਰ ਉਸ ਦਾ ਸਹੀ ਨਾਂ ਮੈਡੀਕਲ ਦਲਾਲ ਤੋਂ ਵਧੇਰੇ ਹੋਰ ਕੁਝ ਨਹੀਂ ਹੋ ਸਕਦਾ।

ਰਾਡੀਆ ਵਰਗੇ ਲੋਕਾਂ ਨੂੰ ਲਾਬਿਸਟ ਕਹਿਣਾ ਉਸ ਦੇ ਵਿਧਾਨਕੀਕਰਨ ਦੀ ਗੱਲ ਇਸ ਆਧਾਰ 'ਤੇ ਕਰਨਾ ਕਿ ਲੋਕਤੰਤਰ ਵਿਚ ਸਾਰਿਆਂ ਨੂੰ ਆਪਣਾ ਵਿਕਾਸ ਕਰਨ ਦਾ ਅਧਿਕਾਰ ਹੈ ਅਤੇ ਲਾਬਿਸਟ ਆਪਣੀ ਗੱਲ ਨੀਤੀ ਘਾੜਿਆਂ ਤਕ ਪਹੁੰਚਾ ਸਕਦੇ ਹਨ। ਜਾਂ ਬਿਨਾਂ ਗਲਤ ਤਰੀਕਾ ਵਰਤਿਆਂ ਉਨ੍ਹਾਂ ਨੂੰ ਆਪਣੇ ਮਨ ਮਾਫਿਕ ਨੀਤੀ ਨਿਰਮਾਣ ਲਈ ਪ੍ਰੇਰਿਤ ਜਾਂ ਤਿਆਰ ਕਰ ਸਕਦੇ ਹਨ। ਦਰਅਸਲ, ਅਜਿਹਾ ਕਹਿਣਾ ਜਨਤਾ ਦੀਆਂ ਅੱਖਾਂ ਵਿਚ ਧੂੜ ਪਾ ਕੇ ਕਾਰਪੋਰੇਟ, ਕਾਰਪੋਰੇਟ-ਸ਼ਾਸਨ, ਕਾਰਪੋਰੇਟ-ਨੌਕਰਸ਼ਾਹ, ਕਾਰਪੋਰੇਟ-ਮਜ਼ਦੂਰ ਵਿਚਾਲੇ ਜੋ ਤਾਕਤਵਰ ਦਲਾਲ ਵਰਗ ਉਭਰ ਰਿਹਾ ਹੈ, ਉਸ ਦਾ ਵਿਧਾਨਕੀਕਰਨ ਕਰਨਾ ਹੈ। ਜੋ ਨੌਕਰਸ਼ਾਹ ਵੱਖ ਵੱਖ ਵਿਭਾਗਾਂ ਵਿਚ ਸਕੱਤਰ ਵਰਗੇ ਅਹੁਦਿਆਂ ਤੋਂ ਸੇਵਾ-ਮੁਕਤ ਹੁੰਦੇ ਹਨ, ਕੰਪਨੀਆਂ ਉਨ੍ਹਾਂ ਨੂੰ ਤੁਰੰਤ ਮੋਟੀ ਰਕਮ ਦੇ ਕੇ ਘਸੀਟ ਲੈਂਦੀਆਂ ਹਨ। ਇਹ ਲੋਕ ਸੰਪਰਕ ਸਲਾਹਕਾਰ ਵਰਗੇ ਨਾਵਾਂ ਨਾਲ ਨਵਿਆਏ ਜਾਂਦੇ ਹਨ ਅਤੇ ਕੰਪਨੀਆਂ, ਸਿਆਸਤਦਾਨ ਤੇ ਨੌਕਰਸ਼ਾਹਾਂ ਵਿਚਾਲੇ ਦਲਾਲੀ ਦਾ ਕੰਮ ਕਰਦੇ ਹਨ।

ਦਰਅਸਲ, ਜਿਵੇਂ ਜਿਵੇਂ ਪੂੰਜੀਵਾਦੀ ਵਿਵਸਥਾ ਦੇ ਅੰਦਰੂਨੀ ਕਲੇਸ਼ ਵਧਣਗੇ, ਉਵੇਂ ਉਵੇਂ ਉਨ੍ਹਾਂ ਵਿਚ ਵਧੇਰੇ ਮਾਰਾ-ਮਾਰੀ ਹੋਵੇਗੀ ਅਤੇ ਇਸ ਦਲਾਲ ਵਰਗ ਦੀ ਭੂਮਿਕਾ ਹੋਰ ਪ੍ਰਭਾਵੀ ਹੋਵੇਗੀ। ਇਸ ਨੂੰ ਰੋਕਿਆ ਨਹੀਂ ਜਾ ਸਕਦਾ ਬਲਕਿ ਇਕ ਸੰਵਿਧਾਨਕ ਓਟ ਦਿੱਤੀ ਜਾ ਸਕਦੀ ਹੈ, ਜਿਸ ਦੀ ਓਟ ਵਿਚ ਉਹ ਆਪਣੀ ਖੇਡ ਖੇਡ ਸਕੇ। ਇਸ ਦਾ ਸਿੱਧਾ ਉਦਾਹਰਣ ਇਹੀ ਹੈ ਕਿ ਜੋ ਦੇਸ਼ ਪੂੰਜੀਵਾਦੀ ਦ੍ਰਿਸ਼ਟੀ ਤੋਂ ਵਧ ਵਿਕਸਿਤ ਹਨ, ਉਥੇ ਲਾਬਿੰਗ ਵਰਗੇ ਮਾਮਲੇ ਨੂੰ ਇਕ ਦਹਾਕੇ ਪਹਿਲਾਂ ਹੀ ਸੁਲਝਾ ਕੇ ਉਸ ਨੂੰ ਵਿਧਾਨਕ ਜਾਮਾ ਪਾ ਦਿੱਤਾ ਗਿਆ।

ਮੀਡੀਆ ਵਿਚ ਰਤਨ ਟਾਟਾ ਦੀ ਚਰਚਾ ਅੱਜ ਵੀ ਕਿਸੇ ਮਹਾਂਪੁਰਖ ਦੇ ਰੂਪ ਚ ਕੀਤੀ ਜਾਂਦੀ ਹੈ। ਟਾਟਾ ਉਤਪਾਦ ਨੈਨੋ ਕਾਰ ਦਾ ਅਖ਼ਬਾਰਾਂ ਨੇ ਮਹੀਨਿਆਂ ਤਕ ਪਹਿਲਾਂ ਪੰਨੇ 'ਤੇ ਪ੍ਰਚਾਰ ਕੀਤਾ ਸੀ ਜੋ ਖ਼ਬਰਾਂ ਦੇ ਰੂਪ ਵਿਚ ਹੁੰਦਾ ਸੀ। ਕੁਝ ਸਮੇਂ ਪਹਿਲਾਂ ਸਾਰੇ ਅਖ਼ਬਾਰਾਂ ਨੇ ਟਾਟਾ ਦੇ ਇਸ ਬਿਆਨ ਨੂੰ ਪਹਿਲੇ ਪੰਨੇ 'ਤੇ ਤਰਜੀਹ ਨਾਲ ਛਾਪਿਆ ਕਿ ਮੇਰੇ ਤੋਂ 15 ਕਰੋੜ ਦੀ ਰਿਸ਼ਵਤ ਮੰਗੀ ਗਈ ਸੀ ਅਤੇ ਮੈਂ ਆਪਣੇ ਮਿੱਤਰ ਨੂੰ ਕਿਹਾ ਕਿ ਰਿਸ਼ਵਤ ਦੇ ਕੇ ਮੈਨੂੰ ਨੀਂਦ ਨਹੀਂ ਆਏਗੀ। ਉਸ ਤੋਂ ਬਾਅਦ ਜਦੋਂ ਰਾਡੀਆ ਦੇ ਟੇਪ ਜਨਤਕ ਹੋਣੇ ਸ਼ੁਰੂ ਹੋਏ ਤਾਂ ਟਾਟਾ ਦੀ ਨੀਂਦ ਉਡ ਗਈ। ਉਹ ਉਨ੍ਹਾਂ ਟੇਪਾਂ ਨੂੰ ਜਨਤਕ ਹੋਣ ਤੋਂ ਰੋਕਣ ਲਈ ਦੌੜੇ-ਦੌੜੇ ਸੁਪਰੀਮ ਕੋਰਟ ਦੀ ਸ਼ਰਨ ਵਿਚ ਪਹੁੰਚ ਗਿਆ। 24 ਫਰਵਰੀ ਨੂੰ ਆਪਣੇ ਨੂੰ ਦੁਨੀਆ ਦਾ ਸਭ ਤੋਂ ਵੱਡਾ ਅੰਗਰੇਜ਼ੀ ਅਖ਼ਬਾਰ ਦੱਸਣ ਵਾਲੇ ਟਾਈਮਜ਼ ਆਫ ਇੰਡੀਆ ਨੇ ਆਪਣੇ ਪਹਿਲੇ ਪੰਨੇ 'ਤੇ ਦੋ ਕਾਲਮ ਦੀ ਇਸ ਮਕਸਦ ਨਾਲ ਖ਼ਬਰ ਛਾਪੀ ਕਿ ਰਤਨ ਟਾਟਾ ਨੇ ਨੀਰਾ ਰਾਡੀਆ ਟੇਪਾਂ ਦੇ ਲੀਕ ਹੋਣ ਦੇ ਮਾਮਲੇ ਦੀ ਜਾਂਚ ਕਿਸੇ ਨਿਰਪੱਖ ਏਜੰਸੀ ਤੋਂ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਫਿਲਹਾਲ ਚਲ ਰਹੀ ਜਾਂਚ ਢੁਕਵੀਂ ਤੇ ਸਹੀ ਨਹੀਂ ਹੈ। ਮੰਨਿਆ ਜਾਂਦਾ ਹੈ ਕਿ ਰਾਡੀਆ ਟੇਪਾਂ ਦੀ ਸੈਂਕੜੇ ਘੰਟਿਆਂ ਤਕ ਗੱਲਬਾਤ ਲੋਕਾਂ ਕੋਲ ਉਪਲਬਧ ਹੈ। ਸਵਾਲ ਹੈ ਆਖ਼ਰ ਟਾਟਾ ਵਰਗੇ ਨੇਕ ਇਨਸਾਨ ਕਿਸ ਗੱਲ ਤੋਂ ਡਰੇ ਹੋਏ ਹਨ? ਸਾਫ ਗੱਲ ਹੈ ਹਮਾਮ ਵਿਚ ਸਾਰੇ ਨੰਗੇ ਹਨ। ਟਾਟਾ ਨਹੀਂ ਚਾਹੁੰਦੇ ਕਿ ਇਹ ਨੰਗਾ ਨਾਚ ਆਪਣੀ ਪੂਰੀ ਭਿਆਨਤਾ ਨਾਲ ਪੂਰੀ ਦੁਨੀਆ ਸਾਹਮਣੇ ਆਏ।

ਇਹ ਸੋਚਣ ਦੀ ਗੱਲ ਹੈ ਕਿ ਟਾਟਾ, ਨੀਰਾ ਰਾਡੀਆ ਨੂੰ ਜੋ 60 ਕਰੋੜ ਰੁਪਏ ਸਾਲਾਨਾ ਦਲਾਲਾਂ ਲਈ ਦਿੰਦੇ ਹਨ (ਦੀ ਹਿੰਦੂਸਤਾਨ ਟਾਈਮਜ਼ 17.12.2010) ਉਸ ਵਿਚੋਂ ਮੀਡੀਆ ਨੂੰ ਟਾਟਾ ਨੂੰ ਮਹਾਂਪੁਰਖ ਬਣਾਉਣ ਦਾ ਕਿੰਨਾ ਹਿੱਸਾ ਮਿਲਦਾ ਹੈ? ਨਿਸ਼ਚੇ ਹੀ ਇਹ ਉਸ ਪੈਸੇ ਤੋਂ ਵੱਧ ਹੈ ਜੋ ਟਾਟਾ ਕੰਪਨੀ ਇਸ਼ਤਿਹਾਰ ਵਜੋਂ ਮੀਡੀਆ ਨੂੰ ਦਿੰਦੀ ਹੈ।

# 'ਜੈ-ਜੈ ਕਾਰ ਕਿਰਤ ਦੀ ਹੋਵੇ......'


ਮਜ਼ਦੂਰਾਂ ਦਿਵਸ 'ਤੇ ਵਿਸ਼ੇਸ਼

**ਭਾਰਤ ਹੀ ਨਹੀਂ ਦੁਨੀਆ ਭਰ ਦੇ ਕਿਰਤੀ ਨੂੰ 21ਵੀਂ ਸਦੀ ਵਿੱਚ ਵੀ ਆਪਣੇ ਮੁੜ੍ਹਕੇ ਦਾ ਸਹੀ ਮੁੱਲ ਨਹੀਂ ਮਿਲ ਪਾ ਰਿਹਾ। ਕੌਮਾਂਤਰੀ ਮਜ਼ਦੂਰ ਦਿਹਾੜਾ ਕਿਰਤੀਆਂ ਦੇ ਸੁਪਨਿਆਂ ਨੂੰ ਤਾਬੀਰ ਵਿੱਚ ਬਦਲਣ ਦਾ ਦਿਹਾੜਾ ਹੈ ਪਰ ਇਸ ਦਿਹਾੜੇ ਨੂੰ ਸਿਰਫ ਇੱਕ ਰਸਮ ਬਣਦੇ ਜਾਣ ਤੋਂ ਰੋਕਣ ਦੀ ਜ਼ਰੂਰਤ ਹੈ। ਇਸ ਅਹਿਮ ਸਵਾਲ ਦੇ ਰੂਬਰੂ ਹੋ ਰਹੇ ਹਨ 'ਨਵੀਂ ਦੁਨੀਆ' ਦੇ ਸੰਪਾਦਕ ਸੁਸ਼ੀਲ ਦੁਸਾਂਝ।**



ਆਓ ਇਕ ਰਸਮ ਨਿਭਾਈਏ! ਮਜ਼ਦੂਰਾਂ ਦਾ ਕੌਮਾਂਤਰੀ ਦਿਹਾੜਾ ਮਈ ਦਿਵਸ ਮਨਾਉਣ ਦੀ ਰਸਮ। ਇਹ ਦਿਨ ਹੀ ਹੈ ਜਦੋਂ ਦੁਨੀਆ ਦੇ ਹਰ ਕੋਨੇ ਵਿਚ 'ਦੁਨੀਆ ਭਰ ਦੇ ਮਜ਼ਦੂਰੋ ਇਕ ਹੋ ਜਾਓ' ਦਾ ਨਾਅਰਾ ਇਕੋ ਵੇਲੇ ਲਗਦਾ ਹੈ। ਅਸੀਂ ਇਸ ਨਾਅਰੇ ਦੇ ਪੂਰਨ ਹਮਾਇਤੀ ਹੀ ਨਹੀਂ ਸਗੋਂ ਨਾਅਰਾ ਲਾਉਣ ਵਾਲਿਆਂ ਵਿਚ ਵੀ ਸ਼ਾਮਲ ਹਾਂ ਪਰ ਸਾਡੇ ਸਮੇਤ ਇਹ ਨਾਅਰਾ ਲਾਉਣ ਵਾਲਾ ਹਰ ਬੰਦਾ ਇਕ ਪਲ ਲਈ ਤਾਂ ਜ਼ਰੂਰ ਸੋਚੇ ਕਿ ਕੀ ਅੱਜ ਸੱਚਮੁੱਚ ਹੀ ਇਹ ਨਾਅਰਾ ਮਹਿਜ ਇਕ ਰਸਮ ਨਹੀਂ ਰਹਿ ਗਿਆ ਹੈ? ਬਾਕੀ ਦਿਨਾਂ ਨਾਲੋਂ ਅੱਜ ਦਾ ਦਿਨ ਥੋੜ੍ਹਾ ਵੱਖਰਾ ਦਿਖਾਈ ਦਿੰਦਾ ਹੈ ਪਰ ਅਸਲੀਅਤ ਵਿਚ ਹੋਰਨਾਂ ਦਿਨਾਂ ਨਾਲੋਂ ਇਹਦਾ ਕੋਈ ਫਰਕ ਨਹੀਂ ਹੈ। ਸਾਰੀ ਦੁਨੀਆ ਦੇ ਮਜ਼ਦੂਰਾਂ ਨੂੰ ਇਕ ਹੋਣ ਦੇ ਨਾਅਰੇ ਲਾਉਣ ਵਾਲੇ ਅਸੀਂ ਹਰ ਤੀਸਰੇ ਦਿਨ ਇਕ ਨਵਾਂ ਧੜਾ ਬਣਾ ਕੇ ਆਪਣੇ-ਆਪ ਨੂੰ ਸਾਰਿਆਂ ਨਾਲੋਂ ਵੱਡੇ ਇਨਕਲਾਬੀ ਹੋਣ ਦੇ ਸਰਟੀਫਿਕੇਟ ਦੇਣ ਦੇ ਕੁਚੱਕਰ ਵਿਚ ਪੈ ਚੁੱਕੇ ਹਾਂ। ਕੁਝ ਮਿਤਰਾਂ ਨੂੰ ਇਹ ਗੱਲਾਂ ਕੌੜੀਆਂ ਲੱਗ ਸਕਦੀਆਂ ਹਨ ਤੇ ਇਨ੍ਹਾਂ ਨੂੰ ਕੱਟਣ ਲਈ ਉਨ੍ਹਾਂ ਕੋਲ ਦਲੀਲਾਂ ਦਾ ਟੋਕਰਾ ਹੋ ਸਕਦਾ ਹੈ ਪਰ ਸੱਚ ਕਿਸੇ ਦਲੀਲ ਦਾ ਮੁਹਤਾਜ ਨਹੀਂ ਹੋਇਆ ਕਰਦਾ।

ਸੱਚ ਕੀ ਹੈ? ਸੱਚ ਇਹ ਹੈ ਕਿ ਭਾਰਤ ਵਿਚ 42 ਕਰੋੜ ਦੇ ਕਰੀਬ ਮਜ਼ਦੂਰ ਹਨ ਪਰ ਕੰਮ ਸਿਰਫ 4 ਕਰੋੜ ਕੋਲ ਹੈ ਬਾਕੀ ਦੇ 38 ਕਰੋੜ ਮਜ਼ਦੂਰਾਂ ਦਾ ਕੋਈ ਠੌਰ ਟਿਕਾਣਾ ਨਹੀਂ। ਉਨ੍ਹਾਂ ਲਈ ਆਪਣੇ ਸਾਹਾਂ ਨੂੰ ਬਚਾ ਕੇ ਰੱਖਣ ਦੀ ਲੜਾਈ ਹੀ ਜੀ ਦਾ ਜੰਜਾਲ ਬਣੀ ਹੋਈ ਹੈ ਜਿਹੜੇ 4 ਕਰੋੜ ਮਜ਼ਦੂਰਾਂ ਕੋਲ ਰੁਜ਼ਗਾਰ ਹੈ ਵੀ; ਉਨ੍ਹਾਂ 'ਤੇ ਛਾਂਟੀ ਦੀ ਤਲਵਾਰ ਲਟਕ ਰਹੀ ਹੈ। ਰੁਜ਼ਗਾਰ ਦੇ ਨਵੇਂ ਦਰਵਾਜ਼ੇ ਤਾਂ ਕੀ ਖੁਲ੍ਹਣੇ ਹਨ; ਜਿੱਥੇ ਰੁਜ਼ਗਾਰ ਹੈ; ਉਥੇ ਕਿਰਤ ਕਨੂੰਨਾਂ ਦੀ ਸ਼ਰੇਆਮ ਉਲੰਘਣਾ ਨੂੰ ਪ੍ਰਬੰਧਕਾਂ ਅਤੇ ਮਾਲਕਾਂ ਨੇ ਆਪਣਾ ਜਨਮ-ਸਿੱਧ ਅਧਿਕਾਰ ਬਣਾ ਲਿਆ ਹੈ। ਉਦਾਰੀਕਰਨ ਦੇ ਨਵੇਂ ਦੌਰ ਵਿਚ ਪਿਛਲੇ 13-14 ਵਰ੍ਹਿਆਂ ਵਿਚ ਹੀ ਇਕ ਕਰੋੜ ਦੇ ਕਰੀਬ ਮਜ਼ਦੂਰਾਂ ਨੂੰ ਫੈਕਟਰੀਆਂ ਵਿਚੋਂ ਧੱਕੇ ਮਾਰ-ਮਾਰ ਕੇ ਕੱਢਿਆ ਜਾ ਚੁੱਕਾ ਹੈ। ਸੱਚ ਇਹ ਵੀ ਹੈ ਕਿ ਮਜ਼ਦੂਰਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ ਤੇ ਇਹਦੇ ਹਿਸਾਬ ਨਾਲ ਮਜ਼ਦੂਰਾਂ ਦੀਆਂ ਜਥੇਬੰਦੀਆਂ ਵੀ ਵੱਧ ਰਹੀਆਂ ਹਨ ਪਰ ਮਜ਼ਦੂਰ ਅੰਦੋਲਨ ਕਿਧਰੇ ਦਿਖਾਈ ਨਹੀਂ ਦਿੰਦੇ। ਇਹ ਬੜੀ ਅਜੀਬ ਸਥਿਤੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਅੱਜ ਜਦੋਂ ਹਾਲਾਤ ਮਜ਼ਦੂਰ ਅੰਦੋਲਨਾਂ ਦੇ ਪ੍ਰਚੰਡ ਹੋਣ ਦੇ ਬਣ ਰਹੇ ਹਨ ਉਦੋਂ ਇਹ ਅੰਦੋਲਨ ਕਿਉਂ ਨਹੀਂ ਮਘ ਰਹੇ? ਦਰਅਸਲ, ਹਰ ਮਜ਼ਦੂਰ ਜਥੇਬੰਦੀ ਆਪੋ-ਆਪਣੀ ਸਿਆਸੀ ਪਾਰਟੀ ਦੀ ਸਤਾਪ੍ਰਸਤ ਸਿਆਸਤ ਵਿਚ ਬੁਰੀ ਤਰ੍ਹਾਂ ਗਲਤਾਨ ਹੋ ਚੁੱਕੀ ਹੈ।

ਭਾਰਤ ਵਿਚ ਮਜ਼ਦੂਰਾਂ ਦੇ ਸੋਸ਼ਣ ਦੀ ਜਿੰਨੀ ਗਲ ਕੀਤੀ ਜਾਵੇ ਉਹ ਘੱਟ ਹੈ। ਮਜ਼ਦੂਰਾਂ ਤੋਂ 18-20 ਘੰਟੇ ਕੰਮ ਕਰਵਾ ਕੇ ਵੀ ਉਨ੍ਹਾਂ ਨੂੰ ਪੂਰਾ ਮਿਹਨਤਾਨਾ ਨਹੀਂ ਦਿੱਤਾ ਜਾਂਦਾ। ਕਈ ਥਾਵਾਂ 'ਤੇ ਤਾਂ ਮਜ਼ਦੂਰੀ ਦਿੱਤੀ ਹੀ ਨਹੀਂ ਜਾਂਦੀ; ਸਿਰਫ ਇਕ ਵੇਲੇ ਦੀ ਰੋਟੀ ਹੀ ਇਨ੍ਹਾਂ ਦੀ ਮਜ਼ਦੂਰੀ ਮੰਨ ਲਈ ਜਾਂਦੀ ਹੈ। ਇਹਦੇ ਵਲ ਨਾ ਤਾਂ ਸਰਕਾਰਾਂ ਦਾ ਕੋਈ ਧਿਆਨ ਹੈ ਅਤੇ ਨਾ ਹੀ ਮਜ਼ਦੂਰ ਜਥੇਬੰਦੀਆਂ ਦੀ ਕੋਈ ਪਹਿਲਕਦਮੀ ਦਿਖਾਈ ਦਿੰਦੀ ਹੈ। ਹਾਂ, ਕਦੇ-ਕਦਾਈਂ ਖ਼ਬਰ ਆਉਂਦੀ ਹੈ ਕਿ ਕਿਸੇ ਮਜ਼ਦੂਰ ਜਥੇਬੰਦੀ ਨੇ ਕਿਸੇ ਭੱਠੇ ਆਦਿ ਤੋਂ ਕੁਝ ਬੰਧੂਆਂ ਮਜ਼ਦੂਰਾਂ ਨੂੰ ਮੁਕਤ ਕਰਵਾਇਆ ਹੈ ਪਰ ਕਰੋੜਾਂ ਮਜ਼ਦੂਰਾਂ ਵਾਲੇ ਮੁਲਕ ਵਿਚ ਇਹ ਆਟੇ ਵਿਚ ਲੂਣ ਵੀ ਨਹੀਂ ਹੈ।

ਦੁਖੀ ਕਰਨ ਵਾਲੀ ਗੱਲ ਇਹ ਵੀ ਹੈ ਕਿ ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਦੇ ਦਬਾਅ ਹੇਠ ਘੜੀਆਂ ਜਾ ਰਹੀਆਂ ਸਾਡੇ ਮੁਲਕ ਦੀਆਂ ਨੀਤੀਆਂ 'ਤੇ ਕਿਸੇ ਕਿਸਮ ਦੀ ਕੋਈ ਰੋਕ-ਟੋਕ ਹੁਣ ਨਹੀਂ ਹੈ। ਇਨ੍ਹਾਂ ਨੀਤੀਆਂ ਦੇ ਚਲਦਿਆਂ ਆਉਣ ਵਾਲਾ ਸਮਾਂ ਭਾਰਤ ਦੇ ਆਮ ਬੰਦੇ ਲਈ ਬਹੁਤ ਹੀ ਡਰਾਉਣ ਹੋਣ ਵਾਲਾ ਹੈ। ਆਮ ਬੰਦੇ ਲਈ ਜੀਉਂਦੇ ਰਹਿਣ ਦੀ ਲੜਾਈ ਹੀ ਬੜੀ ਮੁਸ਼ਕਲ ਹੋਣ ਵਾਲੀ ਹੈ। ਇਨ੍ਹਾਂ ਪ੍ਰਸਥਿਤੀਆਂ ਵਿਚ ਇਹ ਹੈਰਾਨੀ ਦੀ ਗੱਲ ਨਹੀਂ ਕਿ ਸਰਕਾਰੀ ਮੁਲਾਜ਼ਮਾਂ ਤੋਂ ਹੜਤਾਲ ਦਾ ਅਧਿਕਾਰ ਵੀ ਖੋਹ ਲਿਆ ਗਿਆ ਹੈ ਪਰ ਮਜ਼ਦੂਰਾਂ/ਮੁਲਾਜ਼ਮਾਂ ਦੀਆਂ ਸਭ ਤੋਂ ਵੱਡੀਆਂ ਮੁੱਦਈ ਖੱਬੀਆਂ ਪਾਰਟੀਆਂ ਮਜ਼ਦੂਰਾਂ ਦੇ ਇਸ ਮੌਲਿਕ ਅਧਿਕਾਰ ਨੂੰ ਵਾਪਸ ਕਰਵਾਉਣ ਲਈ ਰੱਤੀ ਭਰ ਵੀ ਸਰਗਰਮ ਨਹੀਂ।

ਅਸਲ ਵਿਚ ਭਾਰਤ ਦੀਆਂ ਟਰੇਡ ਯੂਨੀਅਨਾਂ ਨੂੰ ਅੱਜ ਲਾਜ਼ਮੀ ਤੌਰ 'ਤੇ ਆਪਣੇ-ਆਪ ਅੰਦਰ ਝਾਤੀ ਮਾਰਨ ਦੀ ਡਾਢੀ ਲੋੜ ਹੈ। ਇਨ੍ਹਾਂ ਨੂੰ ਇਹ ਦੇਖਣਾ ਹੀ ਪਵੇਗਾ ਕਿ ਇਹ ਕਿਹਦੇ ਲਈ ਲੜ ਰਹੀਆਂ ਹਨ। ਕੀ ਇਹ ਸੱਚਮੁੱਚ ਹੀ ਮਜ਼ਦੂਰਾਂ ਦੀ ਲੜਾਈ ਲੜ ਰਹੀਆਂ ਹਨ ਜਾਂ ਫਿਰ ਆਪੋ-ਆਪਣੀਆਂ ਸਿਆਸੀ ਪਾਰਟੀਆਂ ਦੀ ਰਾਜਨੀਤੀ ਨੂੰ ਮਜ਼ਦੂਰਾਂ ਉਪਰ ਠੋਸਣ ਦੇ ਆਤਮ-ਘਾਤੀ ਰਾਹ ਪੈ ਚੁੱਕੀਆਂ ਹਨ। ਇਹ ਕੌੜੀ ਸਚਾਈ ਹੈ ਕਿ ਭਾਰਤੀ ਸਿਆਸਤ ਵਿਚ ਲੋਕ-ਪੱਖੀ ਸਿਆਸਤ ਦੇ ਅਲੰਬਰਦਾਰਾਂ ਨੇ ਸੱਤਾ ਨਾਲ ਗਲਵਕੜੀਆਂ ਪਾਈਆਂ ਹੋਈਆਂ ਹਨ ਤੇ 'ਗਲਵਕੜੀ ਸਿਆਸਤ' ਨੂੰ ਇਹ ਆਪੋ-ਆਪਣੇ ਮਜ਼ਦੂਰ ਸੰਗਠਨਾਂ ਰਾਹੀਂ ਲਾਗੂ ਕਰਨ ਦੇ ਕੁਰਾਹੇ ਪੈ ਚੁੱਕੇ ਹਨ। ਇਸ ਸਥਿਤੀ ਵਿਚ ਭਾਰਤ ਦੇ ਮਜ਼ਦੂਰ ਅੰਦੋਲਨ ਦਾ ਧੁੰਦਲਾ ਦਿਖਾਈ ਦੇ ਰਿਹਾ ਹੈ। ਭਾਰਤੀ ਮਜ਼ਦੂਰ ਜਾਂ ਕਹਿ ਲਓ ਮੁਲਕ ਨੂੰ ਬਚਾਉਣ ਦੀ ਲੜਾਈ ਲੜਨ ਲਈ ਜ਼ਰੂਰੀ ਹੈ ਕਿ 'ਸਤਾ ਦੀ ਗਲਵਕੜੀ ਸਿਆਸਤ' ਨੂੰ ਤਿਲਾਂਜਲੀ ਦਿੱਤੀ ਜਾਵੇ। ਜੇਕਰ ਮਜ਼ਦੂਰ/ਮੁਲਾਜ਼ਮ ਦਿੱਲੀ ਦਰਬਾਰ ਵਿਚ ਬੈਠੇ ਆਪਣੇ 'ਨੁਮਾਇੰਦਿਆਂ' ਵੱਲ ਹੀ ਦੇਖੀ ਗਏ ਤਾਂ ਪਾਰ ਉਤਾਰਾ ਤਾਂ ਇਕ ਪਾਸੇ ਰਿਹਾ ਬੇੜਾ ਡੁੱਬਿਆ ਹੀ ਲਓ। ਇਨ੍ਹਾਂ ਹਾਲਤਾਂ ਵਿਚ ਮਜ਼ਦੂਰ ਜਥੇਬੰਦੀਆਂ ਨੂੰ ਲੋਕ ਮੁਕਤੀ ਦੀ ਲੜਾਈ ਨੂੰ ਆਪਣਾ ਪਹਿਲਾ ਏਜੰਡਾ ਬਣਾਉਣਾ ਪਵੇਗਾ। ਨਹੀਂ ਤਾਂ ਤਸਵੀਰ ਨਹੀਂ ਬਦਲੀ ਜਾ ਸਕੇਗੀ। ਆਓ ਅੱਜ ਦੇ ਦਿਨ ਤਾਂ ਸੱਚ ਦਾ ਪੱਲਾ ਫੜ ਲਈਏ ਤਾਂ ਹੀ ਇਹ ਦਿਨ ਰਸਮ ਦੀ ਥਾਂ ਕਿਰਤ ਦੀ ਜੈ-ਜੈਕਾਰ ਕਰਨ ਵਾਲੇ ਦਿਨ ਵਿਚ ਤਬਦੀਲ ਹੋ ਸਕੇਗਾ। ਮਿਤਰੋ! ਤੁਸੀਂ ਰਸਮਾਂ ਨੂੰ ਤੋੜਨ ਵਾਲੇ ਲੋਕ ਹੋ, ਰਸਮਾਂ ਨਿਭਾਉਂਦੇ ਚੰਗੇ ਨਹੀਂ ਲੱਗਦੇ। ਆਓ ਲੋਕ ਸ਼ਾਇਰ ਪ੍ਰੋ. ਮੋਹਨ ਸਿੰਘ ਨਾਲ ਇਕ-ਮਿੱਕ ਹੋਈਏ-

'ਦਾਤੀਆਂ ਕਲਮਾਂ ਅਤੇ ਹਥੌੜੇ ਕੱਠੇ ਕਰ ਲਓ ਸੰਦ ਓ ਯਾਰ,
ਜੈ-ਜੈ ਕਾਰ ਕਿਰਤ ਦੀ ਹੋਵੇ ਜ਼ੁਲਮ ਦੀ ਲੱਗੇ ਕੰਡ ਓ ਯਾਰ।'

## ਮਜ਼ਦੂਰਾਂ ਦਾ ਗੀਤ


ਅਮਰਦੀਪ ਗਿੱਲ
09988262870

ਮਿੱਟੀ ਨਾਲ ਮਿੱਟੀ ਹੋਣ ਵਾਲਿਓ
ਮਿਲਣਾ ਨੀ ਮਿਹਨਤਾਂ ਦਾ ਮੁੱਲ ਓਏ !
ਜਿਨਾਂ ਚਿਰ ਹੱਥ ਨਹੀਂਓ ਉੱਠਦੇ
ਜਿੰਨੀ ਦੇਰ ਖੁੱਲਦੇ ਨੀ ਬੁੱਲ ਓਏ !
ਮਿੱਟੀ ਨਾਲ ਮਿੱਟੀ ਹੋਣ ਵਾਲਿਓ ....

ਸਾਡੇ ਕੋਲ ਕੁੱਝ ਨੀ ਗਵਾਉਣ ਵਾਸਤੇ
ਪਿਆ ਸਾਰਾ ਜੱਗ ਅਪਨਾਉਣ ਵਾਸਤੇ
ਹਰ ਕਣ ਧਰਤੀ ਦਾ ਸਾਡਾ ਏ
ਜਿੱਥੇ ਇਹ ਪਸੀਨਾ ਗਿਆ ਡੁੱਲ੍ਹ ਓਏ !
ਮਿੱਟੀ ਨਾਲ ਮਿੱਟੀ ਹੋਣ ਵਾਲਿਓ ....

ਸਾਡੇ ਵਿੱਚ ਪਾਉਂਦੇ ਜਿਹੜੇ ਰੋਜ਼ ਵੰਡੀਆਂ
ਤੋਲਦੇ ਜੋ ਸੌਦਾ ਮਾਰਦੇ ਨੇ ਡੰਡੀਆਂ
ਉਨਾਂ ਸ਼ਾਹਾਂ ਦੇ ਮਹਿਲਾਂ ਉੱਤੇ ਰਾਜਿਓ
ਬਣ ਕੇ ਹਨੇਰੀ ਜਾਣਾ ਝੁੱਲ ਓਏ !
ਮਿੱਟੀ ਨਾਲ ਮਿੱਟੀ ਹੋਣ ਵਾਲਿਓ ....

ਏਹ ਜ਼ਾਤਾਂ ਨੀ ਜਮਾਤਾਂ ਦੇ ਹੀ ਪਾੜੇ ਨੇ
ਸਾਰੇ ਖਾਬ ਸਾਡੇ ਜਿਹਨਾਂ ਸੂਲੀ ਚਾੜੇ ਨੇ
ਬੱਸ ਐਨੀ ਗੱਲ ਯਾਦ ਰੱਖੋ ਸਾਥੀਓ
ਬਾਕੀ ਵੱਜੀਆਂ ਜੋ ਲੀਕਾਂ ਜਾਓ ਭੁੱਲ ਓਏ !
ਮਿੱਟੀ ਨਾਲ ਮਿੱਟੀ ਹੋਣ ਵਾਲਿਓ ....

ਵਕਤ ਬਦਲੇ ਹਾਲਾਤ ਨਹੀਂ ਬਦਲਦੇ
ਕਿਉਂ ਸਾਡੇ ਦਿਨ ਰਾਤ ਨਹੀਂ ਬਦਲਦੇ
ਕਿਉਂ ਸਾਡੇ ਪੈਰਾਂ ਹੇਠ ਉੱਗੇ ਭੱਖੜਾ
ਅਸੀਂ ਹੋਰਾਂ ਲਈ ਬੀਜਦੇ ਆਂ ਫੁੱਲ ਓਏ !
ਮਿੱਟੀ ਨਾਲ ਮਿੱਟੀ ਹੋਣ ਵਾਲਿਓ ....

ਹੱਕ ਮਿਲਣੇ ਨੀ ਹੱਕ ਖੋਹਣੇ ਪੈਣਗੇ
ਹੱਥ ਉੱਠੇ ਜਿਹੜੇ ਓਹੀ ਹੱਕ ਲੈਣਗੇ
ਉਹੀ ਜਿਉਂਦੇ ਏਥੇ ਸਿਰ ਉੱਚਾ ਕਰ ਕੇ
ਜਿਹੜੇ 'ਤਾਰਦੇ ਨੇ ਇਹਦੇ ਲਈ ਮੁੱਲ ਓਏ !
ਮਿੱਟੀ ਨਾਲ ਮਿੱਟੀ ਹੋਣ ਵਾਲਿਓ ....

# ਮਜ਼ਦੂਰ ਦਿਵਸ 'ਤੇ ਕਾਮਿਆਂ ਦੀ ਮਾਰਕੁਟਾਈ

## ਕਣਕ ਦੀ ਚੋਰੀ ਦਾ ਇਲਜ਼ਾਮ ਲਾ ਕੇ ਆੜ੍ਹਤੀ ਨੇ ਸਾਥੀਆਂ ਸਮੇਤ ਬੰਦੀ ਬਣਾ ਕੇ ਬੇਦਰਦੀ ਨਾਲ ਕੁਟਿਆ

ਫਿਰੋਜ਼ਪੁਰ, (ਨਦਬ) : ਪਿੰਡ ਤਾਰਾ ਸਿੰਘ ਵਾਲਾ ਮੰਡੀ ਵਿਚ ਲੇਬਰ ਦਾ ਕੰਮ ਕਰਨ ਵਾਲੇ ਚਾਰ ਮਜ਼ਦੂਰਾਂ ਦੀ ਇਕ ਆੜ੍ਹਤੀ ਜ਼ਾਲਮਾਨਾ ਤਰੀਕੇ ਨਾਲ ਮਾਰ ਕੁਟਾਈ ਕੀਤੀ। ਬਾਅਦ ਵਿਚ ਇਹ ਮਜ਼ਦੂਰ ਹਸਪਤਾਲ ਵਿਚ ਇਲਾਜ ਲਈ ਠੋਕਰਾ ਖਾਂਦੇ ਰਹੇ, ਉਹ ਵੀ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਵਾਲੇ ਦਿਨ। ਹਾਲਾਂਕਿ ਐਤਵਾਰ ਦੇਰ ਸ਼ਾਮ ਸਿਵਲ ਹਸਪਤਾਲ ਵਿੱਚ ਉਨ੍ਹਾਂ ਨੂੰ ਭਰਤੀ ਕਰ ਕੇ ਇਲਾਜ ਸ਼ੁਰੂ ਕਰ ਦਿਤਾ ਗਿਆ ਸੀ ਪਰ ਇਨ੍ਹਾਂ ਦੇ ਚਿਹਰਿਆਂ 'ਤੇ ਸਰਮਾਏਦਾਰਾਂ ਵਲੋਂ ਬੇਰਹਿਮੀ ਨਾਲ ਕੀਤੀ ਗਈ ਮਾਰ ਕੁਟਾਈ ਦਾ ਡਰ ਸਾਫ ਝਲਕ ਰਿਹਾ ਸੀ। ਸਿਵਲ ਹਸਪਤਾਲ ਵਿਚ ਐਮਰਜੈਂਸੀ ਡਿਊਟੀ 'ਤੇ ਤਾਇਨਾਤ ਡਾ. ਏ.ਬੀ. ਸਿੰਘ ਨੇ ਪੁਲਿਸ ਵਿਚ ਸ਼ਿਕਾਇਤ ਦਰਜ ਹੋ ਜਾਣ ਤੋਂ ਬਾਅਦ ਤੁਰੰਤ ਇਲਾਜ ਸ਼ੁਰੂ ਕਰ ਦਿਤਾ। ਉਨ੍ਹਾਂ ਨੇ ਕਿਹਾ ਕਿ ਪਾਲਾ ਸਿੰਘ ਦੀ ਹਾਲਤ ਸਭ ਤੋਂ ਜ਼ਿਆਦਾ ਖਰਾਬ ਹੈ, ਜਦਕਿ ਬਾਕੀਆਂ ਨੂੰ ਅੰਦਰੂਨੀ ਸੱਟਾਂ ਲੱਗੀਆਂ ਹਨ। ਉਨ੍ਹਾਂ ਨੇ ਕਿਹਾ ਕਿ ਛੇਤੀ ਹੀ ਮੈਡੀਕਲ ਰਿਪੋਰਟ ਬਣਾ ਕੇ ਪੁਲਿਸ ਥਾਣੇ ਵਿਚ ਭੇਜ ਦਿਤੀ ਜਾਵੇਗੀ।

ਡਾਕਟਰੀ ਰੀਪੋਰਟ 'ਤੇ ਹੋਵੇਗੀ ਕਾਰਵਾਈ : ਘਟਨਾ ਦੀ ਸੂਚਨਾ ਮਿਲਣ 'ਤੇ ਐਸ.ਐਸ.ਪੀ. ਵਲੋਂ ਭੇਜੇ ਗਏ ਸੀ.ਆਈ.ਏ. ਸਟਾਫ਼ ਮੁਖੀ ਸਰਬਜੀਤ ਸਿੰਘ ਅਤੇ ਥਾਣਾ ਕੈਂਟ ਮੁਖੀ ਸੁਰਿੰਦਰਪਾਲ ਸ਼ਰਮਾ ਨੇ ਕਿਹਾ ਕਿ ਸਾਰੇ ਮਜ਼ਦੂਰਾਂ ਨੂੰ ਹਸਪਤਾਲ ਵਿਚ ਭਰਤੀ ਕਰਵਾ ਕੇ ਉਨ੍ਹਾਂ ਦਾ ਇਲਾਜ ਸ਼ੁਰੂ ਕਰ ਦਿਤਾ ਗਿਆ ਹੈ। ਡਾਕਟਰਾਂ ਵਲੋਂ ਜੋ ਰੀਪੋਰਟ ਭੇਜੀ ਜਾਵੇਗੀ ਉਸ ਦੇ ਅਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।



### ਅਣਮਨੁੱਖੀ ਤਸ਼ੱਦਦ ਦਾ ਦੋਸ਼

ਮਜ਼ਦੂਰਾਂ ਵਿੱਚੋਂ ਪਾਲਾ ਸਿੰਘ ਨਿਵਾਸੀ ਪਿੰਡ ਝੋਕ ਹਰਿਹਰ, ਜ਼ਿਲ੍ਹਾ ਫਰੀਦਕੋਟ ਦੇ ਪਿੰਡ ਪੀਹਲੂ ਦੇ ਨਿਵਾਸੀ ਹੀਰਾ ਸਿੰਘ, ਮੰਦਰ ਸਿੰਘ ਅਤੇ 15 ਸਾਲਾ ਸੁਖਜਿੰਦਰ ਉਰਫ ਛਿੰਦਾ ਨੇ ਦਸਿਆ ਕਿ ਉਹ ਪਿਛਲੇ 20 ਦਿਨ ਤੋਂ ਪਿੰਡ ਤਾਰਾ ਸਿੰਘ ਵਾਲਾ ਅਨਾਜ ਮੰਡੀ ਵਿਚ ਲੇਬਰ ਠੇਕੇਦਾਰ ਗੁਰਜੰਟ ਸਿੰਘ ਅਧੀਨ ਕੰਮ ਕਰ ਰਹ ਸਨ। ਸਨਿਚਰਵਾਰ ਰਾਤ ਆੜ੍ਹਤੀ ਹੀਰਾ ਸਿੰਘ ਨੇ ਇਹ ਦੋਸ਼ ਲਾ ਕੇ ਉਨ੍ਹਾਂ ਨੂੰ ਬੰਦੀ ਬਣਾ ਲਿਆ ਕਿ ਉਨ੍ਹਾਂ ਨੇ ਉਸ ਦੀ ਆੜ੍ਹਤ ਤੋਂ ਕਣਕ ਦੀਆਂ ਬੋਰੀਆਂ ਚੋਰੀ ਕੀਤੀਆਂ ਹਨ। ਇਸ ਤੋਂ ਉਸ ਨੇ ਆਪਣੇ ਕੁਝ ਸਾਥੀਆਂ ਦੀ ਮਦਦ ਨਾਲ ਉਨ੍ਹਾਂ ਨੂੰ ਬੇਰਹਿਮੀ ਨਾਲ ਕੁਟਿਆ। ਮਜ਼ਦੂਰ ਪਾਲਾ ਸਿੰਘ ਨੇ ਦਸਿਆ ਕਿ ਮਾਰ ਕੁਟਾਈ ਦੀਆਂ ਸਾਰੀਆਂ ਹੱਦਾਂ ਪਾਰ ਕਰਦੇ ਹੋਏ ਹੀਰਾ ਸਿੰਘ ਅਤੇ ਉਸ ਦੇ ਸਾਥੀਆਂ ਨੇ ਉਨ੍ਹਾਂ 'ਤੇ ਅਣਮਨੁੱਖੀ ਤਸ਼ੱਦਦ ਕੀਤਾ।

### ਇਨਸਾਫ ਨਾ ਮਿਲਿਆ ਤਾਂ ਕੰਮ ਠੱਪ

ਸਾਰੇ ਮਜ਼ਦੂਰਾਂ ਨੇ ਕਿਹਾ ਕਿ ਉਨ੍ਹਾਂ ਨਾਲ ਹੋਈ ਇਸ ਮਾਰਕੁਟਾਈ ਦੇ ਮਾਮਲੇ ਨੂੰ ਦਬਾਉਣ ਲਈ ਆੜ੍ਹਤੀਆਂ ਵਲੋਂ ਰਾਜਨੀਤਿਕ ਅਸਰ ਰਸੂਖ ਵਰਤਿਆ ਜਾ ਰਿਹਾ ਹੈ। ਐਤਵਾਰ ਜਦ ਉਹ ਸਿਵਲ ਹਸਪਤਾਲ ਪਹੁੰਚੇ ਤਾਂ ਹਸਪਤਾਲ ਪ੍ਰਸ਼ਾਸਨ ਨੇ ਇਹ ਕਹਿ ਕੇ ਉਨ੍ਹਾਂ ਨੂੰ ਭਰਤੀ ਕਰਨ ਤੋਂ ਇਨਕਾਰ ਕਰ ਦਿਤਾ ਕਿ ਪਹਿਲਾਂ ਪੁਲਿਸ ਵਿਚ ਸ਼ਿਕਾਇਤ ਦਰਜ ਕਰਵਾਓ। ਉਧਰ, ਭਾਵਾਧਸ ਪ੍ਰਤੀਨਿਧੀ ਧਿੱਪਲ ਸਹੋਤਾ ਨੇ ਕਿਹਾ ਕਿ ਕਿਸੇ ਵੀ ਮਜ਼ਦੂਰ ਨਾਲ ਜ਼ਿਆਦਤੀ ਨਹੀਂ ਹੋ ਦਿਤੀ ਜਾਵੇਗੀ ਅਤੇ ਜੇ ਗਰੀਬ ਮਜ਼ਦੂਰਾਂ ਨੂੰ ਇਨਸਾਫ ਨਾ ਮਿਲਿਆ ਤਾਂ ਮੰਗਲਵਾਰ ਤੋਂ ਇਲਾਕੇ ਦੀਆਂ ਸਾਰੀਆਂ ਮੰਡੀਆਂ ਵਿਚ ਮਜ਼ਦੂਰ ਕੰਮ ਠੱਪ ਕਰ ਦੇਣਗੇ।

# ਸੂਬਾਈ ਸਿੱਖਿਆ ਪੜਚੋਲ ਵਿੱਚ ਸਾਧਨ ਜੁਟਾਉਣ ਦੀ ਲੋੜ 'ਤੇ ਜ਼ੋਰ



ਨਵੰਬਰ 2008 ਵਿੱਚ ਅਲਬਰਟਾ ਦੇ ਸਿੱਖਿਆ ਮੰਤਰੀ ਡੇਵ ਹੈਨਕੁਨ ਨੇ ਅਲਬਰਟਾ ਵਾਸੀਆਂ ਨਾਲ ਸੂਬੇ ਵਿੱਚ ਸਿੱਖਿਆ ਦੇ ਭਵਿੱਖ ਉਪਰ ਖੁਲ੍ਹੀ ਬਹਿਸ ਕਰਵਾਉਣ ਲਈ ਇੱਕ ਕਮੇਟੀ ਗਠਿਤ ਕੀਤੀ। 'ਸਿੱਖਿਆ ਨੂੰ ਹੱਲਾਸ਼ੇਰੀ' ਦੇ ਸਿਰਲੇਖ ਹੇਠ ਇੱਕ ਪ੍ਰਕਿਰਿਆ ਇਸ ਪ੍ਰਸ਼ਨ ਉਦਾਲੇ ਗਠਿਤ ਕੀਤੀ ਗਈ ਹੈ ਕਿ 2030 ਤੱਕ ਲੋਕਾਂ ਦੇ ਹਿੱਤਾਂ ਦੀ ਪੂਰਤੀ ਖਾਤਰ ਸਾਰੇ ਸਿੱਖਿਆ ਪ੍ਰਬੰਧ ਵਿੱਚ ਵਿਦਿਆਰਥੀਆਂ ਦੀਆਂ ਤੇ ਸਾਡੀ ਆਰਥਿਕਤਾ ਦੀਆਂ ਕੀ ਲੋੜਾਂ ਹਨ? ਜਿਉਂ ਹੀ ਸੂਬਾਈ ਪੱਧਰ 'ਤੇ ਸਲਾਹ ਦਾ ਸਿਲਸਿਲਾ ਅੱਗੇ ਵਧਿਆ, ਅਰੰਭੀ ਗਈ ਪ੍ਰਕਿਰਿਆ ਦੀ ਪ੍ਰਗਤੀ ਚੰਗੀ ਰਹੀ। ਇਸ ਕਮੇਟੀ ਦੇ ਮੁਖੀ ਐਮ.ਐਲ.ਏ. ਜੈਫ਼ ਜੌਹਨਸਨ ਅਤੇ ਹਾਈ ਸਕੂਲ ਅਧਿਆਪਕ ਬਰੈਂਟ ਮੈਕਡੌਨ ਸਨ। ਇਸ ਨੇ ਨਾ ਕੇਵਲ ਉਨ੍ਹਾਂ ਲੋਕਾਂ ਨਾਲ ਸੁਹਿਰਦ ਸੰਵਾਦ ਰਚਾਉਣ ਦਾ ਯਤਨ ਕੀਤਾ ਜਿਹੜੇ ਸਿੱਖਿਆ ਪ੍ਰਬੰਧ ਨਾਲ ਸਿੱਧਾ ਸਬੰਧ ਰਖਦੇ ਹਨ, ਸਗੋਂ ਕਾਰਜਸ਼ਾਲਾਵਾਂ, ਵਾਰਤਾਲਾਪ ਲੜੀ, ਆਨ ਲਾਈਨ ਗੱਲਬਾਤਾਂ ਤੇ ਪ੍ਰਸ਼ਨੋਤਰੀਆਂ ਰਾਹੀਂ ਜਨਤਾ ਦੇ ਵਿਸ਼ਾਲ ਹਿੱਸੇ ਤਕ ਵੀ ਪਹੁੰਚ ਬਣਾਈ।

ਪਿਛਲੇ ਜੂਨ ਵਿੱਚ ਜਨਤਕ ਪੱਧਰ 'ਤੇ ਕਮੇਟੀ ਦੀ ਰੀਪੋਰਟ ਜਾਰੀ ਕੀਤੀ ਗਈ। ਫੁਰਤੀ ਨਾਲ ਸਿੱਖਿਆ ਮੰਤਰੀ ਦੁਆਰਾ 'ਸਿੱਖਿਆ ਨੂੰ ਹੱਲਾਸ਼ੇਰੀ ਦੇ ਕਾਰਜ' ਸਿਰਲੇਖ ਹੇਠ ਇੱਕ ਪੱਤਰ ਦੇ ਰੂਪ ਵਿੱਚ ਬਹਿਸ ਲਈ ਵੀ ਸੱਦਾ ਦਿੱਤਾ ਗਿਆ। ਇਸ ਬਹਿਸ ਪੱਤਰ ਦੀ ਭੂਮਿਕਾ ਵਿੱਚ ਮੰਤਰੀ ਹੈਨਕੁਕ ਕਹਿੰਦੇ ਹਨ, 'ਸਿੱਖਿਆ ਨੂੰ ਹੱਲਾਸ਼ੇਰੀ ਦੇਣਾ ਇਕ ਸੁਪਨੇ ਦਾ ਸੁਪਨਾ ਲੈਣ ਵਾਂਗੂ ਹੈ। ਇਸ ਕਾਰਜ ਲਈ ਅਸੀਂ ਸਾਰਿਆਂ ਨੇ ਮਿਲਜੁਲ ਕੇ ਕੰਮ ਕਰਨਾ ਹੈ ਤੇ ਇਸ ਸੁਪਨੇ ਨੂੰ ਹਕੀਕਤ ਵਿੱਚ ਢਾਲਣਾ ਹੈ। ਹੱਲਾਸ਼ੇਰੀ ਕਾਰਜ ਵਿੱਚ ਉਹ ਨੀਤੀ ਨਿਰਦੇਸ਼ ਸ਼ਾਮਲ ਹਨ, ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਜਿਨ੍ਹਾਂ ਨੂੰ ਹੈਨਕੁਕ ਜ਼ਰੂਰੀ ਸਮਝਦਾ ਹੈ। ਇਸ ਪ੍ਰਕਿਰਿਆ ਦਾ ਅੰਤਮ ਉਦੇਸ਼ ਅਲਬਰਟਾ ਸਕੂਲ ਕਾਨੂੰਨ ਨੂੰ ਨਵੇਂ ਸਿਰਿਉਂ ਲਿਖਣਾ ਹੈ ਅਤੇ ਲੋੜੀਂਦੀਆਂ ਨੀਤੀਆਂ ਦੇ ਨਿਰਮਾਣ ਲਈ ਨਿਯਮਾਂ ਦੀ ਇੱਕ ਲੜੀ ਨੂੰ ਵੀ ਅੱਗੇ ਲਿਆਉਣਾ ਹੈ।

ਉਪਰੋਕਤ ਦਸਤਾਵੇਜ਼ ਵਿਚਾਰਾਂ ਅਤੇ ਕਦਰਾਂ ਕੀਮਤਾਂ ਦੀ ਇੱਕ ਅਜਿਹੀ ਵੱਡੀ ਤਸਵੀਰ ਹਨ, ਜਿਹੜੀਆਂ ਅਲਬਰਟਾ ਵਾਸੀਆਂ ਅਤੇ ਉਨ੍ਹਾਂ ਦੇ ਸਿੱਖਿਆ ਪ੍ਰਬੰਧ ਉਪਰ ਤਾਜ਼ਾ ਖੋਜ ਨੂੰ ਪ੍ਰਤੀਬਿੰਬਤ ਕਰਦੀਆਂ ਹਨ। ਵਿਦਿਆਰਥੀ ਕੇਂਦਰਿਤ ਸਿੱਖਿਆ, ਸਾਂਝੀ ਜ਼ੁੰਮੇਵਾਰੀ, ਜਵਾਬਦੇਹੀ ਅਤੇ ਪਾਰਦਰਸ਼ਤਾ, ਸਕੂਲਾਂ ਦੀ ਭਾਈਚਾਰੇ ਵਿੱਚ ਵਡੇਰੀ ਭੂਮਿਕਾ, ਵਿਦਿਆਰਥੀਆਂ ਲਈ ਤਸੱਲੀਬਖਸ਼ ਸੇਵਾਵਾਂ, ਤਕਨਾਲੌਜੀ ਦੀ ਅਸਰਦਾਇਕ ਵਰਤੋਂ ਅਤੇ ਲਚਕੀਲਾਪਣ ਵਰਗੇ ਨਿਰਦੇਸ਼ਾਂ ਉਪਰ ਕਿੰਤੂ ਪ੍ਰੰਤੂ ਕਰਨਾ ਵੀ ਕਠਿਨ ਹੈ। ਖੁਲ੍ਹੀ ਬਹਿਸ ਦੀ ਪ੍ਰਕਿਰਿਆ ਦੇ ਦੋ ਅਹਿਮ ਪੱਖ ਹਨ। ਇਹ ਸਰਕਾਰ ਧੁੰਦਲੇ ਤੇ ਭਾਰੀ ਭਰਕਮ ਕਾਨੂੰਨਾਂ ਦੀ ਪ੍ਰਵਾਨਗੀ ਦਾ ਇਤਿਹਾਸ ਰਖਦੀ ਹੈ। ਇਹ ਝੂਠ-ਮੂਠ ਦਾ ਰੌਲਾ-ਰੱਪਾ ਪਾਉਂਦੀ ਹੈ ਤੇ ਫਿਰ ਕੌਂਸਲ ਵਿੱਚ ਨਿਗਮ ਬਣਾਉਣ ਲਈ ਮਤੇ ਲਿਆਉਂਦੀ ਹੈ। ਜੇਕਰ ਅਲਬਰਟਾ ਦੀ ਮੌਜੂਦਾ ਸਿਆਸੀ ਵਾਸਤਵਿਕਤਾ ਨੂੰ ਲਈਏ ਤਾਂ ਸਰਕਾਰ ਚਲਾ ਰਹੀ ਪਾਰਟੀ ਵਾਈਲਡਰੋਜ਼ ਗਠਜੋੜ ਦੀ ਵਧਦੀ ਲੋਕਪ੍ਰਿਯਤਾ ਕਾਰਨ ਦਬਾਅ ਮਹਿਸੂਸ ਕਰ ਰਹੀ ਹੈ। ਨਿਗਮਾਂ ਵਿੱਚ ਢਿੱਲ ਖਤਰਨਾਕ ਹੋ ਸਕਦੀ ਸੀ ਤੇ ਇਸ ਦਾ ਨਤੀਜਾ ਅਲਬਰਟਾ ਵਾਸੀਆਂ ਦੀਆਂ ਭਾਵਨਾਵਾਂ ਦੇ ਵਿਪਰੀਤ ਹੋਣਾ ਸੀ।



ਰਿਕਾਰਡੋ ਐਕੂਇਨਾ



ਇਸ ਸਿਲਸਿਲੇ ਵਿੱਚ ਵਿਦਿਆਰਥੀ ਕੇਂਦਰਿਤ ਸਿੱਖਿਆ, ਸਿੱਖਿਆ ਪ੍ਰਬੰਧ ਦੀ ਵਾਊਚਰ ਪ੍ਰਣਾਲੀ ਨੂੰ ਉਚਿਤ ਠਹਿਰਾਉਣ ਲਈ ਵਰਤੀ ਜਾ ਸਕਦੀ ਸੀ। ਸਾਂਝੀ ਜ਼ੁੰਮੇਵਾਰੀ ਦੇ ਸੰਕਲਪ ਦਾ ਸਿੱਟਾ ਵਧੇਰੇ ਜਨਤਕ ਨਿੱਜੀ ਭਾਗੀਦਾਰੀ ਦੇ ਰੂਪ ਵਿੱਚ ਨਿਕਲ ਸਕਦਾ ਸੀ ਅਤੇ ਭਾਈਚਾਰਕ ਸਮੂਹਾਂ ਦਾ ਭਾਰ ਘਟਾਉਣ ਹਿੱਤ ਤਕਨਾਲੌਜੀ ਉਪਰ ਵਧੇਰੇ ਧਿਆਨ ਕੇਂਦਰਿਤ ਕਰਨ ਦਾ ਨਤੀਜਾ ਸ਼੍ਰੇਣੀ ਕਮਰਿਆਂ ਵਿੱਚ ਵਡੇਰੀ ਕਾਰਪੋਰੇਟ ਮੌਜੂਦਗੀ ਦੇ ਰੂਪ ਵਿੱਚ ਹੋ ਸਕਦਾ ਸੀ ਅਤੇ ਜਿਵੇਂ ਕਿ ਅਸੀਂ ਸਿਹਤ ਸੰਭਾਲ ਬਾਰੇ ਤਜਰਬੇ ਤੋਂ ਜਾਣਦੇ ਹਾਂ, ਲਚਕੀਲੇਪਨ ਦੇ ਵਿਚਾਰ ਦਾ ਅਰਥ ਅਸਲ ਵਿੱਚ ਸਕੂਲਾਂ ਨੂੰ ਵੱਡੀ ਮਾਤਰਾ 'ਚ ਫੰਡ ਮੁਹੱਈਆ ਕਰਵਾਉਣਾ ਹੈ ਅਤੇ ਸਿੱਖਿਆ ਪ੍ਰਬੰਧ ਨੂੰ ਨਵੀਂ ਸੇਧ ਦੇਣ ਵਾਲਿਆਂ ਨਾਲ ਜਾਣੂ ਕਰਵਾਉਣਾ ਹੈ। ਮੰਤਰੀ ਹੈਨਕੁਕ ਖ਼ੁਦ ਕਹਿ ਚੁੱਕੇ ਹਨ ਕਿ ਜੋ ਦਸਤਾਵੇਜ਼ਾਂ ਵਿੱਚ ਹੈ ਉਸ ਵਿੱਚੋਂ ਬਹੁਤ ਕੁੱਝ ਸਕੂਲ ਕਾਨੂੰਨ ਦੇ ਨਿਯਮਾਂ ਮੁਤਾਬਿਕ ਸੋਧਿਆ ਜਾ ਸਕਦਾ ਸੀ। ਜੇਕਰ ਇਹੋ ਮਾਮਲਾ ਹੈ ਤਾਂ ਇਸ ਨੂੰ ਭਾਵ ਸਕੂਲ ਐਕਟ ਨੂੰ ਦੁਬਾਰਾ ਲਿਖਣ ਦਾ ਜ਼ੋਖਮ ਉਠਾਉਣ ਦੀ ਕੀ ਲੋੜ? ਇਸ ਸਮੇਂ ਵੱਡੀ ਫਿਰਕਮੰਦੀ ਇਹ ਹੈ ਕਿ ਇਸ ਸਰਕਾਰ ਨੇ ਇਤਿਹਾਸਕ ਤੌਰ 'ਤੇ ਇਹ ਨਹੀਂ ਦਰਸਾਇਆ ਕਿ ਇਹ ਦੋ ਟੁਕ ਟੀਚਿਆਂ ਦੀ ਪੂਤਰੀ ਅਤੇ ਸਿੱਖਿਆ ਪ੍ਰਣਾਲੀ ਵਿੱਚ ਮਨਚਾਹੇ ਨਤੀਜਿਆਂ ਦੀ ਪ੍ਰਾਪਤੀ ਲਈ ਲੋੜੀਂਦੇ ਸਾਧਨ ਜੁਟਾਉਣ ਦੀ ਸਿਆਸੀ ਇੱਛਾ ਰੱਖਦੀ ਵੀ ਹੈ ਜਾਂ ਨਹੀਂ। ਇਸ ਸਮੇਂ ਦਸਤਾਵੇਜ਼ਾਂ ਦੇ ਜਾਰੀ ਕਰਨ ਬਾਰੇ ਹੀ ਦੱਸਿਆ ਜਾ ਰਿਹਾ ਹੈ ਜਾਂ ਫਿਰ ਸਕੂਲ ਬੋਰਡਾਂ ਨੂੰ ਇਹ ਦੱਸਿਆ ਜਾ ਰਿਹਾ ਹੈ ਕਿ ਸਰਕਾਰ ਕੋਲ ਤਨਖਾਹਾਂ ਦੇ ਵਾਧੇ ਲਈ ਸਮਝੌਤੇ ਨੂੰ ਲਾਗੂ ਕਰਨ ਲਈ ਇਸ ਵੇਲੇ ਕੋਈ ਧਨ ਨਹੀਂ ਹੈ। ਭਾਰੀ ਫੰਡਾਂ ਦੀ ਜ਼ਰੂਰਤ ਵਾਲੇ ਸਿੱਖਿਆ ਦੇ ਕਈ ਵਿਸ਼ੇਸ਼ ਕੋਰਸਾਂ ਲਈ ਵੀ ਇਸ ਕੋਲ ਧਨ ਨਹੀਂ ਹੈ। 2003 ਦੇ 'ਲਰਨਿੰਗ ਕਮਿਸ਼ਨ' ਸਮੇਂ ਵੀ ਅਸੀਂ ਇਸ ਸਭ ਕੁੱਝ ਵਿਚੋਂ ਗੁਜ਼ਰ ਚੁੱਕੇ ਹਾਂ, ਜਦੋਂ ਸਰਕਾਰ ਵਲੋਂ ਫੰਡਾਂ ਨੂੰ ਵਧਾਉਣ ਦੀ ਕਿਸੇ ਵੀ ਸਿਫਾਰਸ਼ 'ਤੇ ਜ਼ਰਾ ਜਿੰਨਾ ਵੀ ਅਮਲ ਨਹੀਂ ਸੀ ਹੋਇਆ ਭਾਵੇਂ ਕਿ ਪ੍ਰਕਿਰਿਆ ਦੇ ਦੌਰਾਨ ਮੰਤਰੀ ਕਹਿ ਚੁੱਕਾ ਹੈ ਕਿ ਸਿੱਖਿਆ ਨੂੰ ਹੱਲਾਸ਼ੇਰੀ ਦਾ ਕਾਰਜ ਸਟਾਫ਼ ਜਾਂ ਤਨਖ਼ਾਹਾਂ ਲਈ ਨਹੀਂ ਹੋਣਾ ਚਾਹੀਦਾ ਅਤੇ ਵਚਨਬੱਧਤਾ ਤੋਂ ਬਗੈਰ ਢੁਕਵੇਂ, ਸਥਾਈ ਅਤੇ ਪੂਰਵ-ਅਨੁਮਾਨਿਤ ਫੰਡ ਇਸ ਕਾਰਜ ਰਾਹੀਂ ਸਰਕਾਰ ਤੋਂ ਨਹੀਂ ਲਏ ਜਾ ਸਕਦੇ।

ਅਧਿਆਪਨ ਪਹਿਲਾਂ ਹੀ ਬਹੁਤ ਸੀਮਿਤ ਹੋ ਗਿਆ ਹੈ ਅਤੇ ਇਸ ਨੂੰ ਆਏ ਦਿਨ ਬਜਟ ਕਠੋਰਤਾ ਅਤੇ ਕਟੌਤੀਆਂ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ। ਅਸੀਂ ਢੁਕਵੀਂ ਅਧਿਆਪਕ-ਵਿਦਿਆਰਥੀ ਅਨੁਪਾਤ ਅਤੇ ਸਹਾਇਕ ਸਟਾਫ ਤੋਂ ਬਗੈਰ ਵਿਦਿਆਰਥੀ ਕੇਂਦਰਿਤ ਸਿੱਖਿਆ ਦੇ ਸੰਕਲਪਾਂ ਵੱਲ ਅੱਗੇ ਕਿਵੇਂ ਵਧਾ ਸਕਦੇ ਹਾਂ? ਭਾਈਚਾਰੇ ਵਿੱਚ ਸਕੂਲਾਂ ਨੂੰ ਬੰਦ ਕਰਨ ਲਈ ਦਬਅ ਪਾਇਆ ਜਾ ਰਿਹਾ ਹੈ ਤੇ ਅਸੀਂ ਭਾਈਚਾਰਕ ਸਮੂਹਾਂ ਚ ਪੀ-3 ਸੇਵਾਵਾਂ ਕਿਵੇਂ ਲਾਗੂ ਕਰ ਸਕਦੇ ਹਾਂ ਜਿਥੇ ਸਮਾਜਿਕ ਸੇਵਾਵਾਂ, ਸਿਹਤ ਸੰਭਾਲ ਅਤੇ ਭਾਈਚਾਰਕ ਸਹਾਇਤਾ 1993 ਤੋਂ ਹਰ ਵਰ੍ਹੇ ਫੰਡਾਂ ਦੀ ਥੁੜ੍ਹ ਦਾ ਸ਼ਿਕਾਰ ਹੁੰਦੀ ਆ ਰਹੀ ਹੈ? ਅਸੀਂ ਤਕਨਾਲੌਜੀ ਦਾ ਵਧ ਤੋਂ ਵੱਧ ਤੇ ਅਸਰਦਾਇਕ ਉਪਯੋਗ ਸ਼੍ਰੇਣੀ ਕਮਰਿਆਂ ਵਿੱਚ ਕਿਵੇਂ ਕਰ ਸਕਦੇ ਹਾਂ ਜੇਕਰ ਸਕੂਲਾਂ ਨੂੰ ਪਹਿਲਾਂ ਹੀ ਕੰਪਿਊਟਰ ਤੇ ਸਮਾਰਟ ਬੋਰਡ ਹਾਸਲ ਕਰਨ ਲਈ ਵੱਡੀਆਂ ਕਾਰਪੋਰੇਸ਼ਨਾਂ ਵੱਲ ਝਾਕਣ ਲਈ ਮਜਬੂਰ ਹੋਣਾ ਪੈ ਰਿਹਾ ਹੈ? ਕੀ ਭਰੋਸਾ ਕਰੀਏ ਕਿ ਇਹ ਸਰਕਾਰ ਅਜੋਕੇ ਪੰਜ ਬਿਲੀਅਨ ਡਾਲਰ ਦੇ ਘਾਟੇ ਦੀ ਪੂਰਤੀ ਲਈ 'ਹੱਲਾਸ਼ੇਰੀ ਮੁਹਿੰਮ' ਤਹਿਤ ਨੀਤੀ ਨਿਰਦੇਸ਼ਾਂ ਦੀ ਦਿਸ਼ਾ ਵਿੱਚ ਕੋਈ ਸਕਾਰਾਤਮਿਕ ਕਦਮ ਉਠਾਏਗੀ ਅਤੇ ਬੈਲੈਂਸ ਸ਼ੀਟ ਤੋਂ ਬਾਹਰ ਰਹਿ ਗਏ ਖ਼ਰਚਿਆਂ ਦਾ ਭਾਰ ਉਠਾਉਣ ਉਪਰ ਮੰਤਰੀ ਦਾ ਧਿਆਨ ਕੇਂਦਰਿਤ ਕਰੇਗੀ। ਅੰਤ ਵਿਚ ਮੰਤਰੀ ਦੀ ਚੰਗੀ ਨੀਯਤ, ਹੱਲਾਸ਼ੇਰੀ ਪ੍ਰਕਿਰਿਆ ਦੀ ਗੁਣਾਤਮਿਕਤਾ ਅਤੇ ਦ੍ਰਿੜ ਇਰਾਦੇ ਦੇ ਬਾਵਜੂਦ ਸਿੱਖਿਆ ਦੇ ਮਿੱਥੇ ਗਏ ਸੰਕਲਪ ਨੂੰ ਵਾਸਤਵਿਕਤਾ ਵਿਚ ਢਾਲਣ ਦੀ ਦਿਸ਼ਾ ਵਿਚ ਨਾ ਤਾਂ ਦ੍ਰਿਸ਼ ਬਦਲੇਗਾ ਤੇ ਨਾ ਹੀ ਭਾਵਨਾ। ਇਤਿਹਾਸ ਦਰਸਾਉਂਦਾ ਹੈ ਕਿ ਇਹ ਸਭ ਕੁੱਝ ਛੇਤੀ ਹੀ ਵਾਪਰਨ ਵਾਲਾ ਨਹੀਂ। ਅਗਰ ਅਗਲੀ ਵਾਰ ਇਸ ਪ੍ਰਕਿਰਿਆ ਨੂੰ ਹੱਥ ਵਿਚ ਲਿਆ ਜਾਂਦਾ ਹੈ ਤਾਂ ਸ਼ਾਇਦ ਇਹ ਸਾਡੀ ਚੰਗੀ ਕਿਸਮਤ ਹੋਵੇਗੀ।



# ਸਰਮਾਏਦਾਰੀ ਸੰਕਟ ਅਤੇ ਇਸ ਦਾ ਹੱਲ

ਕਰਮ ਸਿੰਘ ਧਨਵੰਤ

ਯੂ.ਐਸ.ਏ. ਤੋਂ ਸ਼ੁਰੂ ਹੋਏ, ਸੰਸਾਰ ਵਿਆਪੀ ਸਰਮਾਏਦਾਰੀ ਦੇ ਅਜੋਕੇ ਗੰਭੀਰ ਸੰਟਕ ਦਾ, ਮਾਰਕਸਵਾਦੀ ਤਰੀਕੇ ਤੋਂ ਬਿਨਾਂ ਹੋਰ ਕਈ ਹੱਲ ਵੀ ਹੋ ਸਕਦਾ ਹੈ? ਹਾਲਾਤ ਨੇ ਇੱਕ ਵਾਰ ਫਿਰ ਇਹ ਸਵਾਲ ਦੁਨੀਆ ਭਰ ਦੇ ਲੋਕਾਂ ਸਾਹਮਣੇ ਖੜਾ ਕਰ ਦਿੱਤਾ ਹੈ।

ਮੋਟੇ ਤੌਰ 'ਤੇ ਇਸ ਸਵਾਲ ਦਾ ਜਵਾਬ ਸਾਡੇ ਖਿਆਲ ਅੰਦਰ ਨਾਂਹ ਵਿੱਚ ਹੈ। ਕਨਾਜ਼ੀਨੀ ਤਰੀਕਾ, ਇਨਫਰਾਸਟਰੱਕਚਰ ਵਿੱਚ ਸਰਕਾਰੀ ਸਰਮਾਇਆ ਲਾ ਕੇ ਕੰਮ ਪੈਦਾ ਕਰਨ ਦਾ, ਜੋ ਪਹਿਲੇ ਸੰਕਟਾਂ ਸਮੇਂ ਬੜਾ ਸਫਲ ਰਹਿੰਦਾ ਹੈ, ਇਸ ਵਾਰ ਅਸਫ਼ਲ ਹੁੰਦਾ ਨਜ਼ਰ ਆ ਰਿਹਾ ਹੈ। ਕਾਰਪੋਰੇਸ਼ਨਾਂ ਹੀ ਨਹੀਂ ਸਰਕਾਰਾਂ ਵੀ ਦੀਵਾਲੀਆ ਹੁੰਦੀਆਂ ਲਗਦੀਆਂ ਹਨ। ਯੂਨਾਨ, ਸਪੇਨ, ਇਟਲੀ ਅਤੇ ਆਇਰਲੈਂਡ ਦੀਆਂ ਸਰਕਾਰਾਂ ਨੂੰ ਖਰਬਾਂ ਡਾਲਰਾਂ ਦੀਆਂ ਥੰਮੀਆਂ ਦੇ ਕੇ ਡਿੱਗਣ ਤੋਂ ਬਚਾਇਆ ਜਾ ਰਿਹਾ ਹੈ। ਪਰ ਸੰਕਟ ਟਲਣ ਦੀ ਬਜਾਏ ਡੂੰਘਾ ਹੁੰਦਾ ਜਾ ਰਿਹਾ ਹੈ।

ਆਉਣ ਵਾਲੇ ਸਮੇਂ ਦੇ ਦਾਨਸ਼ਵਰਾਂ ਨੂੰ ਇਤਿਹਾਸ ਦੇ ਤਜਰਬੇ ਨੇ ਇਕ ਸਵਾਲਾਂ ਦਾ ਪਰਚਾ ਪਾ ਦਿੱਤਾ ਹੈ ਜਿਸ ਪਰਚੇ ਦੇ ਸਵਾਲਾਂ ਦਾ ਜਵਾਬ ਲੱਭਣਾ ਜ਼ਰੂਰੀ ਹੈ, ਅਗਲੀ ਮੰਜ਼ਲ ਤੈਅ ਕਰਨ ਲਈ ਸਵਾਲ ਇਹ ਹਨ:

1. ਕੀ ਰਾਜਸ਼ਾਹੀ ਜਾਗੀਰਦਾਰੀ ਪ੍ਰਬੰਧ ਤੋਂ, ਬਗੈਰ ਪੈਦਾਵਾਰੀ ਸ਼ਕਤੀਆਂ ਨੂੰ ਲੋੜੀਂਦੀ ਹੱਦ ਤਕ ਉਨਤ ਕਰਨ ਦੇ, ਜਿੱਥੇ ਪੈਦਾਵਾਰ ਦਾ ਤਰੀਕਾਕਾਰ ਸਮਾਜਿਕ ਬਣ ਜਾਵੇ, ਸਿੱਧਾ ਹੀ ਸਮਾਜਵਾਦੀ ਪ੍ਰਬੰਧ ਸਥਾਪਤ ਕੀਤਾ ਜਾ ਸਕਦਾ ਹੈ?
2. ਕੀ ਸੱਚੀ ਸੁੱਚੀ ਲੋਕ ਜਮਹੂਰੀਅਤ ਤੋਂ ਬਿਨਾਂ, ਆਮ ਲੋਕਾਂ ਨੂੰ ਨਾਲ ਲਏ ਬਗੈਰ, ਰਾਜਸੀ ਤਾਕਤ ਦੇ ਆਸਰੇ, ਲੋਕਾਂ ਦੀ ਮਰਜ਼ੀ ਤੋਂ ਉਲਟ ਸਮਾਜਵਾਦ ਉਸਾਰਿਆ ਜਾ ਸਕਦਾ ਹੈ?
3. ਕੀ ਸਰਮਾਏਦਾਰੀ ਨਿਜ਼ਾਮ ਵਿਚ ਘਿਰੇ ਹੋਏ, ਇਕ ਜਾਂ ਕੁਝ ਇਕ ਦੇਸ਼ਾਂ ਅੰਦਰ ਪੱਛੜੀਆਂ ਹੋਈਆਂ ਆਰਥਿਕ ਅਤੇ ਸਿਆਸੀ ਹਾਲਤਾਂ ਵਿੱਚ ਸੋਸ਼ਲਿਜ਼ਮ ਦਾ ਸੁਪਨਾ ਸਾਕਾਰ ਹੋ ਸਕਦਾ ਹੈ?
4. ਕੀ ਕੰਮ ਦੀ ਗਾਰੰਟੀ ਕਾਰਨ, ਰੋਟੀ, ਕੱਪੜਾ, ਮਕਾਨ ਦਾ ਮਸਲਾ ਹੱਥ ਕਰਨ, ਵਿਦਿਅਕ ਅਤੇ ਸਿਹਤ ਸਹੂਲਤਾਂ ਪੈਦਾ ਕਰਨ ਨਾਲ, ਮਨੁੱਖਤਾ ਦੀ ਆਤਮਾ ਨੂੰ ਆਜ਼ਾਦ ਅਤੇ ਪ੍ਰਫੁੱਲਤ ਕੀਤੇ ਬਿਨਾਂ ਕਿਸੇ ਆਰਥਿਕ ਅਤੇ ਸਿਆਸੀ ਢਾਂਚੇ ਨੂੰ ਸਮਾਜਵਾਦ ਗਰਦਾਨਿਆ ਜਾ ਸਕਦਾ ਹੈ?

ਸਾਡੇ ਖਿਆਲ ਵਿੱਚ ਜਦੋਂ ਤਕ ਟੈਕਨਾਲੋਜੀ ਉਨਤੀ ਦੀਆਂ ਸਿਖਰਾਂ ਨਹੀਂ ਛੋਹ ਲੈਂਦੀ, ਪੈਦਾਵਾਰ ਅਥਾਹ ਅਤੇ ਸੁਖਾਲੀ ਨਹੀਂ ਹੋ ਜਾਂਦੀ, ਸੌ ਫੀ ਸਦੀ ਲੋਕਾਂ ਦੀ ਅਕਾਦਮਿਕ, ਪ੍ਰੋਫੈਸ਼ਨਲ, ਸਮਾਜਿਕ, ਸਿਆਸੀ ਅਤੇ ਨਜ਼ਰੀਆਤੀ ਐਜੂਕੇਸ਼ਨ ਨਹੀਂ ਹੋ ਜਾਂਦੀ, ਉਸ ਸਮੇਂ ਤਕ ਸਰਮਾਏਦਾਰੀ ਦੀਆਂ ਚੰਗੀਆਂ ਸ਼ਕਲਾਂ ਤਾਂ ਹੋ ਸਕਦੀਆਂ ਹਨ ਪਰ ਸੋਸ਼ਲਿਜ਼ਮ ਨਹੀਂ ਉਸਾਰਿਆ ਜਾ ਸਕਦਾ। ਦੂਜੇ ਲਫ਼ਜ਼ਾਂ ਵਿੱਚ ਜਾਗੀਰਦਾਰੀ ਦੀ ਪਛੜੀ ਹੋਈ ਆਰਥਿਕਤਾ ਤੋਂ ਕੋਈ ਸਿੱਧਾ ਰਾਹ ਸਮਾਜਵਾਦੀ ਸਥਾਪਤੀ ਨੂੰ ਨਹੀਂ ਜਾਂਦਾ। ਸਰਮਾਏਦਾਰੀ ਸਮਾਜ ਤਰੱਕੀ ਦਾ ਇੱਕ ਐਸਾ ਕੁਦਰਤੀ ਪੜਾਅ ਹੈ ਜੋ ਉਲੰਘਿਆ ਨਹੀਂ ਜਾ ਸਕਦਾ। ਕਾਰਪੋਰੇਟ ਕਲਚਰ ਸਮਾਜਵਾਦੀ ਕਲਚਰ ਦਾ ਮੁੱਢਲਾ ਸਬਕ ਹੈ।

ਗੁਲਾਮਦਾਰੀ ਜਾਂ ਜਾਗੀਰਦਾਰੀ ਦੌਰ ਬਾਈਪਾਸ ਹੋ ਸਕਦੇ ਹਨ ਪਰ ਸਰਮਾਏਦਾਰੀ ਯੁੱਗ ਛੜੱਪਾ ਮਾਰ ਕੇ ਨਹੀਂ ਟੱਪਿਆ ਜਾ ਸਕਦਾ। ਮਿਸਾਲ ਵਜੋਂ ਭਾਰਤ ਦੀ ਪੁਰਾਤਨ ਫਿਲਾਸਫੀ ਅਨੁਸਾਰ ਸਮੇਂ ਨੂੰ ਚਾਰ ਯੁਗਾਂ ਅੰਦਰ ਵੰਡਿਆ ਗਿਆ ਸੀ। ਸਤਿਯੁਗ, ਦੁਆਪਰ, ਤਰੇਤਾ ਅਤੇ ਕਲਯੁਗ ਅਤੇ ਆਖਰ ਵਿਚ ਫਿਰ ਸਤਿਯੁਗ। ਇਹ ਮੇਲ ਖਾਂਦੇ ਹਨ। ਕਬੀਲਦਾਰੀ, ਗੁਲਾਮੀ, ਰਾਜਸ਼ਾਹੀ ਅਤੇ ਸਮਰਾਏਦਾਰੀ ਨਾਲ ਅਤੇ ਅਖੀਰ ਵਿੱਚ ਵਿਗਿਆਨਕ ਸਮਾਜਵਾਦ ਨਾਲ। ਫਿਰ ਕਿਹਾ ਜਾਂਦਾ ਸੀ ਕਿ ਭਾਰਤ ਅੰਦਰ ਦੁਆਪਰ ਵਾਪਰਿਆ ਹੀ ਨਹੀਂ ਅਤੇ ਇਤਿਹਾਸ ਵਿਚ ਗੁਲਾਮਦਾਰੀ ਦੀਆਂ ਉਹ ਭਿਆਨਕ ਸ਼ਕਲਾਂ ਸੂਰਤਾਂ ਨਹੀਂ ਮਿਲਦੀਆਂ ਜੋ ਯੂਰਪ, ਮੱਧ ਪੂਰਬ, ਚੀਨ ਆਦਿ ਅੰਦਰ ਮਿਲਦੀਆਂ ਹਨ।

ਅਮਰੀਕਾ ਖਾਸ ਕਰ ਕੇ ਨਾਰਥ ਅਮਰੀਕਾ ਅਤੇ ਆਸਟਰੇਲੀਆ ਵਿੱਚ ਲੋਕ ਕਬੀਲਿਆਂ ਵਿੱਚ ਹੀ ਵਸਦੇ ਸਨ, ਅਜੇ ਖਾਸ ਖੇਤੀਬਾੜੀ ਵੀ ਸ਼ੁਰੂ ਨਹੀਂ ਸੀ ਹੋਈ ਜਦੋਂ ਯੂਰਪੀਅਨ ਲੋਕ ਉਥੇ ਪੁੱਜੇ। ਇਨ੍ਹਾਂ ਦੇਸ਼ਾਂ ਅੰਦਰ ਭਾਵੇਂ ਆਦਿਵਾਸੀਆਂ ਦਾ ਹਾਲ ਗੁਲਾਮਾਂ ਵਾਲਾ ਕਰ ਦਿੱਤਾ ਗਿਆ। ਨਸਲਕੁਸ਼ੀ ਤਕ ਦੀਆਂ ਜੁਗਤਾਂ ਵਰਤੀਆਂ ਗਈਆਂ। ਯੂ.ਐਸ.ਏ. ਵਿਚ ਅਫਰੀਕਨ ਲੋਕਾਂ ਨੂੰ ਲਿਆ ਕੇ ਦੋਗਲੀ ਗੁਲਾਮੀ ਪੈਦਾ ਕਰ ਦਿੱਤੀ। ਪਰ ਇਨ੍ਹਾਂ ਦੇਸ਼ਾਂ ਅੰਦਰ ਆਰਗੈਨਿਕ ਗੁਲਾਮੀ ਦਾ ਦੌਰ ਨਹੀਂ ਵਾਪਰਿਆ। ਨਾ ਹੀ ਰਾਜਸ਼ਾਹੀ ਦਾ ਯੁਗ ਵਾਪਰਿਆ ਹੈ। ਯੂਰਪੀਅਨ ਲੋਕਾਂ ਨੇ ਆ ਕੇ ਸਰਮਾਏਦਾਰੀ ਕਿਸਮ ਦੀ ਖੇਤੀਬਾੜੀ ਸ਼ੁਰੂ ਕਰ ਕੇ ਛੇਤੀ ਹੀ ਸਨਅਤੀ ਸਰਮਾਏਦਾਰੀ ਪੈਦਾ ਕਰ ਲਈ ਸੀ। ਇਉਂ ਅਸਲ ਵਿੱਚ ਇਤਿਹਾਸ ਵਿੱਚ ਦੋ ਪੜਾਵਾਂ ਦਾ ਛੜੱਪਾ ਮਾਰ ਲਿਆ ਗਿਆ। ਪਰ ਸਰਮਾਏਦਾਰੀ ਨੂੰ ਬਾਈਪਾਸ ਕਰਨ ਦੀ ਕੋਈ ਮਿਸਾਲ ਨਹੀਂ ਮਿਲਦੀ। ਜਿਥੇ ਵੀ ਕੋਸ਼ਿਸ਼ ਕੀਤੀ ਗਈ, ਹਰ ਯਤਨ ਅਸਫਲ ਰਿਹਾ ਹੈ।

ਦੂਜੀ ਗੱਲ ਇਹ ਸਮਝਣ ਵਾਲੀ ਹੈ ਕਿ ਸਰਮਾਏਦਾਰੀ ਜਿੰਨੀ ਵੀ ਮਾੜੀ ਹੋਵੇ ਇਹ ਸਮਾਜਿਕ ਉਨਤੀ ਦਾ ਇਕ ਲਾਜ਼ਮੀ ਪੜਾਅ ਹੈ। ਕਾਰਲ ਮਾਰਕਸ ਦੇ ਕਹਿਣ ਅਨੁਸਾਰ ਸਰਮਾਏਦਾਰੀ ਦਾ ਰੋਲ ਕਾਫੀ ਹੱਦ ਤਕ ਪ੍ਰੋਗਰੈਸਿਵ ਹੈ। ਉਸੇ ਤਰ੍ਹਾਂ ਹੀ ਜਿਵੇਂ ਕਬੀਲਦਾਰੀ ਦੇ ਮੁਕਾਬਲੇ ਗੁਲਾਮਦਾਰੀ ਦਾ ਰੋਲ ਅਗਾਂਹਵਧੂ ਸੀ। ਜਿਥੇ ਕਿਤੇ ਗੁਲਾਮਦਾਰੀ ਸ਼ੁਰੂ ਨਹੀਂ ਹੋਈ ਉਥੇ ਕਬੀਲਦਾਰੀ ਵਰਤਾਰਾ ਹੀ ਚਲਦਾ ਰਿਹਾ। ਸੋ ਕਬੀਲਦਾਰੀ ਦੇ ਮੁਕਾਬਲੇ ਗੁਲਾਮਦਾਰੀ ਦਾ ਰੂਪ ਜਿੰਨਾ ਮਰਜ਼ੀ ਕਰੂਪ ਸੀ ਪਰ ਇਹ ਉਸ ਦੇ ਮੁਕਾਬਲੇ ਪ੍ਰੋਗਰੈਸਿਵ ਸੀ ਜਿਸ ਕਾਰਨ ਖੇਤੀਬਾੜੀ ਨੇ ਉਨਤੀ ਕਰਨੀ ਸ਼ੁਰੂ ਕਰ ਦਿੱਤੀ ਸੀ।

ਇਸ ਤਰ੍ਹਾਂ ਗੁਲਾਮਦਾਰੀ ਦੇ ਮੁਕਾਬਲੇ ਰਾਜਸ਼ਾਹੀ ਦਾ ਕਿਰਦਾਰ ਅਗਾਂਹਵਧੂ ਸੀ ਜਿਸ ਦੌਰਾਨ ਜ਼ਮੀਨ ਨਾਲ ਕਿਸਾਨ ਦਾ ਰਿਸ਼ਤਾ ਜੁੜਨ ਸਦਕਾ ਅਤੇ ਚੰਗੇ ਔਜ਼ਾਰ ਬਣਨ ਕਰ ਕੇ ਖੇਤੀਬਾੜੀ ਵਿੱਚ ਹੋਰ ਤਰੱਕੀ ਹੋਈ। ਛੋਟੀ ਮੋਟੀ ਸਨਅਤ ਪੈਦਾ ਹੋ ਗਈ ਅਤੇ ਵਪਾਰ ਚਾਲੂ ਹੋ ਗਿਆ। ਰਾਹੁਲ ਸੰਕਰਤਾਇਨ ਲਿਖਦਾ ਹੈ ਕਿ ਉਸ ਵੇਲੇ ਦਾ ਗੁਲਾਮਾਂ ਦੇ ਮਾਲਕਾਂ ਅਤੇ ਬਾਦਸ਼ਾਹਾਂ ਦੇ ਗੀਤ ਗਾਣ ਵਾਲਾ ਸਾਹਿਤ ਆਪਣੇ ਵੇਲੇ ਦਾ ਅਗਾਂਹਵਧੂ ਸਾਹਿਤ ਸੀ।

ਸਪੱਸ਼ਟ ਹੀ, ਅਸੀਂ ਸਵੀਕਾਰ ਕਰੀਏ ਜਾਂ ਨਾ, ਇਸ ਰਾਹ ਵਿਚੋਂ ਤਾਂ ਲੰਘਣਾ ਹੀ ਪੈਣਾ ਹੈ। ਹੋਰ ਕੋਈ ਰਾਹ ਹੈ ਨਹੀਂ। ਹਾਂ,




ਸਰਮਾਏਦਾਰੀ ਦੀਆਂ ਸ਼ਕਲਾਂ ਵੱਖ ਵੱਖ ਹੋ ਸਕਦੀਆਂ ਹਨ ਜਿਵੇਂ ਅਜਾਰੇਦਾਰ ਸਮਰਾਏਦਾਰੀ ਜਾਂ ਨਿਜੀ ਪਰ ਗੈਰ ਅਜਾਰੇਦਾਰ ਸਰਮਾਏਦਾਰੀ ਜਾਂ ਫਿਰ ਸੋਸ਼ਲ ਸਰਮਾਏਦਾਰੀ ਜੋ ਮਕਾਬਲੇ ਵਿੱਚ ਘੱਟ ਦੁਖਦਾਇਕ ਹੈ।

ਪ੍ਰੋਲੇਤਾਰੀ ਡਿਕਟੇਟਰਸ਼ਿਪ ਜਾਂ ਸੋਸ਼ਲਿਸਟ ਡੈਮੋਕਰੇਸੀ :

ਅੱਜ ਤਕ ਦਾ ਤਜਰਬਾ ਇਹ ਦੱਸਦਾ ਹੈ ਕਿ ਕਿਸੇ ਇਕ ਦੇਸ਼ ਜਾਂ ਦੇਸ਼ਾਂ ਦੇ ਗਰੁੱਪ ਅੰਦਰ ਸੋਸ਼ਲਿਜ਼ਮ ਸਥਾਪਤ ਕਰਨ ਦੇ ਯਤਨ ਕਾਮਯਾਬ ਨਹੀਂ ਰਹੇ। ਭਾਵੇਂ ਇਸ ਦੇ ਹੋਰ ਕਾਰਨ ਵੀ ਸਨ ਜਿਨ੍ਹਾਂ ਦਾ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ। ਅੱਜ ਦੀ ਹਾਲਤ ਵਿੱਚ ਤਾਂ ਇਹ ਬਿਲਕੁਲ ਸੰਭਵ ਨਹੀਂ ਜਾਪਦਾ।

ਕਈ ਵਾਰ ਇਹ ਦਲੀਲ ਦਿੱਤੀ ਜਾਂਦੀ ਸੀ ਕਿ ਜਿਹੜੇ ਦੇਸ਼ਾਂ ਅੰਦਰ ਰਾਜ ਸੱਤਾ ਕਮਿਊਨਿਸਟ ਪਾਰਟੀਆਂ ਦੇ ਹੱਥਾਂ ਵਿੱਚ ਸੀ, ਉਥੇ ਕੰਮ ਦੀ ਗਾਰੰਟੀ ਸੀ। ਰੋਟੀ, ਕੱਪੜੇ, ਮਕਾਨ ਦਾ ਮਸਲਾ ਹੱਲ ਹੁੰਦਾ ਸੀ। ਵਿਦਿਆ ਅਤੇ ਸਿਹਤ ਦੀਆਂ ਸੁਵਿਧਾਵਾਂ ਵਧੇਰੇ ਹੁੰਦੀਆਂ ਸਨ। ਇਸ ਸੰਬਧ ਵਿੱਚ ਪਹਿਲੀ ਗੱਲ ਤਾਂ ਇਹ ਕਿ ਇਹ ਗੱਲ ਸਾਰੇ ਦੇਸ਼ਾਂ ਬਾਰੇ ਸਾਰੀ ਸੱਚ ਨਹੀਂ ਸੀ। ਰੁਮਾਨੀਆਂ ਵਰਗੇ ਦੇਸ਼ਾਂ ਅੰਦਰ ਜੋ ਹਾਲਤ ਸਾਹਮਣੇ ਆਏ, ਉਹ ਜੱਗ ਜ਼ਾਹਰ ਹੈ। ਦੂਜਾ ਉਨ੍ਹਾਂ ਦੇਸ਼ਾਂ ਅੰਦਰ ਜੋ ਸਹੂਲਤਾਂ ਸਨ, ਉਨਤ ਸਰਮਾਏਦਾਰ ਦੇਸ਼ਾਂ ਦੇ ਲੋਕਾਂ ਨੂੰ ਉਸ ਨਾਲੋਂ ਵਧੇਰੇ ਸਹੂਲਤਾਂ ਹਨ। ਤੀਜਾ ਸਾਊਦੀ ਅਰਬ ਅੰਦਰ ਰਾਜਸ਼ਾਹੀ ਹੈ। ਪਰ ਉਨ੍ਹਾਂ ਹਾਕਮਾਂ ਪਾਸ ਤੇਲ ਕਰਕੇ ਅਥਾਹ ਦੌਲਤ ਹੈ। ਹਰ ਬਾਸ਼ਿੰਦੇ ਨੂੰ ਰੋਟੀ ਮਿਲਦੀ ਹੈ। ਕੱਪੜਾ ਮਿਲਦਾ ਹੈ। ਫਿਰ ਘਰ ਹੀ ਨਹੀਂ, ਕਾਰ ਅਤੇ ਕਾਰ ਲਈ ਪੈਟਰੋਲ ਵੀ ਮੁਫ਼ਤ ਮਿਲਦਾ ਹੈ। ਉਹ ਵੀ ਬਿਨਾਂ ਖਾਸ ਕੰਮ ਕੀਤੇ ਦੇ। ਸਾਊਦੀ ਅਰਬ ਵਿਚ ਨੇੜ ਭਵਿੱਖ ਵਿੱਚ ਕਿਸੇ ਰਾਜਪਲਟੇ ਦੇ ਆਸਾਰ ਵੀ ਨਹੀਂ। ਆਮ ਲੋਕ ਕਾਫੀ ਖੁਸ਼ ਹਨ।

ਕਾਰਲ ਮਾਰਕਸ ਅਨੁਸਾਰ ਗੱਲ ਸਿਰਫ ਆਰਥਿਕ ਲੋੜਾਂ ਪੂਰੀਆਂ ਹੋਣ ਤਕ ਨਹੀਂ ਹੈ। ਆਰਥਿਕ ਲੋੜਾਂ ਤੋਂ ਬਿਨਾਂ ਮਨੁੱਖ ਦੀਆਂ ਸਭਿਆਚਾਰਕ ਅਤੇ ਮਾਨਸਿਕ ਲੋੜਾਂ ਵੀ ਹਨ। ਕਾਰਲ ਮਾਰਕਸ ਦਾ ਕਹਿਣਾ ਹੈ ਕਿ ਜਦੋਂ ਤਾਈਂ ਮਨੁੱਖ ਦੀ ਆਤਮਾ ਆਜ਼ਾਦ ਨਹੀਂ ਹੁੰਦੀ, ਸਿਆਸੀ ਜਾਂ ਆਰਥਿਕ ਆਜ਼ਾਦੀ ਨਿਰਮੂਲ ਹੈ। ਸਹੀ ਸਮਾਜਵਾਦ ਲਿਆਉਣ ਲਈ ਸਿਰਫ ਆਰਥਿਕ ਤਰੱਕੀ ਅਤੇ ਮੁਨਾਸਬ ਵੰਡ ਹੀ ਕਾਫੀ ਨਹੀਂ। ਮਨੁੱਖ ਦੀ ਦਿਮਾਗੀ ਅਤੇ ਮਾਨਸਿਕ ਉਨਤੀ ਜ਼ਰੂਰੀ ਹੈ ਜਿਸ ਨੂੰ ਮਾਰਕਸ ਇੱਕ ਨਵਾਂ ਮਨੁੱਖ ਪੈਦਾ ਕਰਨਾ ਕਹਿੰਦਾ ਹੈ।

ਇੱਕ ਹੋਰ ਭੁਲੇਖਾ ਹੈ ਕਿ ਇਨਕਲਾਬ ਉਹੀ ਹੁੰਦਾ ਹੈ ਜਿਹੜਾ ਬੰਦੂਕ ਦੀ ਨਾਲੀ ਵਿੱਚੋਂ ਨਿਕਲਦਾ ਹੈ। ਪਰ ਇਹ ਸੱਚ ਨਹੀਂ। ਇਨਕਲਾਬ ਦਾ ਅਰਥ ਹੈ ਸਿਫਤੀ ਤਬਦੀਲੀ। ਉਹ ਕਿਸੇ ਤਰ੍ਹਾਂ ਵੀ ਹੋ ਸਕਦੀ ਹੈ। ਸਰਮਾਏਦਾਰ ਪਾਰਟੀਆਂ ਕਮਿਊਨਿਸਟਾਂ ਦੇ ਮੱਥੇ ਇਹ ਕਲੰਕ ਮੜ੍ਹਨੋ ਨਹੀਂ ਰਹਿੰਦੀਆਂ ਕਿ ਕਮਿਊਨਿਸਟ ਤਸ਼ੱਦਦ ਵਿਚ ਯਕੀਨ ਰੱਖਦੇ ਹਨ। ਇਹ ਠੀਕ ਹੈ ਕਿ ਰੂਸ, ਚੀਨ, ਵੀਅਤਨਾਮ ਦੇ ਇਨਕਲਾਬ ਹਥਿਆਰਬੰਦ ਜੱਦੋ ਜਹਿਦ ਨਾਲ ਹੋਏ ਹਨ। ਇਹ ਤਾਂ ਹੋਣੇ ਹੀ ਇਵੇਂ ਸਨ ਕਿਉਂਕਿ ਇਹ ਇਨਕਲਾਬ ਰਾਜਸ਼ਾਹੀ ਜਾਂ ਬਸਤੀਵਾਦੀਆਂ ਦੇ ਵਿਰੁੱਧ ਸਨ, ਜਿੱਥੇ ਲੋਕ ਰਾਇ ਦੀ ਗੱਲ ਨਹੀਂ ਸੀ। ਸਰਮਾਏਦਾਰੀ ਨੇ ਆਪ ਤਾਂ ਹਥਿਆਰਾਂ ਦੇ ਜ਼ੋਰ ਨਾਲ ਕਿਸਾਨੀ ਅਤੇ ਹੋਰ ਲੋਕਾਂ ਨੂੰ ਨਾਲ ਲੈ ਕੇ ਤਾਕਤ ਹਾਸਲ ਕਰ ਲਈ। ਪਰ ਹੁਣ ਜੇਕਰ ਮਜ਼ਦੂਰ ਕਿਸਾਨਾਂ ਅਤੇ ਆਮ ਸ਼ਹਿਰੀਆਂ ਨੂੰ ਨਾਲ ਲੈ ਕੇ ਪੁਰਅਮਨ ਤਰੀਕੇ ਦੀ ਲਹਿਰ ਵੀ ਉਸਾਰਨ ਤਾਂ ਉਨ੍ਹਾਂ ਦੇ ਮੱਥੇ ਤਸ਼ੱਦਦ ਦਾ ਟਿੱਕਾ ਲਾ ਦਿੰਦੇ ਹਨ। ਇਸ ਝੂਠ ਦਾ ਪਰਦਾਫਾਸ਼ ਹੋਣਾ ਜ਼ਰੂਰੀ ਹੈ।

ਅੱਜ ਕਲ ਸਰਮਾਏਦਾਰ ਜਮਹੂਰੀ ਪ੍ਰਬੰਧ ਅੰਦਰ ਨਾ ਤਾਂ ਹਥਿਆਰਾਂ ਦੀ ਵਰਤੋਂ ਕਰਨ ਦੀ ਲੋੜ ਹੈ ਅਤ ਨਾ ਹੀ ਲੋਕ ਵਰਤੋਂ ਕਰਨੀ ਚਾਹੁੰਦੇ ਹਨ, ਜੇ ਕਰ ਪੁਰਅਮਨ ਲਹਿਰਾਂ ਨੂੰ ਹਥਿਆਰਬੰਦ ਸ਼ਕਤੀਆਂ ਦੇ ਜ਼ੋਰ ਨਾਲ ਦਬਾਇਆ ਨਾ ਜਾਵੇ।

ਇਸ ਤੋਂ ਅੱਗੇ ਸਰਮਾਏਦਾਰ ਮੀਡੀਆ ਇਹ ਪ੍ਰਾਪੇਗੰਡਾ ਕਰਦਾ ਨਹੀਂ ਥੱਕਦਾ ਕਿ ਮਾਰਕਸਵਾਦ ਫੇਲ੍ਹ ਹੋ ਗਿਆ, ਗਲਤ ਸਾਬਤ ਹੋ ਗਿਆ ਹੈ। ਇਸ ਬਾਰੇ ਉਹ ਸੋਵੀਅਤ ਸੰਘ ਅਤੇ ਚੀਨ ਦੀਆਂ ਮਿਸਾਲਾਂ ਦਿੰਦੇ ਹਨ। ਪਰ ਆਪ ਸਰਮਾਏਦਾਰੀ ਮਾਰਕਸਵਾਦ ਦਾ ਬੜੇ ਗਹੁ ਨਾਲ ਅਧਿਐਨ ਕਰਦੀ ਹੈ, ਪੜਚੋਲ ਕਰਦੀ ਹੈ ਅਤੇ ਉਲਟੇ ਰੁਖ ਵਰਤਕੇ ਪੂਰਾ ਪੂਰਾ ਲਾਭ ਲੈਂਦੀ ਹੈ। ਕਮਿਊਨਿਸਟਾਂ ਨੂੰ ਸਰਮਾਏਦਾਰੀ ਲਿਟਰੇਚਰ ਪੜ੍ਹਨ ਤੋਂ ਅਲਰਜੀ ਹੈ ਪਰ ਇਸ ਸ਼ੈਤਾਨ ਵਰਗ ਵਲੋਂ ਹਾਰਵਰਡ ਅਤੇ ਕੈਂਬਰਿਜ ਵਰਗੀਆਂ ਯੂਨੀਵਰਸਿਟੀਆ ਅੰਦਰ ਬਾਕਾਇਦਾ ਮਾਰਕਸਿਜ਼ਮ ਪੜ੍ਹਾਇਆ ਜਾਂਦਾ ਹੈ। ਇਕਨੌਮਿਕਸ ਦੇ ਰੌਸ਼ਨ ਦਿਮਾਗ ਵਿਦਿਆਰਥੀ ਜਿਹੜੇ ਸੰਜੀਦਗੀ ਨਾਲ ਮਾਰਕਸਵਾਦ ਵੱਲ ਰੁਚੀ ਰੱਖਦੇ ਹਨ, ਉਨ੍ਹਾਂ ਵੱਲ ਖਾਸ ਧਿਆਨ ਰੱਖਿਆ ਜਾਂਦਾ ਹੈ। ਉਨ੍ਹਾਂ ਨਾਲ ਦੋਸਤੀ ਪਾ ਲਈ ਜਾਂਦੀ ਹੈ। ਉਨ੍ਹਾਂ ਦੀ ਸ਼ਲਾਘਾ ਕੀਤੀ ਜਾਂਦੀ ਹੈ ਕਿ ਉਹ ਬੜੇ ਰੌਸ਼ਨ ਦਿਮਾਗ ਹਨ। ਫਿਰ ਕਦੀ ਲੰਚ, ਕਦੀ ਡਿਨਰ ਅਤੇ ਕਦੀ ਕਦਾਈਂ ਸੈਰ ਸਪਾਟੇ ਲਈ ਲੈ ਜਾਇਆ ਜਾਂਦਾ ਹੈ। ਇਨ੍ਹਾਂ ਵਿਦਿਆਰਥੀਆਂ ਦੇ ਕੋਰਸ ਖ਼ਤਮ ਹੋਣ ਤਕ ਉਨ੍ਹਾਂ ਨੂੰ ਹਲਕੀ ਹਲਕੀ ਐਸ਼ਪ੍ਰਸਤੀ ਦੀ ਆਦਤ ਪਾ ਦਿੱਤੀ ਜਾਂਦੀ ਹੈ। ਅਖੀਰ ਵਿੱਚ ਉਨ੍ਹਾਂ ਨੂੰ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਦੁਆਉਣ ਦਾ ਲਾਲਚ ਦਿੱਤਾ ਜਾਂਦਾ ਹੈ। ਨਤੀਜੇ ਵਜੋਂ ਉਨ੍ਹਾਂ ਨੂੰ ਕਾਰਪੋਰੇਸ਼ਨਾਂ ਵਲੋਂ ਨੌਕਰੀ ਉਤੇ ਰੱਖ ਲਿਆ ਜਾਂਦਾ ਹੈ। ਅਖੀਰ ਉਨ੍ਹਾਂ 'ਖੁਸ਼' ਕਿਸਮਤ ਲੋਕਾਂ ਨੂੰ ਟਰੇਨਿੰਗ ਦੇ ਕੇ ਕੰਪਨੀਆਂ ਦੇ ਵੱਡੇ ਅਹੁਦੇ ਉਤੇ ਮੁੱਖ ਕਾਰਜਸਾਧਕ ਅਫਸਰ ਜਾਂ ਐਡਵਾਈਜ਼ਰ ਲਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਰੌਸ਼ਨ ਦਿਮਾਗ ਸਰਮਾਏਦਾਰੀ ਮਸ਼ੀਨ ਵਿੱਚ ਫਿੱਟ ਹੋ ਜਾਂਦੇ ਹਨ।

ਇਨ੍ਹਾਂ ਉੱਚ ਕੋਟੀ ਦੇ ਰੌਸ਼ਨ ਦਿਮਾਗ, ਖੁਸ਼ਕਿਸਮਤ, ਮਾਰਕਸਵਾਦੀਆਂ ਦਾ ਕੰਮ ਹੈ ਮੈਨੇਜਮੈਂਟ ਦੇ ਉਪਰਲੇ ਅਫਸਰਾਂ ਨੂੰ ਸਲਾਹ ਦੇਣੀ ਅਤੇ ਟਰੇਨਿੰਗ ਦੇਣੀ ਕਿ ਸਰਮਾਏਦਾਰੀ ਦੀ ਉਮਰ ਨੂੰ ਲੰਮੀ ਕਰਨ ਦੇ ਨੁਸਖੇ ਕੀ ਹਨ ਅਤੇ ਕਿਵੇਂ ਵਰਤਣੇ ਹਨ। ਮਲਟੀ ਨੈਸ਼ਨਲ ਕਾਰਪੋਰੇਸ਼ਨਾਂ ਦੇ ਲਗਭਗ ਸਾਰੇ ਸਲਾਹਕਾਰ ਇਹੀ ਮਾਰਕਸਵਾਦੀ ਲੋਕ ਹਨ। ਇਨ੍ਹਾਂ ਦਾ ਕੰਮ ਹੈ ਕਿ ਪੈਦਾਵਾਰੀ ਸ਼ਕਤੀਆਂ ਅਤੇ ਪੈਦਾਵਾਰੀ ਰਿਸ਼ਤਿਆਂ ਦੀਆਂ ਵਿਰੋਧਤਾਈਆਂ ਨੂੰ ਇੱਥੋਂ ਤਕ ਵਧਣ ਤੋਂ ਨੱਥ ਪਾਈ ਜਾਵੇ ਜਿਥੇ ਪੈਦਾਵਾਰੀ ਰਿਸ਼ਤਿਆਂ ਨੂੰ ਝਟਕੇ ਨਾਲ ਬਦਲਣ ਦੀ ਲੋੜ ਨਾ ਰਹੇ।

ਲੈਨਿਨ ਨੇ ਆਪਣੀਆਂ ਲਿਖਤਾਂ ਅੰਦਰ ਤਿੰਨ ਵੱਡੀਆਂ ਵਿਰੋਧਤਾਈਆਂ ਦਾ ਜ਼ਿਕਰ ਕੀਤਾ ਹੈ। (ੳ) ਸਾਮਰਾਜੀਆਂ ਦੀਆਂ ਆਪਸੀ ਵਿਰੋਧਤਾਈਆਂ। (ਅ) ਸਾਮਰਾਜ ਅਤੇ ਕੌਮੀ ਸਰਮਾਏਦਾਰੀ ਵਿਚਕਾਰ ਵਿਰੋਧਤਾਈਆਂ, (ੲ) ਸਰਮਾਏਦਾਰੀ ਅਤੇ ਮਜ਼ਦੂਰ ਜਮਾਤ ਵਿਚਕਾਰ ਵਿਰੋਧਤਾਈਆਂ।

(ੳ) ਸਾਮਰਾਜੀਆਂ ਨੂੰ ਸਮਝ ਆ ਗਈ ਲਗਦੀ ਹੈ ਕਿ ਆਪਸੀ ਲੜਾਈ ਨਾਲ ਉਨ੍ਹਾਂ ਦਾ ਆਪਣਾ ਹੀ ਨੁਕਸਾਨ ਹੁੰਦਾ ਹੈ। ਪਹਿਲੀ ਸੰਸਾਰ ਜੰਗ ਵਿਚ ਰੂਸ ਵਰਗੀ ਏਸ਼ੀਆਈ-ਯੂਰਪੀਨ ਸਲਤਨਤ ਦਾ ਭੋਗ ਪੈ ਗਿਆ ਸੀ। ਦੂਜੇ ਵਿਸ਼ਵ ਯੁੱਧ ਬਾਅਦ ਹਿੰਦੋਸਤਾਨ ਦੀ ਆਜ਼ਾਦੀ ਨਾਲ ਬਸਤੀਵਾਦ ਨੂੰ ਜੋ ਢਾਹ ਲੱਗੀ ਉਸ ਨੇ ਦੁਨੀਆ ਭਰ ਵਿਚ ਬਸਤੀਵਾਦ ਦਾ ਖ਼ਾਤਮਾ ਕਰ ਦਿੱਤਾ। ਦੂਜੀ ਜੰਗ ਤੋਂ ਪਿਛਲੇ 65 ਸਾਲਾਂ ਵਿਚ ਦੁਨੀਆਂ ਭਰ ਦੀਆਂ ਸਾਮਰਾਜੀ ਤਾਕਤਾਂ ਮੰਨੇ ਜਾਂਦੇ ਸੋਸ਼ਲਿਸਟ ਬਲਾਕ ਦੇ ਵਿਰੁਧ ਨੈਟੋ ਦੇ ਨਾਂ 'ਤੇ ਇਕਜੁੱਟ ਹੋ ਗਈਆਂ। ਇਸ ਬਲਾਕ ਅਤੇ ਵਾਰਸਾ ਪੈਕਟ ਦੇ ਖੇਰੂੰ ਖੇਰੂੰ ਹੋ ਜਾਣ ਪਿਛੋਂ ਇਰਾਕ ਦੀ ਲੜਾਈ ਵੇਲੇ ਦਾ ਸਾਮਰਾਜੀ ਸੰਕਟ ਸਭ ਤੋਂ ਵੱਡਾ ਸੀ। ਇਕ ਪਾਸੇ ਅਮਰੀਕਾ ਦੀ ਸਭ ਤੋਂ ਸ਼ਕਤੀਸ਼ਾਲੀ ਸਾਮਰਾਜੀ ਤਾਕਤ ਦੇ ਨਾਲ ਇੰਗਲੈਂਡ ਦਾ ਸਾਮਰਾਜੀ ਦੇਸ਼ ਅਤੇ ਦੂਜੇ ਪਾਸੇ ਯੂਰਪ ਅਤੇ ਏਸ਼ੀਆ ਦੇ ਸਾਮਰਾਜੀ ਦੇਸ਼ਾਂ ਵਿਚਕਾਰ ਬੜਾ ਵਿਰੋਧ ਖੜਾ ਹੋ ਗਿਆ ਸੀ। ਇਨ੍ਹਾਂ ਵਿਚੋਂ ਖਾਸ ਕਰ ਕੇ ਫਰਾਂਸ ਅਤੇ ਰੂਸ, ਜਿਨ੍ਹਾਂ ਦਾ ਦਸ ਦਸ ਬਿਲੀਅਨ ਡਾਲਰ ਸਰਮਾਇਆ ਇਰਾਕ ਵਿੱਚ ਲੱਗਾ ਹੋਇਆ ਸੀ, ਬੜੇ ਗੁੱਸੇ ਵਿਚ ਭਰੇ ਪੀਤੇ ਪਏ ਸਨ। ਪਰ ਤਾਂ ਵੀ ਅਮਰੀਕਾ ਅਤੇ ਇੰਗਲੈਂਡ ਵਲੋਂ ਕੀਤੇ ਹਮਲੇ ਵਿਰੁਧ ਕਿਸੇ ਦੇਸ਼ ਜਾਂ ਦੇਸ਼ਾਂ ਦੇ ਬਲਾਕ ਨੇ ਫੌਜੀ ਵਿਰੋਧ ਕਰਨ ਦਾ ਹੀਆ ਨਹੀਂ ਕੀਤਾ। ਮਗਰੋਂ ਅਮਰੀਕਾ ਅਤੇ ਇੰਗਲੈਂਡ ਦੀਆਂ ਸਰਕਾਰਾਂ ਨੂੰ ਅੱਖਾਂ ਜ਼ਰੂਰ ਵਿਖਾਈਆਂ ਪਰ ਹੁਣ ਫਿਰ ਸਭ ਇਕੱਠੇ ਹਨ, ਇਸ ਡਰ ਤੋਂ ਕਿ ਹੁਣ ਲੜਾਈ ਨਾਲ ਦੁਨੀਆ ਭਰ ਵਿੱਚੋਂ ਨਾ ਸਿਰਫ ਸਾਮਰਾਜ ਦਾ ਸਗੋਂ ਦੁਨੀਆ ਦਾ ਹੀ ਖਾਤਮਾ ਨਾ ਹੋ ਜਾਵੇ। ਸਾਮਰਾਜੀ ਆਪਸੀ ਲੜਾਈ ਮੁੱਲ ਲੈਣ ਨੂੰ ਤਿਆਰ ਨਹੀਂ ਲਗਦੇ।

(ਅ) ਸਾਮਰਾਜੀ ਅਤੇ ਕੌਮੀ ਸਰਮਾਏਦਾਰੀ ਅਤੇ ਕੌਮੀ ਸਰਮਾਏਦਾਰੀ ਦੇ ਵਿਰੋਧਾਂ ਨੂੰ ਨੱਥ ਪਾਉਣ ਲਈ ਜਿੱਥੇ ਅਵਿਕਸਤ ਦੇਸ਼ਾਂ ਵਿਚ ਸਰਮਾਇਆ ਲਾਇਆ ਜਾਂਦਾ ਹੈ ਉਥੇ ਬਹੁਤ ਸਾਰੇ ਪੁਰਾਣੇ ਉਦਯੋਗ ਖਰੀਦ ਲਏ ਜਾਂਦੇ ਹਨ। ਜਿਹੜੇ ਸਰਮਾਏਦਾਰ ਘਰਾਣੇ ਜਾਂ ਕਾਰਪੋਰੇਸ਼ਨਾਂ ਵਿਕਰੀ ਲਈ ਤਿਆਰ ਨਾ ਹੋਣ, ਉਨ੍ਹਾਂ ਨਾਲ ਭਾਈਵਾਲੀ ਪਾ ਲਈ ਜਾਂਦੀ ਹੈ। ਇਸ ਤਰ੍ਹਾਂ ਵਿਰੋਧਤਾਈ ਨੂੰ ਠੱਲ ਪਾ ਲਈ ਜਾਂਦੀ ਹੈ। ਸਰਮਾਏ ਦੀ ਇਕ ਦੇਸ਼ ਵਿੱਚੋਂ ਦੂਜੇ ਦੇਸ਼ ਵਿਚ ਵਰਤੋਂ ਦੇ ਮੁਦਈ ਦੇਸ਼ ਦੀ ਮਜ਼ਦੂਰ ਜਮਾਤ ਤਾਂ ਇਸ ਦਾ ਵਿਰੋਧ ਕਰਦੀ ਹੈ ਪਰ ਸਾਇਲ ਦੇਸ਼ ਦਾ ਮਜ਼ਦੂਰ ਸਵਾਗਤ ਕਰਦਾ ਹੈ।

(ੲ) ਸਰਮਾਏਦਾਰ ਅਤੇ ਮਜ਼ਦੂਰ ਜਮਾਤ ਦੇ ਵਿਰੋਧ ਦੇ ਵੀ ਕੰਪਨੀਆਂ ਦੇ ਨਵੀਨ ਮਾਰਕਸਵਾਦੀ ਸਲਾਹਕਾਰਾਂ ਨੇ ਅਨੋਖੇ ਢੰਗ ਲੱਭ ਲਏ ਹਨ। ਇਕ ਢੰਗ ਇਹ ਹੈ ਕਿ ਪਹਿਲਾਂ ਟਰੱਕਾਂ ਅਤੇ ਟੈਕਸੀਆਂ ਦੀਆਂ ਮਾਲਕ ਕੰਪਨੀਆਂ ਹੁੰਦੀਆਂ ਸਨ ਅਤੇ ਡਰਾਈਵਰ ਨੌਕਰ ਹੁੰਦੇ ਸਨ। ਇਸ ਪਿਛਲੇ ਵੀਹ ਪੰਝੀ ਸਾਲਾਂ ਅੰਦਰ ਨੌਕਰ ਡਰਾਈਵਰਾਂ ਨੂੰ ਮਾਲਕ ਬਣਾ ਦਿੱਤਾ ਗਿਆ ਹੈ, ਜਿਸ ਵਿਚ ਬਿਜ਼ਨਸ ਸਾਰਾ ਕੰਪਨੀਆਂ ਦੇ ਹੱਥ ਹੁੰਦਾ ਹੈ। ਡਰਾਈਵਰ ਆਪਣੀ ਗੱਡੀ ਖਰੀਦ ਕੇ ਭਾੜੇ 'ਤੇ ਚਲਾਉਂਦਾ ਹੈ। ਇਸ ਨਾਲ ਇਕ ਤਾਂ ਖਰਚ ਘੱਟ ਜਾਂਦਾ ਹੈ, ਦੂਜਾ ਮਾਲਕ ਤੇ ਮਜ਼ਦੂਰ ਦੀ ਸਿੱਧੀ ਟੱਕਰ ਨੂੰ ਟਾਲ ਦਿੱਤਾ ਜਾਂਦਾ ਹੈ। ਹੁਣ ਇਸ ਨਾਲ ਸਾਰੇ ਮਾਲਕ ਡਰਾਈਵਰਾਂ ਅਤੇ ਆਵਾਜਾਈ ਦੇ ਸਾਰੇ ਵਪਾਰ ਅੰਦਰ ਟੱਕਰ ਪੈਦਾ ਹੋ ਗਈ ਹੈ ਜਿਸ ਨਾਲ ਲੜਾਈ ਔਖੀ ਹੋ ਗਈ ਹੈ। ਪਰ ਜਦੋਂ ਲੜਾਈ ਹੁੰਦੀ ਹੈ ਤਾਂ ਸਾਰੀ ਇੰਡਸਟਰੀ ਠੱਪ ਹੋ ਜਾਂਦੀ ਹੈ।

ਦੂਜਾ ਤਰੀਕਾ ਇਹ ਹੈ ਕਿ ਹਾਈ ਟੈੱਕ ਇੰਡਸਟਰੀ ਵਿਚ ਉਤਪਾਦਨ ਵੱਧ ਜਾਣ ਜਾਣ ਨਾਲ ਮੁਨਾਫੇ ਦੀ ਦਰ ਬੇਹੱਦ ਵੱਧ ਗਈ ਹੈ। ਨਤੀਜੇ ਵਜੋਂ ਵਧੇਰੇ ਹੁਨਰਮੰਦ ਕਾਮਿਆਂ ਦੀਆਂ ਉਜਰਤਾਂ ਲੱਖਾਂ ਡਾਲਰ ਜਾਂ ਰੁਪਇਆਂ ਤਕ ਪੁੱਜ ਗਈਆਂ ਹਨ। ਨਾਲ ਹੀ ਬੱਚਤਾਂ ਦੀਆਂ ਸਕੀਮਾਂ ਚਾਲੂ ਹੋ ਗਈਆਂ ਹਨ। ਇਸ ਬੱਚਤ ਨੂੰ ਕੰਪਨੀਆਂ ਦੇ ਮਾਲਕ ਕਾਮਿਆਂ ਨੂੰ ਕੰਪਨੀ ਦੇ ਹਿੱਸੇ ਵੇਚ ਕੇ ਆਪਣੀਆਂ ਕੰਪਨੀਆਂ ਵਿਚ ਲਗਵਾ ਲੈਂਦੇ ਹਨ। ਹੁਣ ਮਜ਼ਦੂਰ ਆਪਣੇ ਆਪ ਨੂੰ ਕੰਪਨੀ ਦਾ ਮਾਲਕ ਵੀ ਸਮਝਣ ਲੱਗ ਪੈਂਦਾ ਹੈ। ਮਾਲਕ ਹੋਣ ਦੇ ਨਾਤੇ ਮੁਨਾਫਾ ਵੀ ਉਡੀਕਦਾ ਹੈ। ਤਨਖਾਹ ਪਹਿਲਾਂ ਹੀ ਚੰਗੀ ਹੁੰਦੀ ਹੈ। ਹੁਣ ਭਲਾ ਉਹ ਹੜਤਾਲ ਕਿਉਂ ਕਰੇਗਾ।

ਤੀਜਾ ਤਰੀਕਾ ਹੈ ਕਿ ਕੰਪਿਊਟਰ ਅਪਰੇਟਰਾਂ ਨੂੰ ਕਹਿੰਦੇ ਹਨ ਕਿ ਘਰ ਬੈਠੇ ਹੀ ਕੰਮ ਕਰੀ ਜਾਉ। ਇਸ ਤਰ੍ਹਾਂ ਦਫ਼ਤਰ ਦਾ ਖਰਚਾ ਬਚਿਆ। ਘਰ ਤੋਂ ਦਫ਼ਤਰ ਨੂੰ ਜਾਣ ਤਕ ਦਾ ਖਰਚਾ ਤੇ ਵਕਤ ਵੀ ਬਚ ਗਿਆ। ਵਰਕਰ ਪਹਿਲਾਂ ਤਾਂ ਬੜਾ ਖੁਸ਼ ਹੁੰਦਾ ਹੈ ਪਰ ਜਦੋਂ ਉਸ ਦੀ ਉਜਰਤ ਤਨਖਾਹ ਫੀ ਘੰਟਾ ਦੇਣ ਦੀ ਬਜਾਏ ਕੰਮ ਨੂੰ ਠੇਕੇ ਵਿਚ ਬਦਲ ਦਿਤਾ ਜਾਂਦਾ ਹੈ ਤਾਂ ਅੱਖਾਂ ਖੁਲ੍ਹਦੀਆਂ ਹਨ ਕਿ ਮਾਲਕ ਨੇ ਤਾਂ ਦਫ਼ਤਰ ਦਾ ਖ਼ਰਚਾ ਵੀ ਬਚਾ ਲਿਆ। ਵਰਕਰ ਨੂੰ ਜਿਹੜੀ ਆਵਾਜਾਈ ਦੀ ਬੱਚਤ ਹੋਈ ਸੀ ਉਤਨੇ ਡਾਲਰ ਗਿਣਕੇ ਠੇਕੇ ਦੀ ਰਕਮ ਵਿਚੋਂ ਘਟਾ ਦਿਤੇ, ਜਿਹੜਾ ਆਉਣ ਜਾਣ ਦਾ ਸਮਾਂ ਬਚਿਆ ਸੀ ਉਹ ਵੀ ਗਿਣ ਕੇ ਉਤਨਾ ਕੰਮ ਹੋਰ ਵਧਾ ਦਿਤਾ। ਗੱਲ ਕੀ ਗਿਣ ਮਿਥ ਕੇ ਜਿੰਨੇ ਡਾਲਰ ਕਾਮੇ ਨੂੰ ਅੱਠ ਘੰਟੇ ਲਾ ਕੇ ਮਿਲਦੇ ਸਨ ਹੁਣ ਦਸ ਘੰਟੇ ਲਾ ਕੇ ਉਸ ਨਾਲੋਂ ਘੱਟ ਡਾਲਰ ਮਿਲਦੇ ਹਨ। ਉਪਰੰਤ ਇਹ ਵੀ ਕਿ ਕਾਮਿਆਂ ਦਾ ਆਪੋ ਵਿਚ ਕੋਈ ਸਿੱਧਾ ਰਾਬਤਾ ਨਹੀਂ ਰਹਿੰਦਾ, ਦੁੱਖ ਸੁੱਖ ਸਾਂਝਾ ਕਰਨ ਦਾ। ਪਰ ਰਾਬਤੇ ਲਈ ਕੰਪਿਊਟਰ ਉਨ੍ਹਾਂ ਦੇ ਹੱਥ ਵਿੱਚ ਇਕ ਬੜਾ ਵੱਡਾ ਹਥਿਆਰ ਹੈ। ਜਿਸ ਕਾਰਨ ਦੁਨੀਆਂ ਭਰ ਵਿਚ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ, ਬਿਨਾਂ ਬਹੁਤਾ ਸਮਾਂ ਲਾਇਆਂ।

ਚੌਥਾ ਤਰੀਕਾ ਇਹ ਹੈ ਕਿ ਫੈਕਟਰੀਆਂ ਦੇ ਅੰਦਰ ਮੈਨੇਜਮੈਂਟ ਨੂੰ ਅਣਦਿੱਖ ਕਰ ਦਿੱਤਾ ਗਿਆ ਹੈ। ਮਜ਼ਦੂਰਾਂ ਦੇ ਸਿਰ 'ਤੇ ਕੋਈ ਫੋਰਮੈਨ ਜਾਂ ਸੁਪਰਵਾਈਜ਼ਰ ਹਰ ਵੇਲੇ ਖਲੋਤਾ ਨਹੀਂ ਰਹਿੰਦਾ। ਹਰ ਮਜ਼ਦੂਰ ਨੂੰ ਆਪਣਾ ਸੁਪਰਵਾਈਜ਼ਰ ਆਪ ਬਣਾ ਦਿੱਤਾ ਗਿਆ ਹੈ। ਹਰ ਮਜ਼ਦੂਰ ਜਾਂ ਕੁੱਝ ਮਜ਼ਦੂਰਾਂ ਦੀ ਟੋਲੀ ਲਈ ਟੈਕਨਾਲੋਜੀ ਅਨੁਸਾਰ, ਪੈਦਾਵਾਰ ਦੀ ਮਿਕਦਾਰ ਤੇ ਮਿਆਰ ਕਾਇਮ ਕਰ ਦਿੱਤੇ ਜਾਂਦੇ ਹਨ। ਮਜ਼ਦੂਰ ਨੂੰ ਆਪਣੀ ਜ਼ਿੰਮੇਵਾਰੀ ਦਾ ਭਲੀ ਭਾਂਤ ਪਤਾ

ਹੁੰਦਾ ਹੈ। ਵੈਸੇ ਦਫ਼ਤਰਾਂ ਵਿਚ ਕੈਮਰੇ ਵੀ ਲੱਗੇ ਹੁੰਦੇ ਹਨ ਜਿਨ੍ਹਾਂ ਉਪਰ ਫੈਕਟਰੀ ਜਾਂ ਕਾਰਖਾਨੇ ਦਾ ਸਾਰਾ ਕੰਮਕਾਰ ਹੁੰਦਾ ਵੇਖਿਆ ਜਾ ਸਕਦਾ ਹੈ। ਕਾਮਿਆਂ ਦੇ ਵਤੀਰੇ ਅਤੇ ਮਾਨਸਿਕ ਹਾਲਤਾਂ ਤਕ ਦਾ ਅਧਿਐਨ ਕੀਤਾ ਜਾਂਦਾ ਹੈ। ਅੱਜ ਦੀ ਸਰਮਾਏਦਾਰੀ ਬੜੀ ਸਮਝਦਾਰ, ਹੁਸ਼ਿਆਰ, ਚਾਲਾਕ ਅਤੇ ਮੱਕਾਰ ਹੈ, ਜਿਹਦੇ ਦਾਅ ਪੇਚਾਂ ਦਾ ਮੁਕਾਬਲਾ ਕਰਨਾ, ਬਲੂ ਕਾਲਰ ਮਜ਼ਦੂਰ ਜਮਾਤ ਦੇ ਆਗੂਆਂ ਦੇ ਵੱਸ ਦੀ ਗੱਲ ਨਹੀਂ ਰਹਿ ਗਈ। ਇਸ ਦੇ ਮੁਕਾਬਲੇ ਲਈ ਸਰਮਾਏਦਾਰੀ ਦੇ ਸਲਾਹਕਾਰਾਂ ਦੇ ਪੱਧਰ ਦੇ ਲੋਕ ਹੀ ਲੋੜੀਂਦੇ ਹਨ।

ਨਵੇਂ ਹਾਲਾਤ ਵਿਚ ਨਵੇਂ ਨਾਹਰੇ, ਨਵੇਂ ਤੌਰ ਤਰੀਕੇ, ਨਵੇਂ ਦਾਅ ਪੇਚ ਵਰਤਣੇ ਪੈਣਗੇ। ਕਈ ਪੁਰਾਣੀਆਂ ਪਰਿਭਾਸ਼ਾਵਾਂ ਨਵੀਆਂ ਕਰਨੀਆਂ ਪੈਣਗੀਆਂ। ਪਰ ਸੰਘਰਸ਼ ਤਾਂ ਉਦੋਂ ਤਕ ਜਾਰੀ ਹੀ ਰਹੇਗਾ ਜਦੋਂ ਤਕ ਇਹ ਵਿਰੋਧਤਾਈਆਂ ਹੱਲ ਨਹੀਂ ਹੋ ਜਾਂਦੀਆਂ ਅਤੇ ਸੰਸਾਰ ਦੇ ਸਾਰੇ ਲੋਕਾਂ ਨੂੰ ਸੁੱਖ ਪ੍ਰਦਾਨ ਕਰਨ ਵਾਲਾ ਇਕ ਨਵਾਂ ਸਮਾਜ ਪੈਦਾ ਨਹੀਂ ਹੋ ਜਾਂਦਾ। ਇਸ ਸਮਾਜ ਨੂੰ ਪੈਦਾ ਕਰਨ ਵਾਲਾ ਨਵਾਂ ਮਨੁੱਖ ਪੈਦਾ ਨਹੀਂ ਹੋ ਜਾਂਦਾ, ਜਿਸ ਨੂੰ ਆਪਣੇ ਨਿੱਜੀ ਹਿੱਤਾਂ ਤੋਂ ਪਹਿਲਾਂ ਲੋਕਾਈ ਦੇ ਹਿੱਤ ਨਜ਼ਰ ਆਉਂਦੇ ਹੋਣ। ਜੋ ਆਪਣੇ ਨਿੱਜ ਦੇ ਹਿੱਤਾਂ ਨੂੰ ਲੋਕਾਂ ਦੇ ਹਿੱਤਾਂ ਤੋਂ ਵਾਰਨ ਵਾਲਾ ਮਨੁੱਖ ਹੋਵੇ, ਜਿਸ ਨੂੰ ਸੰਤ ਕਿਹਾ ਜਾਂਦਾ ਹੈ। ਜਿਸ ਤਰ੍ਹਾਂ ਦਾ ਕਾਰਲ ਮਾਰਕਸ ਸੰਤ ਸਿਪਾਹੀ ਸੀ।

ਕਾਰਲ ਮਾਰਕਸ ਅਤੇ ਲੈਨਿਨ ਵੇਲੇ ਤੋਂ ਦੁਨੀਆ ਬਹੁਤ ਬਦਲ ਚੁੱਕੀ ਹੈ। ਵੀਹਵੀਂ ਸਦੀ ਅੰਦਰ ਜ਼ਿੰਦਗੀ ਦੇ ਹਰ ਖਿੱਤੇ ਵਿਚ ਹੋਈ ਉਨਤੀ ਪਿਛਲੇ ਸਾਰੇ ਮਨੁੱਖੀ ਇਤਿਹਾਸ ਵਿਚ ਹੋਈ ਉਨਤੀ ਨਾਲੋਂ ਵਧੇਰੇ ਹੈ। ਪਿਛਲੇ ਦੋ ਤਿੰਨ ਦਹਾਕਿਆਂ ਦੀ ਉਨਤੀ ਉਸ ਨਾਲੋਂ ਵੀ ਵਧ ਹੈ। ਕੁਦਰਤੀ ਵਿਗਿਆਨ ਬਾਰੇ ਕਈ ਪਰਿਭਾਸ਼ਾਵਾਂ ਅਤੇ ਫਾਰਮੂਲੇਸ਼ਨਾਂ ਬਦਲ ਗਈਆਂ ਹਨ। ਮਾਰਕਸਵਾਦ ਤਾਂ ਇਕ ਸਮਾਜਿਕ ਸਾਇੰਸ ਹੈ। ਜਿਵੇਂ ਆਰਥਿਕਤਾ ਬਦਲਣ ਨਾਲ ਸਿਆਸੀ ਸਮਾਜਿਕ ਅਤੇ ਸਭਿਆਚਾਰਕ ਢਾਂਚਾ ਬਦਲ ਜਾਂਦਾ ਹੈ, ਇੰਝ ਪੁਰਾਣੀਆਂ ਧਾਰਨਾਵਾਂ ਅਤੇ ਪਰਿਭਾਸ਼ਾਵਾਂ ਦਾ ਬਦਲਨਾ ਕੁਦਰਤੀ ਹੈ।

ਮਿਡਲ ਕਲਾਸ ਵੀ ਅੱਜ ਗੈਰ ਜਾਨਬਦਾਰ ਨਹੀਂ ਹੈ। ਇਹ ਵੀ ਸੰਘਰਸ਼ਾਂ ਅੰਦਰ ਬੜਾ ਵੱਡਾ ਰੋਲ ਅਦਾ ਕਰ ਰਹੀ ਹੈ। ਜਦੋਂ ਮੱਧ ਸ਼੍ਰੇਣੀ ਹਰਕਤ ਵਿਚ ਆਉਂਦੀ ਹੈ ਤਾਂ ਸਰਕਾਰਾਂ ਨੂੰ ਹਿਲਾ ਕੇ ਰੱਖ ਦਿੰਦੀ ਹੈ। ਸਰਕਾਰਾਂ ਜਿੰਨਾ ਮਿਡਲ ਕਲਾਸ ਤੋਂ ਡਰਦੀਆਂ ਹਨ, ਅੱਜ ਸਨਅਤੀ ਮਜ਼ਦੂਰ ਜਮਾਤ ਤੋਂ ਵੀ ਉਤਨਾ ਨਹੀਂ ਡਰਦੀਆਂ। ਸਨਅਤੀ ਮਜ਼ਦੂਰ ਗਿਣਤੀ ਵਿੱਚ ਆਬਾਦੀ ਦਾ ਅੱਠ ਦਸ ਫੀਸਦੀ ਹਨ।

ਔਰਤਾਂ ਦੀ ਜਥੇਬੰਦੀ ਦੇ ਮਹੱਤਵ ਨੂੰ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਔਰਤਾਂ ਆਬਾਦੀ ਦਾ ਅੱਧਾ ਹਿੱਸਾ ਹਨ। ਅੱਜ ਦੀ ਦੁਨੀਆ ਕਾਰਲ ਮਾਰਕਸ ਦੇ ਨਜ਼ਰੀਏ ਮੁਤਾਬਕ ਉਸ ਦੇ ਆਪਣੇ ਸਮੇਂ ਤੋਂ ਲੈ ਕੇ ਅੱਜ ਤਾਈਂ ਬਹੁਤ ਬਦਲ ਚੁੱਕੀ ਹੈ। ਲੈਨਿਨ ਦੀ ਸੋਚ ਅਨੁਸਾਰ ਸਰਮਾਏਦਾਰੀ, ਸੰਸਾਰ ਪੱਧਰ ਉਪਰ, ਆਪਣੀ ਆਖਰੀ ਪਉੜੀ ਸਾਮਰਾਜਵਾਦ ਤਕ ਅੱਪੜ ਗਈ ਹੈ। ਮਹਾਂ ਉਨਤ ਦੇਸ਼ਾਂ ਦੀ ਉਨਤੀ, ਸਿਵਾਏ 'ਹਾਈਟੈੱਕ' ਤੋਂ, ਆਮ ਪੈਦਾਵਾਰ ਦੇ ਖੇਤਰਾਂ ਵਿੱਚ ਹੋਰ ਵਧੇਰੇ ਹੋਣ ਦੀ ਸੰਭਾਵਨਾ ਬੜੀ ਘੱਟ ਗਈ ਹੈ। ਮੌਜੂਦਾ ਮੰਦਵਾੜੇ ਨੇ ਆਮ ਲੋਕਾਂ ਨੂੰ ਡੂੰਘੀ ਸੋਚ ਵਿੱਚ ਪਾਇਆ ਹੋਇਆ ਹੈ ਕਿ ਅਗਲਾ ਰਾਹ ਹੁਣ ਕੀ ਹੈ?

ਇਕ ਤੀਜੀ ਦੁਨੀਆ ਦੇ ਉਹ ਦੇਸ਼ ਹਨ ਜਿਥੇ ਆਰਥਿਕਤਾ ਅਤੇ ਸਿਆਸਤ ਉਪਰ ਜਾਗੀਰਦਾਰੀ ਦੀ ਜਕੜ ਹੈ। ਉਨ੍ਹਾਂ ਦੇਸ਼ਾਂ ਅੰਦਰ ਅੱਜ ਜਮਹੂਰੀ ਇਨਕਲਾਬਾਂ ਦੀ ਲੋੜ ਹੈ।

ਇਕ ਹੋਰ ਚੌਥੀ ਦੁਨੀਆ ਹੈ। ਕੁੱਝ ਇਕ ਅਲੱਗ ਥਲੱਗ ਜਜ਼ੀਰਿਆਂ ਵਿਚ, ਕੁੱਝ ਮੁਲਕਾਂ ਦੇ ਅਲੱਗ ਥਲੱਗ ਇਲਾਕਿਆਂ ਅੰਦਰ ਅਜੇ ਤਾਈ ਲੋਕ ਕਬੀਲਾ ਭਾਈਚਾਰੇ ਵਿਚ ਹੀ ਵਿਚਰ ਰਹੇ ਹਨ। ਇਹ ਲੋਕ ਆਪਣੇ ਕਲਚਰ ਨਾਲ ਪੂਰੀ ਤਰ੍ਹਾਂ ਬੱਝੇ ਹੋਏ ਕਿਸੇ ਕਿਸਮ ਦੀ ਤਬਦੀਲੀ ਦੀ ਗੱਲ ਸੁਣਨ ਨੂੰ ਵੀ ਤਿਆਰ ਨਹੀਂ, ਬਦਲਣ ਲਈ ਸੰਘਰਸ਼ ਕਰਨ ਦੀ ਤਾਂ ਗੱਲ ਛੱਡੋ। ਪੱਛਮੀ ਯੂਰਪੀ ਖਿੱਤੇ ਅੰਦਰ ਇਕ ਟਾਪੂ ਹੈ ਜਿਥੇ ਕੇਵਲ ਮਰਦ ਹੀ ਵਸਦੇ ਹਨ। ਔਰਤਾਂ ਨੂੰ ਜਾਣ ਦੀ ਆਗਿਆ ਨਹੀਂ ਹੈ। ਇਹਨਾਂ ਸਾਰੇ ਲੋਕਾਂ ਨੂੰ ਬੇਹੱਦ ਸਹਾਇਤਾ ਦੀ ਲੋੜ ਹੈ।

। ਗਲੋਬਲ ਕਾਰਪੋਰੇਸ਼ਨਾਂ ਨੇ ਦੁਨੀਆ ਦੇ ਉੱਨਤ ਤੋਂ ਉੱਨਤ ਖਿੱਤੇ ਤੋਂ ਲੈ ਕੇ ਅਤਿ ਪਛੜੇ ਇਲਾਕਿਆਂ ਤਕ ਨੂੰ ਆਪਣੀ ਵਲਗਣ ਵਿਚ ਜਕੜ ਲਿਆ ਹੈ। ਗਲੋਬਲਾਈਜ਼ੇਸ਼ਨ ਦੇ ਚੱਕਰ ਦੀ ਰਫਤਾਰ ਦਿਨ ਦੁੱਗਣੀ ਰਾਤ ਚੌਗੁਣੀ ਹੁੰਦੀ ਜਾ ਰਹੀ ਹੈ। ਨਾਰਥ ਅਮਰੀਕਾ ਅਤੇ ਯੂਰਪੀ ਕਾਰਪੋਰੇਸ਼ਨਾਂ ਦਾ ਵਧੇਰੇ ਕੰਮ ਰਾਤ ਨੂੰ ਭਾਰਤ ਵਿਚ ਕੰਪਿਊਟਰਾਂ ਅੱਗੇ ਬੈਠੇ ਲੋਕ ਕਰਦੇ ਹਨ ਕਿਉਂਕਿ ਕਾਰਪੋਰੇਸ਼ਨਾਂ ਨੂੰ ਇਹ ਸਸਤਾ ਪੈਂਦਾ ਹੈ।

ਪਹਿਲਾਂ ਠੱਗਾਂ ਦੇ ਇਕੱਠ ਦੀ ਗਿਣਤੀ ਅੱਠ ਹੁੰਦੀ ਸੀ, ਹੁਣ ਵਧਕੇ ਵੀਹ ਹੋ ਗਈ ਹੈ ਅਤੇ ਅੱਗੋਂ ਵਧੀ ਹੀ ਜਾਵੇਗੀ। ਪਾੜਾ ਵੀ ਵਧੀ ਜਾਵੇਗਾ।

ਸਮਾਂ ਹੱਥ 'ਤੇ ਹੱਥ ਧਰਕੇ ਬੈਠਣ ਦਾ ਨਹੀਂ ਹੈ, ਕੁਝ ਕਰਨ ਦਾ ਹੈ। ਕੁੱਝ ਕਰਨ ਲਈ ਸਹੀ ਦ੍ਰਿਸ਼ਟੀਕੋਣ, ਸਹੀ ਸਿਆਸੀ ਲਾਈਨ ਅਤੇ ਸਹੀ ਦਾਅ-ਪੇਚਾਂ ਦੀ ਲੋੜ ਹੈ। ਸੰਘਰਸ਼ ਦੀ ਮੰਜ਼ਿਲ ਲੰਮੀ ਹੈ, ਜੋ ਇਕ ਘਰ ਤੋਂ ਤੁਰ ਕੇ ਪਿੰਡ, ਇਲਾਕੇ ਅਤੇ ਭੂਗੋਲਿਕ ਖਿੱਤਿਆਂ ਰਾਹੀਂ ਹੁੰਦੀ ਧੁਰ ਵਿਸ਼ਵ ਸਾਮਰਾਜ ਦੇ ਘਰ ਤਾਈਂ ਜਾਂਦੀ ਹੈ। ਸੰਘਰਸ਼ ਗੁੰਝਲਦਾਰ ਵੀ ਹੈ। ਹੜਤਾਲਾਂ, ਮੁਜਾਹਰਿਆਂ ਅਤੇ ਨਾਹਰਿਆਂ ਦੇ ਨਾਲ ਨਾਲ ਸਿਧਾਂਤਕ ਅਗਵਾਈ ਦੀ ਲੋੜ ਹੈ।

ਬਾਵਜੂਦ ਵੱਖ ਵੱਖ ਥਾਵਾਂ 'ਤੇ ਆਰਥਿਕ ਉਨਤੀ ਦੇ ਬੇਹੱਦ ਫਰਕ ਦੇ, ਸਰਮਾਏਦਾਰੀ ਦੇ ਲਚਕਦਾਰ ਅਤੇ ਗੁੰਮਰਾਹਕੁਨ ਦਾਅ-ਪੇਚਾਂ ਅਤੇ ਆਬਾਦੀ ਦੇ ਵੱਖ ਵੱਖ ਹਿੱਸਿਆਂ ਦੇ ਵੱਖਰੇ ਹਿੱਤਾਂ ਦੇ, ਹਾਲਾਤ ਨਿਰਾਸ਼ਾਜਨਕ ਨਹੀਂ। ਵਿਸ਼ਵ ਪੱਧਰ 'ਤੇ ਲੋਕ ਲਹਿਰਾਂ ਵਿਸ਼ਾਲ ਅਤੇ ਤਕੜੀਆਂ ਹੋ ਰਹੀਆਂ ਹਨ। ਸਵਾਲ ਇਨ੍ਹਾਂ ਸੰਘਰਸ਼ਾਂ ਨੂੰ ਸਿਧਾਂਤਕ ਅਗਵਾਈ ਦੇਣ ਦਾ ਹੈ। ਜਿਹੜਾ ਕੰਮ ਕੇਵਲ ਅਤੇ ਕੇਵਲ ਮਾਰਕਸੀ ਦ੍ਰਿਸ਼ਟੀਕੋਣ ਨਾਲ ਲੈਸ ਲੀਡਰਸ਼ਿਪ ਹੀ ਕਰ ਸਕਦੀ ਹੈ।

ਵਾਤਾਵਰਣ ਵੀ ਅੱਜ ਦਾ ਬਹੁਤ ਹੀ ਭਖਵਾਂ ਮਸਲਾ ਹੈ। ਵਿਗਿਆਨੀਆਂ ਦੀ ਰਾਇ ਵਿਚ ਧਰਤੀ ਦੇ ਸਾਰੇ ਸਿਸਟਮ ਨੂੰ ਹੀ ਖਤਰਾ ਪੈਦਾ ਹੋ ਕੇ ਸਭ ਕੁੱਝ ਤਬਾਹ ਹੋ ਜਾਣ ਦਾ ਡਰ ਵੀ ਹੈ। ਜਿਸ ਤੋਂ ਕਈ ਅਮੀਰ ਗਰੀਬ ਸੁਰੱਖਿਅਤ ਨਹੀਂ ਰਹੇਗਾ।

ਅੱਜ ਦਾ ਇਹ ਇਕ ਬੜਾ ਹੀ ਮਹੱਤਵਪੂਰਨ ਕੰਮ ਹੈ ਕਿ ਆਮ ਲੋਕਾਂ ਨੂੰ ਇਸ ਬਾਰੇ ਜਾਗਰੂਕ ਕੀਤਾ ਜਾਵੇ ਕਿ ਸਾਡੀਆਂ ਕਿਹੜੀਆਂ ਕਿਰਿਆਵਾਂ ਵਾਤਾਵਰਨ ਦੇ ਤਾਪਮਾਨ ਨੂੰ ਵਧਾਉਣ ਦਾ ਕਾਰਨ ਬਣਦੀਆਂ ਹਨ ਅਤੇ ਉਨ੍ਹਾਂ ਕਿਰਿਆਵਾਂ ਤੋਂ ਲੋਕਾਂ ਨੂੰ ਰੋਕਿਆ ਜਾਵੇ। ਆਪਣੇ ਘਰ ਤੋਂ ਸ਼ੁਰੂ ਕਰ ਕੇ ਘਰ ਘਰ ਤਕ ਇਹ ਆਵਾਜ਼ ਪੁਚਾਈ ਜਾਣੀ ਚਾਹੀਦੀ ਹੈ। ਉਤਪਾਦਕਾਂ ਅਤੇ ਸਰਕਾਰਾਂ ਉਪਰ ਜ਼ੋਰ ਪਾਇਆ ਜਾਵੇ ਕਿ ਉਹ ਇਸ ਬਾਰੇ ਅਜਿਹੇ ਕਦਮ ਚੁੱਕਣ ਜਿਨ੍ਹਾਂ ਨਾਲ ਵਾਤਾਵਰਨ ਨੂੰ ਖਰਾਬ ਹੋਣ ਤੋਂ ਬਚਾਇਆ ਜਾ ਸਕੇ।

ਮੁਨਾਫ਼ੇ ਦੀ ਹਵਸ ਦੀ ਪੂਰਤੀ ਲਈ ਬਹੁਤ ਸਾਰੀਆਂ ਵਸਤਾਂ ਬੇਲੋੜੀਆਂ ਪੈਦਾ ਕੀਤੀਆਂ ਜਾਂਦੀਆਂ ਹਨ ਜਿਸ ਕਾਰਨ ਮੁੜ ਨਾ ਪੈਦਾ ਹੋਣ ਵਾਲੇ ਪੈਦਾਵਾਰੀ ਸੋਮੇ ਖਤਮ ਹੋ ਰਹੇ ਹਨ। ਪ੍ਰਦੂਸ਼ਣ ਪੈਦਾ ਕਰਨ ਵਾਲੀ ਊਰਜਾ ਪੈਦਾ ਕਰਨ ਦੀ ਥਾਂ ਪ੍ਰਦੂਸ਼ਣ ਰਹਿਤ ਊਰਜਾ ਪੈਦਾ ਕੀਤੀ ਜਾਣੀ ਚਾਹੀਦੀ ਹੈ।

ਜੰਗਾਂ ਅਤੇ ਜੰਗੀ ਹਥਿਆਰਾਂ ਦੀ ਪੈਦਾਵਾਰ ਨੂੰ ਖਤਮ ਕਰਨ ਦਾ ਸੰਘਰਸ਼ ਵੀ ਸਾਮਰਾਜ-ਵਿਰੋਧੀ ਸੰਘਰਸ਼ ਹੈ। ਸਾਮਰਾਜੀ ਤਾਕਤਾਂ ਸਿਰਫ ਜੰਗੀ ਹਥਿਆਰਾਂ ਦੇ ਬਲਬੂਤੇ ਕਮਜ਼ੋਰ ਦੇਸ਼ਾਂ ਨੂੰ ਕਾਬੂ ਕਰਦੀਆਂ ਹਨ, ਸਗੋਂ ਜੰਗੀ ਸਾਮਾਨ ਵੇਚ ਕੇ ਅਥਾਹ ਮੁਨਾਫੇ ਕਮਾਉਂਦੀਆਂ ਹਨ। ਜੰਗੀ ਹਥਿਆਰ ਪੈਦਾ ਕਰਨ ਵਾਲੀਆਂ ਕਾਰਪੋਰੇਸ਼ਨਾਂ ਅਤੇ ਸਰਕਾਰਾਂ ਦੂਜੇ ਦੇਸ਼ਾਂ ਨੂੰ ਜੰਗੀ ਸਾਮਾਨ ਵੇਚ ਕੇ ਮੁਨਾਫਾ ਕਮਾਉਂਦੀਆਂ ਹਨ। ਇਸ ਤਰ੍ਹਾਂ ਛੋਟੇ ਦੇਸ਼ਾਂ ਦੇ ਲੋਕਾਂ ਦੀ ਟੈਕਸ ਰਾਹੀਂ ਇਕੱਠੀ ਕੀਤੀ ਕਮਾਈ ਹੜੱਪ ਲੈਂਦੀਆਂ ਹਨ। ਜਾਂ ਫਿਰ ਆਪ ਜੰਗ ਛੇੜ ਕੇ ਆਪਣੇ ਹੀ ਲੋਕਾਂ ਦੀ ਕਮਾਈ ਕਾਰਪੋਰੇਸ਼ਨਾਂ ਨੂੰ ਲੁਟਾ ਦਿੱਤੀ ਜਾਂਦੀ ਹੈ। ਜੰਗ ਦੀ ਇੰਡਸਟਰੀ ਦੀ ਪੈਦਾਵਾਰ ਚਾਲੀ ਖਰਬ ਡਾਲਰ ਦੇ ਕਰੀਬ ਹੈ। ਭਲਾ ਇਹ ਚਾਲੀ ਖਰਬ ਡਾਲਰ ਖਰਚ ਕੀਤਿਆਂ ਦੁਨੀਆ ਦੇ ਲੋਕਾਂ ਦਾ ਕੀ ਸੰਵਰਦਾ ਹੈ, ਸਿਵਾਇ ਖਰਬਾਂ ਡਾਲਰ ਦੀ ਜਾਇਦਾਦ ਤਬਾਹ ਕਰਨ ਦੇ ਲੱਖਾਂ ਲੋਕਾਂ ਨੂੰ ਮਾਰਨ ਦੇ ਅਤੇ ਅਤਿ ਦਾ ਪ੍ਰਦੂਸ਼ਣ ਪੈਦਾ ਕਰਨ ਦੇ।

ਮਾਰਕਸ ਕਹਿੰਦਾ ਹੈ ਕਿ ਜਦੋਂ ਤਕ ਸਰਮਾਏਦਾਰ ਬਾਕੀ ਹੈ ਜੰਗਾਂ ਬੰਦ ਨਹੀਂ ਹੋ ਸਕਦੀਆਂ। ਅੱਜ ਕਿਹਾ ਜਾ ਸਕਦਾ ਹੈ ਕਿ ਜੇ ਤਬਾਹਕੁਨ ਹਥਿਆਰ ਬਣਾਉਣੇ ਬੰਦ ਕਰ ਦਿੱਤੇ ਜਾਣ ਤਾਂ ਜੰਗਾਂ ਬੰਦ ਹੋ ਸਕਦੀਆਂ ਹਨ। ਜੋ ਸਾਮਾਨ ਪੈਦਾ ਕੀਤਾ ਜਾਂਦਾ ਹੈ, ਉਸ ਦੀ ਖਪਤ ਲਈ ਉਸ ਸਾਮਾਨ ਦੀ ਮੰਡੀ ਚਾਹੀਦੀ ਹੈ। ਜੰਗੀ ਹਥਿਆਰਾਂ ਅਤੇ ਸਾਮਾਨ ਦੀ ਮੰਡੀ ਹੈ ਜੰਗ। ਸੋ ਮੰਡੀ ਪੈਦਾ ਕਰਨ ਲਈ ਜਾਂ ਤਾਂ ਅਮਰੀਕਾ ਨੂੰ ਕੋਈ ਬਹਾਨਾ ਘੜਕੇ ਕਿਸੇ ਦੇਸ਼ ਉਪਰ ਹਮਲਾ ਕਰ ਕੇ ਜੰਗ ਛੇੜਨੀ ਪਵੇਗੀ, ਜਿਵੇਂ ਅਫ਼ਗਾਨਿਸਤਾਨ ਅਤੇ ਈਰਾਕ 'ਤੇ ਹਮਲੇ ਕੀਤੇ। ਜਾਂ ਫਿਰ ਦੂਸਰੇ ਦੇਸ਼ਾਂ ਨੂੰ ਤੁੱਖਣਾ ਦੇ ਕੇ ਆਪੋ ਵਿਚ ਲੜਾ ਕੇ ਉਨ੍ਹਾਂ ਨੂੰ ਹਥਿਆਰ ਵੇਚੇ ਜਾਂਦੇ ਹਨ। ਜਿਵੇਂ ਇਰਾਕ ਤੇ ਈਰਾਨ ਵਿਚਕਾਰ, ਇਰਾਕ ਤੇ ਕੁਵੈਤ ਵਿਚਕਾਰ, ਪਾਕਿਸਤਾਨ ਤੇ ਹਿੰਦੁਸਤਾਨ ਵਿਚਕਾਰ। ਜੇ ਹੋਰ ਕੋਈ ਚਾਰਾ ਨਾ ਚੱਲੇ ਤਾਂ ਖੁਦ ਅਤਿਵਾਦ ਪੈਦਾ ਕਰ ਕੇ ਅਤਿਵਾਦ ਦੇ ਵਿਰੁਧ ਜੰਗ ਛੇੜ ਲਈ ਜਾਂਦੀ ਹੈ। ਜੇ ਹਥਿਆਰਾਂ ਅਤੇ ਜੰਗੀ ਸਾਮਾਨ ਦਾ ਉਤਪਾਦਨ ਨਾ ਹੋਵੇ ਤਾਂ ਜੰਗਾਂ ਆਪੇ ਖਤਮ ਹੋ ਜਾਣਗੀਆਂ।

ਦੁਨੀਆ ਭਰ ਚ ਜਨਤਕ ਲਹਿਰ ਉਸਾਰੀ ਜਾਵੇ ਕਿ ਜਿਹੜੀਆਂ ਸਰਕਾਰਾਂ ਜੰਗੀ ਸਾਮਾਨ ਬਣਾਉਂਦੀਆਂ ਹਨ, ਜੰਗੀ ਹਥਿਆਰ, ਜੰਗੀ ਹਥਿਆਰਾਂ 'ਤੇਲੋਕਾਂ ਦਾ ਸਰਮਾਇਆ ਖਰਚ ਕਰ ਕੇ ਬਰਬਾਦੀ ਕਰਦੀਆਂ ਹਨ, ਉਨ੍ਹਾਂ ਨੂੰ ਵੋਟਾਂ ਰਾਹੀਂ ਗੱਦੀ ਤੋਂ ਪਾਸੇ ਕੀਤਾ ਜਾਵੇ। ਜਿਹੜੀਆਂ ਕਾਰਪੋਰੇਸ਼ਨਾਂ ਜੰਗੀ ਸਾਮਾਨ ਬਣਾਉਂਦੀਆਂ ਹਨ ਉਨ੍ਹਾਂ ਦੇ ਹੋਰ ਪੈਦਾ ਕੀਤੇ ਸਾਮਾਨ ਦਾ ਬਾਈਕਾਟ ਕੀਤਾ ਜਾਵੇ।

ਅੱਜ ਸਭ ਤੋਂ ਵੱਡੀਆਂ ਤਾਕਤਾਂ ਵੋਟ ਅਤੇ ਨੋਟ ਹਨ। ਵੋਟਾਂ ਪਾ ਕੇ ਸਰਕਾਰਾਂ ਬਦਲੀਆਂ ਜਾ ਸਕਦੀਆਂ ਹਨ ਅਤੇ ਕਿਸੇ ਕਾਰ-ਪੋਰੇਸ਼ਨ ਦੇ ਮਾਲ ਦਾ ਬਾਈਕਾਟ ਕਰ ਕੇ, ਕਾਰਪੋਰੇਸ਼ਨਾਂ ਨੂੰ ਦਿਨਾਂ ਅੰਦਰ ਫੇਲ ਕੀਤਾ ਜਾ ਸਕਦਾ ਹੈ। ਕਾਰਪੋਰੇਸ਼ਨਾਂ ਸਭ ਤੋਂ ਵੱਧ ਖਰੀਦਦਾਰਾਂ ਤੋਂ ਡਰਦੀਆਂ ਹਨ। ਸਰਕਾਰਾਂ ਤੋਂ ਨਹੀਂ ਡਰਦੀਆਂ। ਸਰਕਾਰਾਂ ਤਾਂ ਕਾਰਪੋਰੇਸ਼ਨਾਂ ਦਾ ਹੱਥ ਠੋਕਾ ਬਣ ਕੇ ਰਹਿ ਗਈਆਂ ਹਨ।

ਦੁਨੀਆ ਭਰ ਦੇ ਪੈਮਾਨੇ 'ਤੇ ਅੱਜ ਦੋ ਹੀ ਸੁਪਰੀਮ ਸ਼ਕਤੀਆਂ ਹਨ। ਸਰਮਾਇਆ ਭਾਵ ਗਲੋਬਲ ਕਾਰਪੋਰੇਸ਼ਨਾਂ ਅਤੇ ਲੋਕ। ਇਨ੍ਹਾਂ ਦੀ ਸਿੱਧੀ ਟੱਕਰ ਹੈ, ਜਿਨ੍ਹਾਂ ਦੀ ਲੜਾਈ ਵਿਚ ਆਖਰ ਲੋਕਤਾ ਦੀ ਹੀ ਜਿੱਤ ਹੋਣੀ ਹੈ। ਸਵਾਲ ਸਾਰੇ ਮਸਲੇ ਬਾਰੇ ਜਨਤਾ ਨੂੰ ਸਿਆਸੀ ਤੌਰ ਉਪਰ ਜਾਗਰੂਕ ਕਰਨ ਦੀ ਲੋੜ ਦਾ ਹੈ।

ਸਾਮਰਾਜ ਦੇ ਇਰਾਦਿਆਂ ਅਤੇ ਸਕੀਮਾਂ ਨੂੰ ਨਾਕਾਮ ਕਰਨ ਲਈ, ਸਾਮਰਾਜੀ ਵਿਸ਼ਵੀਕਰਨ ਨਾਲ ਟੱਕਰ ਲੈਣ ਲਈ ਮਾਰਕਸੀ ਨਜ਼ਰੀਏ ਵਾਲਾ ਵਿਸ਼ਵੀਕਰਨ ਪੇਸ਼ ਕੀਤਾ ਜਾਣਾ ਜ਼ਰੂਰੀ ਹੈ। ਮਨੁੱਖੀ ਹੱਕਾਂ ਦੀ ਰੱਖਿਆ ਦੀ ਸੰਸਾਰ ਵਿਆਪੀ ਲਹਿਰ ਦਿਨੋ ਦਿਨ ਤਕੜੀ ਹੁੰਦੀ ਜਾਂਦੀ ਹੈ ਅਤੇ ਇਸ ਦਾ ਰੂਪ ਵੀ ਨਿਖਰਦਾ ਜਾ ਰਿਹਾ ਹੈ। ਮਨੁੱਖੀ ਹੱਕਾਂ ਦੀ ਉਲੰਘਣਾ ਕੇਵਲ ਜਿਸਮਾਨੀ ਦਮਨ ਜਾਂ ਬੰਦਸ਼ਾਂ ਹੀ ਨਹੀਂ। ਆਰਥਿਕ, ਸਮਾਜਕ ਅਤੇ ਮਾਨਸਿਕ ਦਮਨ ਵੀ ਮਨੁੱਖੀ ਹੱਕਾਂ ਦੇ ਵਿਰੁਧ ਹਨ। ਮਨੁੱਖੀ ਹੱਕਾਂ ਵਿਚ ਰੋਜ਼ਗਾਰ, ਵਿਦਿਆ, ਸਿਹਤ ਸੁਵਿਧਾ ਪਾਪਤ ਕਰਨ, ਵਿਚਾਰ ਰੱਖਣ, ਪ੍ਰਗਟ ਕਰਨ, ਪ੍ਰਦਰਸ਼ਨ ਕਰਨ ਅਤੇ ਵੋਟ ਦਾ ਹੱਕ ਆਦਿ ਸਭ ਸ਼ਾਮਲ ਹਨ। ਇਹ ਕੰਮ ਜ਼ਰਾ ਸੂਖਮ ਕਿਸਮ ਦਾ ਹੈ, ਜਿਸ ਲਈ ਵਕੀਲਾਂ, ਵਿੱਤੀ ਮਾਹਰਾਂ, ਸਮਾਜ ਵਿਗਿਆਨੀਆਂ ਅਤੇ ਮਨੋਵਿਗਿਆਨੀਆਂ ਦੀ ਮਦਦ ਦੀ ਲੋੜ ਹੈ।

ਜਿਥੇ ਆਰਥਿਕਤਾ ਦੇ ਵਿਸ਼ਵੀ ਰੂਪ ਹੋਣ ਕਾਰਨ ਲੋਕ ਲਹਿਰਾਂ ਨੇ ਵਿਸ਼ਵੀ ਰੂਪ ਧਾਰ ਲਿਆ, ਉਥੇ ਰਾਜ ਪ੍ਰਬੰਧ ਦਾ ਵਿਸ਼ਵੀਕਰਨ ਹੋਣਾ ਵੀ ਜ਼ਰੂਰੀ ਹੋ ਗਿਆ ਹੈ। ਜਦੋਂ ਆਰਥਿਕਤਾ ਦਾ ਰੂਪ ਵਧੇਰੇ ਕਰ ਕੇ ਕੌਮੀ ਸੀ ਤਾਂ ਸਰਕਾਰਾਂ ਦਾ ਕਾਰਪੋਰੇਸ਼ਨਾਂ 'ਤੇ ਕੁੱਝ ਕੰਟਰੋਲ ਹੁੰਦਾ ਸੀ। ਜਦੋਂ ਤੋਂ ਆਰਥਿਕਤਾ ਦਾ ਵਿਸ਼ਵੀਕਰਨ ਹੋਇਆ ਹੈ ਉਸ ਨਾਲ ਕਾਰਪੋਰੇਸ਼ਨਾਂ ਸਰਕਾਰਾਂ ਉਪਰ ਹਾਵੀ ਹੋ ਗਈਆਂ ਹਨ। ਕਾਰਪੋਰੇਸ਼ਨਾਂ ਸਰਕਾਰਾਂ ਨੂੰ ਹੁਕਮ ਕਰਦੀਆਂ ਹਨ ਕਿ ਜੇ ਤੁਸੀਂ ਸਾਡੇ ਟੈਕਸ ਨਹੀਂ ਘਟਾਉਗੇ ਤਾਂ ਅਸੀਂ ਅਪਣਾ ਸਰਮਾਇਆ ਦੂਸਰੇ ਦੇਸ਼ਾਂ ਵਿਚ ਲੈ ਜਾਵਾਂਗੇ, ਜਿਥੇ ਸਾਨੂੰ ਮੁਨਾਫਾ ਵਧੇਰੇ ਮਿਲਦਾ ਹੈ। ਸਰਕਾਰਾਂ ਪਾਸ ਪਹਿਲਾਂ ਤਾਂ ਅਜਿਹਾ ਕੋਈ ਕਾਨੂੰਨ ਨਹੀਂ ਜਿਸ ਨਾਲ ਉਹ ਕਾਰਪੋਰੇਸ਼ਨਾ ਨੂੰ ਸਰਮਾਇਆ ਬਾਹਰ ਲਿਜਾਣ ਤੋਂ ਰੋਕ ਸਕਣ, ਦੂਜਾ ਬੈਂਕਾਂ ਦਾ ਪ੍ਰਬੰਧ ਅੱਜ ਕਲ ਅਜਿਹਾ ਹੈ ਕਿ ਕੰਪਿਊਟਰ 'ਤੇ ਹੀ ਸਰਮਾਇਆ ਇਕ ਦੇਸ਼ ਵਿਚੋਂ ਦੂਜੇ ਦੇਸ਼ ਵਿਚ ਲਿਜਾਇਆ ਜਾ ਸਕਦਾ ਹੈ, ਕਿਸੇ ਨੂੰ ਪਤਾ ਵੀ ਨਹੀਂ ਲੱਗ ਸਕਦਾ। ਸਰਮਾਏ ਦੀ ਇਸ ਤਬਦੀਲੀ ਨਾਲ ਮੁਲਕ ਅੰਦਰ ਬੇਕਾਰੀ ਪੈਦਾ ਹੋਣੀ ਸ਼ੁਰੂ ਹੋ ਜਾਂਦੀ ਹੈ। ਪੈਦਾਵਾਰ ਘਟਦ ਲਗਦੀ ਹੈ, ਮੰਦਵਾੜਾ ਆ ਜਾਂਦਾ ਹੈ। ਲੋਕ ਸਰਕਾਰਾਂ ਦੇ ਵਿਰੁਧ ਹੋ ਜਾਂਦੇ ਹਨ। ਹੁਣ ਭਲਾ ਸਰਕਾਰਾਂ ਕੀ ਕਰਨ? ਉਹ ਤਾਂ ਵਿਚਾਰੀਆਂ ਕਾਰਪੋਰੇਟ ਸੈਕਟਰ ਦੇ ਰਹਿਮ 'ਤੇ ਜੀਉਂਦੀਆਂ ਹਨ। ਇਸ ਕਰ ਕੇ ਸੋਸ਼ਲ ਡੈਮੋਕਰੇਸੀ ਦਾ ਦਿਨੋ ਦਿਨ ਭੋਗ ਪੈਂਦਾ ਜਾ ਰਿਹਾ ਹੈ। ਜੇ ਵਿਚਾਰਾ ਬਰਾਕ ਓਬਾਮਾ ਵਰਗਾ ਥੋੜ੍ਹਾ ਜਿਹਾ ਕੌਮੀ ਹਿਤਾਂ ਦਾ ਹਾਮੀ ਸਰਮਾਇਆ ਬਾਹਰ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕਰਦਾ ਹੈ, ਬੇਕਾਰਾਂ ਦੀ, ਗਰੀਬਾਂ ਦੀ ਹਾਮੀ ਭਰਨ ਦੀ ਗੱਲ ਕਰਦਾ ਹੈ ਤਾਂ ਕਾਰਪੋਰੇਸ਼ਨਾਂ ਉਸ ਦਾ ਹੋਰ ਵੀ ਮੱਕੂ ਠੱਪ ਦਿੰਦੀਆਂ ਹਨ। ਪਹਿਲਾਂ ਪਹਿਲ ਉਸ ਨੇ ਸਟਰੀਟ ਨੂੰ ਅੱਖੋਂ ਪਰੋਖੇ ਕਰਨ ਦਾ ਯਤਨ ਕੀਤਾ ਪਰ ਹੁਣ ਮਿਲਵਰਤਣ ਲੈਣਾ ਦੇਣਾ ਪੈ ਰਿਹਾ ਹੈ। ਅਮਰੀਕੀ ਲੋਕਾਂ ਨੂੰ ਇਹ ਸਿਆਸੀ ਸੂਝ ਨਹੀਂ ਕਿ ਇਸ ਗੱਲ ਨੂੰ ਸਮਝ ਸਕਣ। ਨਾ ਸਾਮਰਾਜੀ ਮੀਡੀਆ ਸਮਝਣ ਦਿੰਦਾ ਹੈ।

ਜਿਨ੍ਹਾਂ ਦੇਸ਼ਾਂ ਅੰਦਰ ਜਾ ਕੇ ਸਰਮਾਇਆ ਲਾਇਆ ਜਾਂਦਾ ਹੈ, ਉਥੇ ਵੀ ਕਾਰਪੋਰੇਸ਼ਨਾਂ ਅਪਾਣੀਆਂ ਸ਼ਰਤਾਂ ਮੰਨਵਾਉਂਦੀਆਂ ਹਨ। ਵਾਤਾਵਰਣ ਦੇ ਅਸੂਲਾਂ ਦੀ ਪਾਲਣਾਂ ਨਹੀਂ ਕਰਦੀਆਂ। ਮਜ਼ਦੂਰਾਂ ਨੂੰ ਤਨਖ਼ਾਹ ਦਾ ਦਸਵਾਂ ਹਿੱਸਾ ਵੀ ਨਹੀਂ ਦਿੰਦੀਆਂ। ਟੈਕਸ ਵੀ ਪੂਰਾ ਦੇਣ ਨੂੰ ਤਿਆਰ ਨਹੀਂ। ਅਥਾਹ ਮੁਨਾਫ਼ਾ ਕਮਾਇਆ ਜਾਂਦਾ ਹੈ। ਸੋ ਸਰਕਾਰਾਂ ਵਿਚਾਰੀਆਂ ਹਨ। ਹੁਕਮ ਦੀਆਂ ਬੱਧੀਆਂ ਦਿਨ ਕੱਟੀ ਜਾਂਦੀਆਂ ਹਨ।

ਅੱਜ ਦੀ ਲੋੜ ਹੈ ਕਿ ਸੰਸਾਰ ਪੱਧਰ 'ਤੇ ਇਨ੍ਹਾਂ ਬੇਮੁਹਾਰ ਕਾਰਪੋਰੇਸ਼ਨਾਂ ਨੂੰ ਨੱਥ ਪਾਉਣ ਦਾ ਯਤਨ ਕੀਤਾ ਜਾਵੇ। ਉਸ ਦਾ ਇਕੋ ਇਕ ਤਰੀਕਾ ਹੈ ਸੰਸਾਰ ਪੱਧਰ ਦੀ ਸੱਤਾ ਕਾਇਮ ਕਰਨਾ। ਇਸ ਲਈ ਸੰਯੁਕਤ ਰਾਸ਼ਟਰ ਦਾ ਨਵੀਨੀਕਰਨ ਜ਼ਰੂਰੀ ਹੋ ਗਿਆ ਹੈ। ਯੂ.ਐਨ.ਓ. ਕੋਲ ਸਿਆਸੀ ਸੱਤਾ ਹੋਣੀ ਜ਼ਰੂਰੀ ਹੈ, ਜਿਸ ਨਾਲ ਉਹ ਵਾਤਾਵਰਣ ਦੀ ਪਵਿੱਤਰਤਾ ਦੀ ਰੱਖਿਆ ਕਰਨ ਦੇ ਅਸੂਲਾਂ ਦੀ ਪਾਲਣਾ ਕਰਨ ਲਈ ਸਰਕਾਰਾਂ ਨੂੰ ਅਤੇ ਕਾਰਪੋਰੇਸ਼ਨਾਂ ਨੂੰ ਪਾਬੰਦ ਕਰ ਸਕੇ। ਸੰਯੁਕਤ ਰਾਸ਼ਟਰ ਦੁਨੀਆ ਵਿਚ ਅਮਨ ਕਾਇਮ ਕਰਨ ਦੀ ਗਾਰੰਟੀ ਕਰ ਸਕੇ, ਜੰਗੀ ਹਥਿਆਰਾਂ ਦੀ ਪੈਦਾਵਾਰ 'ਤੇ ਰੋਕ ਲਾ ਸਕੇ ਅਤੇ ਤਬਾਹਕੁਨ ਹਥਿਆਰਾਂ ਨੂੰ ਸਹਿਜੇ ਸਹਿਜੇ ਕਿਸੇ ਬਿੱਲੇ ਲਗਵਾ ਸਕੇ। ਕਾਰਪੋਰੇਸ਼ਨਾਂ ਲਈ ਕੋਈ ਅਸੂਲ ਅਤੇ ਕਾਨੂੰਨ ਬਣਾ ਸਕੇ ਅਤੇ ਲਾਗੂ ਕਰਵਾ ਸਕੇ। ਜਿਵੇਂ ਇਕ ਕਾਰਪੋਰੇਸ਼ਨ ਆਪਣੇ ਸਾਰੇ ਮਜ਼ਦੂਰਾਂ ਨੂੰ ਲਗਭਗ ਇਕੋ ਜਿੰਨੀ ਉਜਰਤ ਦੇਵੇ। ਆਪਣਾ ਮਾਲ ਸਾਰੀ ਦੁਨੀਆ ਅੰਦਰ ਮੁਨਾਸਬ ਕੀਮਤਾਂ ਉਪਰ ਵੇਚੇ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਕੰਮ ਕਰੇ ਕੌਣ। ਅਜੋਕੀਆਂ ਸਰਕਾਰਾ ਤਾਂ ਇਸ ਯੋਗ ਨਹੀਂ ਹਨ। ਇਹ ਕੰਮ ਕਵਲੇ ਦੁਨੀਆਂ ਦੀਆਂ ਲੋਕ ਤਾਕਤਾਂ ਕਰ ਸਕਦੀਆਂ ਹਨ। ਆਪਣੇ ਵੋਟ ਦੀ ਤਾਕਤ ਰਾਹੀਂ ਸਰਕਾਰਾਂ ਨੂੰ ਮਜਬੂਰ ਕਰਕੇ। ਸਰਕਾਰਾਂ ਨੂੰ ਬਦਲਕੇ। ਲੋਕ ਵੀ ਤਾਂਹੀ ਕਰਨਗੇ ਜੇ ਉਹ ਸਿਆਸੀ ਤੌਰ 'ਤੇ ਚੇਤੰਨ ਅਤੇ ਫਿਰਕਮੰਦ ਹੋਣਗੇ। ਲੋਕਾਂ ਨੂੰ ਸਿਆਸੀ ਤੌਰ 'ਤੇ ਜਾਗਰੂਕ ਕਰਨ ਦਾ ਕੰਮ ਹੈ ਦੁਨੀਆਂ ਦੇ ਮਾਰਕਸਵਾਦੀਆਂ ਦਾ। ਪਾਰਟੀ ਪਲੇਟਫਾਰਮ ਤੋਂ ਹਰ ਤਰ੍ਹਾਂ ਦੇ ਮੀਡੀਏ ਦੀ ਵਰਤੋਂ ਕਰਕੇ, ਅਵਾਮੀ ਜਥੇਬੰਦੀਆਂ ਰਾਹੀਂ ਲੋਕਾਂ ਵਿਚ ਪ੍ਰਚਾਰ ਕਰਕੇ, ਲੋਕਾਂ ਦੀਆਂ ਆਪਣੀਆਂ ਮੰਗਾਂ ਦੀਆਂ ਮੁਹਿੰਮਾਂ ਨਾਲ ਜੁੜ ਕੇ। ਲੋਕ ਜਥੇਬੰਦੀਆਂ ਵਿਚ ਸੱਚੀ ਸੁੱਚੀ ਜਮਹੂਰੀਅਤ ਪੈਦਾ ਕਰ ਕੇ। ਪਾਰਲੀਮੈਂਟ, ਅਸੈਂਬਲੀਆਂ, ਸਥਾਨਕ ਚੁਣੀਆਂ ਹੋਈਆਂ ਸੰਸਥਾਵਾਂ ਅੰਦਰ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੀ ਪੱਧਰ ਤਕ।

ਜਿਥੇ ਸੰਸਾਰ ਪੱਧਰ 'ਤੇ ਇਕ ਅਥਾਰਟੀ ਕਾਇਮ ਕਰਨ ਦੀ ਲੋੜ ਹੈ ਉਥੇ ਇਸ ਨਿਸ਼ਾਨੇ 'ਤੇ ਪੁੱਜਣ ਲਈ ਜਮਹੂਰੀਅਤ ਨੂੰ ਹੇਠਾਂ ਤਕ ਲਿਜਾਣ ਦੀ ਲੋੜ ਹੈ। ਹਰ ਪੱਧਰ 'ਤੇ ਲੋਕਾਂ ਦੀ ਸ਼ਮੂਲੀਅਤ ਨਾਂਲ ਹੀ ਉਨ੍ਹਾਂ ਨੂੰ ਸਿਆਸੀ ਤੌਰ 'ਤੇ ਸੁਚੇਤ ਕੀਤਾ ਜਾ ਸਕਦਾ ਹੈ। ਕੇਂਦਰੀ ਤਾਕਤ ਨੂੰ ਮਜ਼ਬੂਤ ਕਰਨ ਲਈ ਥੱਲੇ ਜਮਹੂਰੀਅਤ ਦੀਆਂ ਜੜ੍ਹਾਂ ਮਜ਼ਬੂਤ ਕਰਨੀਆਂ ਲਾਜ਼ਮੀ ਹਨ। □


K.P. ACCOUNTING & TAX SERVICES

135 Millbourne Road East Lee Ridge Plaza, Edmonton, AB T6K1P6

SAVE YOUR TAX

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS
- TAX RETURNS FOR SELF EMPLOYED
- SMALL BUSINESS SETUP & BOOKKEEPING
- ACCOUNTING & G.S.T. RETURNS
- FINANCIAL STATEMENTS


KAPIL SHARMA

FOR FAST REFUND USE E-FILES

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ
ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ
ਕਪਿਲ ਸ਼ਰਮਾ ਨਾਲ ਸੰਪਰਕ ਕਰੋ

780-469-2677

FAX : 780-469-2026

# ਪੀਸ ਆਫ ਸੁਸਾਇਟੀ

## ਕਿੱਥੇ ਨੇ ਲੇਖਕ ਤੇ ਕਿੱਥੇ ਹਨ ਉਨ੍ਹਾਂ ਦੇ ਸੰਗਠਨ

ਲੇਖਕਾਂ ਦੇ ਸੰਗਠਨ ਬਾਰੇ ਤਾਂ ਇਹ ਕਿਹਾ ਜਾਦਾ ਹੈ ਕਿ ਉਹ ਸਮੂਹਿਕ ਚੇਤਨਾ ਨੂੰ ਪ੍ਰਗਟਾਉਂਦੇ ਹਨ ਪਰ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਸੰਦਰਭ 'ਚ ਇਹ ਚੇਤਨਾ ਖਿੰਡ ਗਈ ਹੈ। ਲੇਖਕ ਸੰਗਠਨਾਂ ਦਾ ਬੋਲਬਾਲਾ ਸਿਰਫ਼ ਅਖ਼ਬਾਰੀ ਪੱਧਰ ਤਕ ਹੀ ਸੀਮਤ ਰਹਿ ਗਿਆ ਹੈ। ਦਰਅਸਲ, ਦੇਸ਼ 'ਚ ਲੇਖਕ ਸੰਗਠਨਾਂ ਦੀ ਸ਼ੁਰੂਆਤ 1936 ਵਿਚ ਹੋਈ ਸੀ ਜਦੋਂ ਲਖਨਊ 'ਚ ਸੱਜਾਦਾ ਜ਼ਹੀਰ, ਮੁਲਕ ਰਾਜ ਆਨੰਦ ਅਤੇ ਪ੍ਰੇਮ ਚੰਦ ਦੀ ਅਗਵਾਈ ਚ ਪੂਰੇ ਦੇਸ਼ 'ਚ ਇਸ ਦੀਆਂ ਬ੍ਰਾਂਚਾਂ ਖੁਲ੍ਹੀਆਂ। ਇਸ ਨੇ ਆਜ਼ਾਦੀ ਦੀ ਲੜਾਈ ਨੂੰ ਬੌਧਿਕ ਊਰਜਾ ਦਿੱਤੀ। ਪਰ ਆਜ਼ਾਦੀ ਤੋਂ ਬਾਅਦ ਹੌਲੀ ਹੌਲੀ ਇਸ ਦਾ ਵਜੂਦ ਖਿੰਡਦਾ ਗਿਆ। 1980 ਤਕ ਆਉਂਦਿਆਂ ਕਈ ਛੋਟੇ ਛੋਟੇ ਲੇਖਕ ਸੰਘ ਬਣੇ ਜਿਨ੍ਹਾਂ ਦਾ ਪ੍ਰਭਾਵ ਸੀਮਤ ਰਿਹਾ। 1982 'ਚ ਭਾਰਤੀ ਕਮਿਊਨਿਸਟ ਪਾਰਟੀ ਨਾਲ ਜੁੜੇ ਲੇਖਕਾਂ ਅਤੇ ਹੋਰ ਲੋਕਾਂ ਨੇ ਮਿਲ ਕੇ 'ਜਨਵਾਦੀ ਲੇਖ ਸੰਘ' ਦੀ ਸਥਾਪਨਾ ਕੀਤੀ। 1985 ਵਿਚ ਭਾਰਤੀ ਕਮਿਊਨਿਸਟ ਪਾਰਟੀ (ਐਮ.ਐਲ.) ਨੇ 'ਜਨ ਸੰਸਕ੍ਰਿਤੀ ਮੰਚ' ਬਣਾਇਆ। ਜਿਵੇਂ ਜਿਵੇਂ 'ਭਾਰਤੀ ਕਮਿਊਨਿਸਟ ਪਾਰਟੀ' ਵੰਡੀ ਗਈ ਉਸੇ ਤਰ੍ਹਾਂ ਇਨ੍ਹਾਂ ਲੇਖਕ ਸੰਘਾਂ ਦੀ ਵੰਡ ਹੁੰਦੀ ਗਈ। ਇਸ ਵੰਡ ਨੇ ਨੁਕਸਾਨ ਇਹ ਕੀਤਾ ਕਿ ਲੇਖਕ ਵਰਗ ਦੀ ਆਵਾਜ਼ ਦਿਨੋ ਦਿਨ ਮੱਧਮ ਪੈਂਦੀ ਗਈ ਕਿਉਂਕਿ ਇਸ ਪੂੰਜੀਵਾਦੀ ਦੌਰ 'ਚ ਲੇਖਕ ਮਾਰਕੀਟ 'ਚ ਆਪਣੀ ਥਾਂ ਨੂੰ ਲੱਭਣ ਲੱਗ ਪਿਆ ਅਤੇ ਉਸ ਦਾ ਸੰਗਠਨ ਪਿੱਛੇ ਰਹਿ ਗਿਆ। ਹੁਣ ਲੇਖਕ ਆਪਣੇ ਲਈ ਕੰਮ ਕਰਦਾ ਹੈ ਸੰਗਠਨ ਲਈ ਨਹੀਂ। ਜੇਕਰ ਸੰਗਠਨ ਕੋਈ ਕੰਮ ਕਰਦਾ ਹੈ ਤਾਂ ਉਸ ਵਿਚ 'ਇੱਕ ਗਰੁੱਪ' ਅਹਿਮ ਭੂਮਿਕਾ ਨਿਭਾਉਂਦਾ ਹੈ। ਇਹ ਗਰੁੱਪ ਬਾਹਰੋਂ ਜਨਮ ਨਹੀਂ ਲੈਂਦਾ ਸਗੋਂ ਸੰਗਠਨ ਵਿਚੋਂ ਹੀ ਉਭਰਦਾ ਹੈ। ਇਸ ਗਰੁੱਪ ਦੀ ਖ਼ਾਸੀਅਤ ਇਹ ਹੁੰਦੀ ਹੈ ਕਿ ਇਹ ਆਪਣੇ ਕੰਮ ਨੂੰ ਚਰਚਿਤ ਕਰਨ ਲਈ ਸੰਗਠਨ ਦੀ ਵਿਚਾਰਧਾਰਾ ਨੂੰ ਛਿੱਕੇ ਟੰਗ ਦਿੰਦਾ ਹੈ। ਸੰਗਠਨ ਦੇ ਪ੍ਰੋਗਰਾਮਾਂ 'ਚ ਉਨ੍ਹਾਂ ਲੋਕਾਂ ਨੂੰ ਸੱਦਾ ਪੱਤਰ ਦਿੱਤਾ ਜਾਂਦਾ ਹੈ ਜਿਨ੍ਹਾਂ ਦਾ ਸਾਹਿਤ ਨਾਲ ਕੋਈ ਲੈਣਾ ਦੇਣਾ ਨਹੀਂ, ਜਿਹੜੇ ਸਾਹਿਤ ਦੀ ਉਂਗਲੀ ਫੜ ਕੇ ਅਖ਼ਬਾਰਾਂ 'ਚ ਆਪਣਾ ਗੁਣਗਾਣ ਕਰਵਾਉਣਾ ਚਾਹੁੰਦੇ ਹਨ। ਪਿੱਛੇ ਜਿਹੇ ਇਕ ਸੰਗਠਨ ਵਲੋਂ ਕੀਤੇ ਗਏ 'ਸਾਹਿਤਕ ਪ੍ਰੋਗਰਾਮ' ਦੀ ਪ੍ਰਧਾਨਗੀ ਕਰ ਰਹੇ ਗ਼ੈਰ ਸਾਹਿਤਕ ਰਾਜਨੀਤੀਵਾਨ ਬਾਰੇ ਜਦੋਂ ਸੰਗਠਨ ਦੇ ਹੀ ਮੈਂਬਰ ਤੋਂ ਪੁੱਛਿਆ ਕਿ ਇਸ ਬੰਦੇ ਨੂੰ ਪ੍ਰੋਗਰਾਮ ਦੀ ਪ੍ਰਧਾਨਗੀ ਲਈ ਕਿਉਂ ਬੁਲਾਇਆ? ਤਾਂ ਉਸ ਸੰਗਠਨ ਮੈਂਬਰ ਨੇ ਕਿਹਾ, "ਸਾਨੂੰ ਪੈਸੇ ਚਾਹੀਦੇ ਨੇ, ਆਵੇਗਾ ਤਾਂ ਕੁੱਝ ਦੇ ਕੇ ਹੀ ਜਾਵੇਗਾ।' ਸਾਹਿਤ ਦੇ ਸੰਗਠਨਾਂ ਦਾ ਅੱਜ ਇਹ ਹਾਲ ਹੈ।

## ਜੰਨਤ ਦੀ ਹਕੀਕਤ

ਅੱਜ ਸ਼ਾਇਦ ਹੀ ਕੋਈ ਕਵੀ ਕਸ਼ਮੀਰ ਦੀ ਧਰਤੀ ਨੂੰ ਸਵਰਗ ਕਹਿ ਰਿਹਾ ਹੋਵੇ। ਇਹ ਨਹੀਂ ਕਿ ਕਸ਼ਮੀਰ 'ਚ ਨਦੀਆਂ ਦਾ ਵਹਿਣ ਰੁਕ ਗਿਆ ਹੈ ਜਾਂ ਫੁੱਲ ਖਿੜਨੇ ਬੰਦ ਹੋ ਗਏ ਹਨ ਜਾਂ ਬਰਫ਼ ਪੈਣੋਂ ਰੁਕ ਗਈ ਹੈ ਜਾਂ ਧੁੱਪ ਨਿਕਲਣੀ ਬੰਦ ਹੋ ਗਈ ਹੈ। ਉਥੇ ਸਭ ਕੁੱਝ ਹੈ ਪਰ ਹੁਣ ਕਸ਼ਮੀਰ ਸਵਰਗ ਨਹੀਂ ਰਿਹਾ। ਇਸ ਤਰ੍ਹਾਂ ਦੀ ਕਿਹੜੀ ਗੱਲ ਹੈ ਜੋ ਕਸ਼ਮੀਰ ਨੂੰ ਨਰਕ ਬਣਾ ਰਹੀ ਹੈ। ਕਸ਼ਮੀਰ ਕਦੇ ਕਿਸੇ ਲਈ 'ਜੰਨਤੇ ਬੇਨਜ਼ੀਰ' ਸੀ, 'ਫ਼ਿਰਦੌਸ਼ ਬਰ ਰੂਏ ਅਸਤ' ਸੀ। ਪ੍ਰਕਿਰਤੀ ਨੇ ਜਿਸ ਨੂੰ ਬਹੁਤ ਕੁੱਝ ਦਿਤਾ ਪਰ ਅੱਜ ਇਹ ਬਾਰੂਦ ਦੀ ਗੰਧ ਨਾਲ ਭਰ ਗਿਆ ਹੈ। ਇਥੇ ਹੁਣ ਨਫ਼ਰਤ ਹੈ, ਅਨਿਸ਼ਚਤਤਾ ਹੈ, ਅਸੁਰੱਖਿਆ ਹੈ ਅਤੇ ਆਸ਼ੰਕਾ ਹੈ। ਪੂਰੇ ਕਸ਼ਮੀਰ 'ਚ ਇਸ ਸਮੇਂ ਹਰ ਥਾਂ ਫ਼ੌਜੀਆਂ ਦੇ ਬੰਕਰ ਬਣੇ ਹੋਏ ਹਨ। ਬੰਦੂਕਾਂ ਹਨ, ਡਰ ਹੈ, ਤਣਾਓ ਹੈ। ਹਰ ਚੀਜ਼ ਨੂੰ ਠੀਕ ਕਰਨ ਲਈ ਪੈਸਾ ਪਾਣੀ ਦੀ ਤਰ੍ਹਾਂ ਵਹਾਇਆ ਜਾ ਰਿਹਾ ਹੈ, ਅੱਜ ਕਸ਼ਮੀਰ ਦਾ ਨਾਂ ਵਿਕਦਾ ਹੈ, ਐਨ.ਜੀ.ਓ. ਖੁਲ੍ਹ ਗਏ ਹਨ। ਸੈਮੀਨਾਰ ਹੋ ਰਹੇ ਹਨ, ਫ਼ਿਲਮਾਂ ਬਣ ਰਹੀਆਂ ਹਨ, ਸੀਰੀਅਲ ਬਣ ਰਹੇ ਹਨ। ਅੱਜ ਪੂਰੀ ਘਾਟੀ 'ਚ ਪੱਥਰਬਾਜ਼ੀ ਸਮੂਹ ਪੈਦਾ ਹੋ ਗਏ ਹਨ। ਰਾਜਨੀਤਕ ਪਾਰਟੀਆਂ ਗੱਲ ਨੂੰ ਸਮਝਦੀਆਂ ਹੋਈਆਂ ਵੀ ਪਰਦਾ ਪਾ ਰਹੀਆਂ ਹਨ। ਪੱਥਰਬਾਜ਼ੀ ਸਮੂਹ ਜਹਾਦ ਦੀ ਨਵੀਂ ਰਣਨੀਤੀ ਨੂੰ ਪ੍ਰਗਟਾਉਂਦੇ ਹਨ। ਸਰਕਾਰ ਇਹ ਆਖ਼ਦੀ ਹੈ ਕਿ ਇਸ ਪਿੱਛੇ



'ਲਸ਼ਕਰ-ਏ-ਤੋਇਬਾ' ਦਾ ਹੱਥ ਹੈ। ਸੁਰੱਖਿਆ ਕਰਮੀਆਂ 'ਤੇ ਪੱਥਰ ਮਾਰੇ ਜਾਂਦੇ ਹਨ ਉਹ ਅੱਗੋਂ ਕਾਰਵਾਈ ਕਰਦੇ ਹਨ ਤਾਂ ਲੋਕ ਮਰਦੇ ਹਨ। ਹਿੰਸਾ ਹੋਰ ਭੜਕ ਰਹੀ ਹੈ, ਕੁੱਝ ਸੰਗਠਨ ਆਖਦੇ ਹਨ ਕਿ ਇਹ ਇਸਲਾਮ ਦੀ ਆਜ਼ਾਦੀ ਹੈ। ਅਸੀਂ ਪਾਕਿਸਤਾਨੀ ਹਾਂ, ਇਹ ਦੇਸ਼ ਬਟਵਾਰੇ ਦੀ ਅਧੂਰੀ ਜੰਗ ਹੈ। ਕਸ਼ਮੀਰ ਪਾਕਿਸਤਾਨ 'ਚ ਜਾਣਾ ਚਾਹੀਦਾ ਹੈ। ਅਮਰਨਾਥ ਯਾਤਰਾ ਬੰਦ ਹੋਣੀ ਚਾਹੀਦੀ ਹੈ। ਯਾਤਰੀਆਂ ਨਾਲ ਪ੍ਰਦੂਸ਼ਣ ਫੈਲਦਾ ਹੈ। ਕਸ਼ਮੀਰ 'ਚ ਸੈਨਾ ਹਟਾਉਣ ਦੀ ਮੰਗ ਜ਼ੋਰ ਫੜ ਰਹੀ ਹੈ। ਕਸ਼ਮੀਰ ਦਾ ਅਸਲੀ ਚਿਹਰਾ ਇਹ ਹੈ ਕਿ ਚੋਣਾਂ ਸਮੇਂ ਲੋਕਾਂ ਦੀ ਹਿੱਸੇਦਾਰੀ ਵੱਧ ਤੋਂ ਵੱਧ ਹੁੰਦੀ ਹੈ। ਲੋਕ ਹਿੱਸਾ ਇਸ ਲਈ ਲੈਂਦੇ ਹਨ ਕਿਉਂਕਿ ਉਹ ਸੜਕਾਂ, ਪਾਣੀ, ਬਿਜਲੀ ਅਤੇ ਜੀਵਨ ਸਹੂਲਤ ਦੀ ਗੱਲ ਕਰਦੇ ਹਨ ਨਾ ਕਿ ਕਸ਼ਮੀਰ ਸਮੱਸਿਆ ਦੇ ਹਲ ਲਈ ਚੋਣਾਂ 'ਚ ਹਿੱਸਾ ਲੈਂਦੇ ਹਨ। ਹਿੰਦੀ ਫ਼ਿਲਮ 'ਲਮਹਾ' 'ਚ ਕਸ਼ਮੀਰ ਦੇ ਹਾਲਤ ਬਾਰੇ ਇਕ ਡਾਇਲਾਗ ਹੈ, 'ਗਾਡ ਮੇਡ ਹੈਵੇਨ, ਮੈਨ ਕ੍ਰਿਏਟਿਡ ਹੈਲ' ਕਹਿਣ ਦਾ ਭਾਵ, ਖ਼ੁਦਾ ਨੇ ਇਸ ਨੂੰ ਸਵਰਗ ਬਣਾਇਆ ਤੇ ਇਨਸਾਨ ਨੇ ਨਰਕ ਬਣਾ ਦਿੱਤਾ।'

## ਗਾਵਾਂ ਹੁਣ ਵੱਛੇ ਨਹੀਂ ਜੰਮਣਗੀਆਂ



ਹੁਣ ਗਾਂ ਵੱਛੇ ਪੈਦਾ ਨਹੀਂ ਕਰੇਗੀ। ਕਦੇ ਇਹ ਸੂਚਨਾ ਮਿਲੀ ਸੀ ਕਿ ਮਾਵਾਂ ਪੁੱਤ ਹੀ ਜੰਮਣਗੀਆਂ, ਧੀਆਂ ਨਹੀਂ। ਪਰ ਹੁਣ ਇਸ ਗੱਲ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਗਾਵਾਂ ਸਿਰਫ਼ ਪੰਜਾਬ 'ਚ ਦਸ ਪ੍ਰਤੀਸ਼ਤ ਵੱਛੇ ਜੰਮਣਗੀਆਂ। ਇਕ ਪ੍ਰਸਿੱਧ ਅਮਰੀਕੀ ਕੰਪਨੀ ਨੇ ਅਜਿਹੀ ਸੂਈ ਤਿਆਰ ਕੀਤੀ ਹੈ ਜਿਸ ਨਾਲ ਵੱਛਾ ਪੈਦਾ ਕਰਨ ਵਾਲੇ 'ਵਾਈ' ਕ੍ਰੋਮੋਸੋਮ ਨੂੰ ਕੱਢ ਕੇ 'ਐਕਸ' ਕ੍ਰੋਮੋਸੋਮ ਨੂੰ ਰੱਖਿਆ ਜਾਂਦਾ ਹੈ। ਜਿਸ ਨਾਲ ਗਰਭ ਧਾਰਨ ਕਰਨ ਵਾਲੀਆਂ ਗਾਵਾਂ 85 ਤੋਂ 90 ਪ੍ਰਤੀਸ਼ਤ ਵੱਛੀਆਂ ਹੀ ਪੈਦਾ ਕਰਨਗੀਆਂ। ਇਸ ਤੋਂ ਪਹਿਲਾਂ ਦੁੱਧ ਵਧਾਉਣ ਦੀਆਂ ਕਈ ਦਵਾਈਆਂ ਤਾਂ ਆਮ ਸਨ ਪਰ ਖੇਤਾਂ 'ਚ ਬਲਦ ਦੀ ਅਲਵਿਦਾ ਤੋਂ ਬਾਅਦ ਇਹ ਸੋਚਿਆ ਗਿਆ ਕਿ ਹੁਣ ਵੱਛਿਆਂ ਦੀ ਕੀ ਲੋੜ ਹੈ? ਮਸ਼ੀਨਾਂ ਨਾਲ ਕੰਨਿਆਂ-ਭਰੂਣ ਦਾ ਪਤਾ ਕਰ ਕੇ ਗਰਭਪਾਤ ਕਰਵਾਉਣ ਦੇ ਇਨਸਾਨੀ ਚਲਨ ਤੋਂ ਵੀ ਜ਼ਿਆਦਾ ਖ਼ਤਰਨਾਕ ਇਹ ਕਦਮ ਹੈ। ਸਾਡੇ ਸਮਾਜ 'ਚ ਦਿਨੋ ਦਿਨ ਡਿੱਗ ਰਹੇ ਸੈਕਸ ਅਨੁਪਾਤ ਨਾਲ ਗੰਭੀਰ ਬੁਰਾਈਆਂ ਆ ਰਹੀਆਂ ਹਨ। ਪਰ ਹੁਣ ਗਾਂ ਤੇ ਬਲਦ ਵਿਚਕਾਰ ਅਨੁਪਾਤ ਡਿੱਗਣ ਦੇ ਜੈਨੇਟਿਕ ਬਦਲਾਓ ਨੂੰ ਕਈ ਲੋਕ ਉਪਯੋਗੀ ਮੰਨਣਗੇ। ਪਰ ਜਦੋਂ ਚੀਜ਼ਾਂ ਅਜਿਹੀ ਸਥਿਤੀ 'ਤੇ ਪਹੁੰਚ ਜਾਂਦੀਆਂ ਹਨ ਤਾਂ ਪੂਰੇ ਜੈਨੇਟਿਕ ਸਾਇੰਸ ਅਤੇ ਉਸ ਦੀ ਭੂਮਿਕਾ 'ਤੇ ਗੰਭੀਰ ਸੋਚਣ ਦੀ ਲੋੜ ਹੈ। ਦੂਜੀ ਗੱਲ ਇਹ ਹੈ ਕਿ ਪੂਰਾ ਦੇਸ਼ ਗਾਂ ਦੀ ਰੱਖਿਆ ਲਈ ਵਚਨਬੱਧ ਹੈ ਪਰ ਕੀ ਇਹ ਰੱਖਿਆ ਸਿਰਫ਼ ਸ਼ਹਿਰ ਦੀਆਂ ਥਾਵਾਂ 'ਤੇ ਕਬਜ਼ਾ ਕਰਨ ਤਕ ਹੀ ਸੀਮਿਤ ਹੈ ਕਿ ਗਊਸ਼ਾਲਾ ਖੋਲ੍ਹ ਕੇ ਜਗ੍ਹਾ 'ਤੇ ਕਬਜ਼ਾ ਕਰੋ। ਗਊ ਬਚਾਉ ਦੇਸ਼ ਬਚਾਉਣ ਦਾ ਨਾਅਰਾ ਹੁਣ ਸਿਰਫ਼ ਪ੍ਰਚਾਰ ਤਕ ਹੀ ਸੀਮਿਤ ਹੈ। ਗਊ ਸੇਵਾ 'ਚ ਹਰ ਵਰਗ ਵੱਧ-ਚੜ੍ਹ ਕੇ ਹਿੱਸਾ ਲੈਂਦਾ ਹੈ ਪਰ ਜੋ ਅਮਰੀਕੀ ਸਾਇੰਸ ਗਊ 'ਤੇ ਤਜਰਬਾ ਕਰ ਰਹੀ ਹੈ ਉਸ ਵਿਰੁਧ ਆਵਾਜ਼ ਕੌਣ ਬੁਲੰਦ ਕਰੇਗਾ, ਹੁਣੇ ਹੁਣੇ ਇਹ ਖ਼ਬਰ ਆਈ ਹੈ ਕਿ ਖਟਮਲਾਂ 'ਚ ਐਚ.ਆਈ.ਵੀ. ਏਡਜ਼ ਨਾਲ ਲੜਣ ਦੇ ਗੁਣ ਹਨ। ਕੁਦਰਤ ਨਾਲ ਜ਼ਰੂਰਤ ਤੋਂ ਜ਼ਿਆਦਾ ਛੇੜਖਾਨੀ ਆਪਣਾ ਰੰਗ ਦਿਖਾਵੇਗੀ। ਪ੍ਰਸਿੱਧ ਵਿਗਿਆਨਕ ਸਟੀਫ਼ਨ ਹਾਕਿੰਗ ਨੇ ਖ਼ੁਦਾ ਦੀ ਹੋਂਦ ਨੂੰ ਨਕਾਰਦਿਆਂ ਇਹ ਕਿਹਾ ਹੈ ਕਿ ਬ੍ਰਹਿਮੰਡ ਦੇ ਕਈ ਰਹੱਸ ਵਿਗਿਆਨੀਆਂ ਨੂੰ ਪਤਾ ਲੱਗੇ ਚੁੱਕੇ ਹਨ। ਕਿਸੇ ਵਿਅਕਤੀ ਜਾਂ ਕੰਪਨੀ ਦਾ ਲਾਲਚ ਪੂਰੀ ਮਾਨਵਜਾਤੀ ਨੂੰ ਸੰਕਟ 'ਚ ਪਾ ਸਕਦ ਹੈ।

## ਸਿੰਧੀ ਅਤੇ ਆਮ ਧਾਰਨਾ

ਖ਼ੁਸ਼ਵੰਤ ਸਿੰਘ ਇੱਕ ਥਾਂ ਲਿਖਦੇ ਹਨ ਕਿ ਇੱਕ ਬਹੁਤ ਹੀ ਸੁੰਦਰ ਸਿੰਧੀ ਲੜਕੀ ਜਿਸ ਦੀ ਹੁਣੇ ਹੁਣੇ ਇਕ ਸਰਦਾਰ ਨਾਲ ਸ਼ਾਦੀ ਹੋਈ ਸੀ, ਇੰਦਰਾ ਗਾਂਧੀ ਅੰਤਰਰਾਸ਼ਟਰੀ ਏਅਰਪੋਰਟ 'ਤੇ ਕਸਟਮ ਅਧਿਕਾਰੀਆਂ ਦੇ ਬੁਰੇ ਵਿਵਹਾਰ ਬਾਰੇ ਮੈਨੂੰ ਦੱਸ ਰਹੀ ਸੀ। ਉਹ ਯੂਰਪ ਦੀ ਸੈਰ ਕਰਨ ਗਈ ਸੀ, ਉਥੇ ਉਸ ਨੇ ਅਜਿਹਾ ਕੁੱਝ ਵੀ ਨਹੀਂ ਖ਼ਰੀਦਿਆ ਜਿਸ ਲਈ ਉਸ ਨੂੰ ਚੁੰਗੀ ਦੇਣੀ ਪਵੇ। ਲੇਕਿਨ ਉਸ ਦੇ ਸੂਟਕੇਸ 'ਤੇ ਵੱਡੇ ਵੱਡੇ ਅੱਖਰਾਂ ਨਾਲ ਲਿਖਿਆ ਹੋਇਆ ਸੀ : ਮਨਸੁਖਾਨੀ। ਇਹ ਵਿਆਹ ਤੋਂ ਪਹਿਲਾਂ ਉਸ ਦਾ ਉਪਨਾਂਅ ਸੀ। ਕਸਟਮ ਅਧਿਕਾਰੀ ਨੇ ਉਸ ਨੂੰ ਪੁੱਛਿਆ : "ਮੈਡਮ, ਤੁਹਾਡੇ ਪਾਸਪੋਰਟ 'ਤੇ ਤੁਹਾਡਾ ਉਪਨਾਂਅ ਸਿੰਘ ਹੈ ਅਤੇ ਸੂਟਕੇਸ 'ਤੇ ਮਨਸੁਖਾਨੀ ਲਿਖਿਆ ਹੋਇਆ ਹੈ। ਕੀ ਤੁਸੀਂ ਦੱਸੋਗੇ, ਅਜਿਹਾ ਕਿਉਂ? ਲੜਕੀ ਨੇ ਆਪਣਾ ਸੂਟਕੇਸ ਖੋਲ੍ਹਿਆ, ਉਸ ਵਿਚ ਅਜਿਹਾ ਕੁੱਝ ਵੀ ਨਹੀਂ ਸੀ ਜਿਸ ਲਈ ਉਸ ਨੂੰ ਚੂੰਗੀ ਦੇਣੀ ਪੈਂਦੀ। ਫਿਰ ਉਸ ਲੜਕੀ ਨੇ ਕਿਹਾ ਕਿ ਮੈਂ ਪਿਛਲੇ ਸਾਲ ਤਕ ਮਨਸੁਖਾਨੀ ਸੀ ਲੇਕਿਨ ਸ਼ਾਦੀ ਦੇ ਬਾਅਦ ਸਿੰਘ ਹੋ ਗਈ। ਉਸ ਲੜਕੀ ਨੇ ਇਸ ਘਟਨਾ ਨੂੰ ਯਾਦ ਰੱਖਿਆ। ਉਸ ਨੇ ਮੈਨੂੰ ਕਿਹਾ ਕਿ ਕਈਆਂ ਨੂੰ ਲਗਦਾ ਹੈ ਕਿ ਸਿੰਧੀ ਪੈਸਾ ਕਮਾਉਣ ਲਈ ਟੈਕਸ ਬਚਾਉਂਦੇ ਹਨ ਅਤੇ ਇਸ ਲਈ ਕੁੱਝ ਵੀ ਕਰ ਸਕਦੇ ਹਨ। ਪਰ ਮੈਂ ਸਿੰਧੀਆਂ ਨਾਲ ਜੁੜਿਆ ਆਪਣਾ ਅਨੁਭਵ ਸੁਣਾਇਆ। ਮੇਰੇ ਚਾਚਾ ਉੱਜਲ ਸਿੰਘ ਜਿਹੜੇ



ਕ੍ਰਾਂਤੀਪਾਲ

ਤਾਮਿਲਨਾਡੂ ਦੇ ਗਵਰਨਰ ਸਨ ਨੇ ਇੱਕ ਦਫਾ ਮੈਨੂੰ ਕਿਹਾ ਕਿ ਮੈਂ ਗੁਰੂਆਂ ਦੀਆਂ ਕੁੱਝ ਚੁਣੀਆਂ ਸ਼ਬਦ ਬਾਣੀਆਂ ਦੀ ਡਿਸਕ ਤਿਆਰ ਕਰਾਂ। ਉਹ ਗੁਰੂ ਗੋਬਿੰਦ ਸਿੰਘ ਫ਼ਾਊਂਡੇਸ਼ਨ ਦੇ ਚੇਅਰਮੈਨ ਸਨ। ਮੇਰੀ ਦੋਸਤ ਨਿਰਮਲਾ ਮੈਥਯੂ ਜਿਹੜੀ ਕੱਟੜ ਕੈਥੋਲਿਕ ਸੀ, ਨੇ ਸਕ੍ਰਿਪਟ ਪੜ੍ਹੀ। ਉਸ ਨੇ ਮੇਰੇ ਲਈ ਕੰਮ ਕੀਤਾ ਤੇ ਪੈਸੇ ਲੈਣ ਲਈ ਮਨ੍ਹਾ ਕਰ ਦਿੱਤਾ। ਮੈਂ ਸਿੰਧੀਆਂ ਅਤੇ ਸਿੱਖਾਂ ਦੇ ਰਾਗੀ ਜੱਥਿਆਂ ਨੂੰ ਵੀ ਸ਼ਬਦ ਬਾਣੀ ਗਾਉਣ ਲਈ ਕਿਹਾ। ਸਿੰਧੀਆਂ ਨੇ ਵੀ ਕੋਈ ਪੈਸਾ ਨਹੀਂ ਲਿਆ। ਆਉਣ ਜਾਣ ਦਾ ਕਿਰਾਇਆ ਵੀ ਨਹੀਂ ਲਿਆ ਪਰ ਸਿੱਖਾਂ ਦੇ ਰਾਗੀ ਜੱਥਿਆਂ ਨੇ ਮੇਰੇ ਕੋਲੋਂ ਪੈਸੇ ਲਏ ਅਤੇ ਇਸ ਸ਼ਰਤ 'ਤੇ ਕਿ ਨਕਦ ਚਾਹੀਦੇ ਹਨ, ਚੈੱਕ ਨਹੀਂ ਚੱਲਣਗੇ। ਜਦੋਂ ਮੈਂ ਇਸ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਮੈਨੂੰ ਕਿਹਾ ਕਿ ਉਨ੍ਹਾਂ ਨੂੰ ਚੈੱਕ 'ਤੇ ਇਨਕਮ ਟੈਕਸ ਦੇਣਾ ਪੈਂਦਾ ਹੈ।

## ਡਰੀਆਂ ਹੋਈਆਂ ਲੜਕੀਆਂ

ਇਹ ਗੱਲ ਚਿੰਤਾਜਨਤਕ ਹੈ ਕਿ ਦੇਸ਼ ਦੇ ਮਹਾਂਨਗਰਾਂ ਅਤੇ ਸ਼ਹਿਰਾਂ 'ਚ 77 ਪ੍ਰਤੀਸ਼ਤ ਲੜਕੀਆਂ ਛੇੜਖਾਨੀ ਦੇ ਡਰ ਤੋਂ ਚਿੰਤਾ 'ਚ ਰਹਿੰਦੀਆਂ ਹਨ। ਗ਼ੈਰ ਸਰਕਾਰੀ ਸੰਗਠਨ 'ਪਲਾਨ ਇੰਡੀਆ' ਦੇ ਇਕ ਸਰਵੇਖਣ ਮੁਤਾਬਕ 69 ਪ੍ਰਤੀਸ਼ਤ ਲੜਕੀਆਂ ਸ਼ਹਿਰਾਂ 'ਚ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਮੰਨਦੀਆਂ। ਇਹ ਰਾਏ ਹਰ ਵਰਗ ਨਾਲ ਸਬੰਧਤ ਲੜਕੀਆਂ ਦੀ ਹੈ। ਭਾਵੇਂ ਸਾਡੀ ਸੁਰੱਖਿਆ ਲਈ ਪੁਲਿਸ ਵੱਡੇ



ਵੱਡੇ ਦਾਅਵੇ ਕਰਦੀ ਹੈ ਪਰ ਲੜਕੀਆਂ ਨਾਲ ਕੀਤੀ ਛੇੜ-ਛਾੜ ਚਿੰਤਾ ਦਾ ਵਿਸ਼ਾ ਹੈ। ਇਕ ਆਧੁਨਿਕ ਸਮਾਜ ਦੀ ਪਛਾਣ ਇਸ ਗੱਲ ਤੋਂ ਹੁੰਦੀ ਹੈ ਕਿ ਉਥੇ ਔਰਤਾਂ ਆਪਣੇ ਆਪ ਨੂੰ ਕਿੰਨੀਆਂ ਕੁ ਸੁਰੱਖਿਅਤ ਮਹਿਸੂਸ ਕਰਦੀਆਂ ਹਨ। ਇਸ ਨਜ਼ਰੀਏ ਤੋਂ ਦੇਖੀਏ ਤਾਂ ਅੰਦਾਜ਼ਾ ਲਗਦਾ ਹੈ ਕਿ ਸਾਡੇ ਸ਼ਹਿਰ ਆਧੁਨਿਕ ਕਹਾਉਣ ਦੇ ਨਾਲ ਨਾਲ ਬਹੁਤ ਪਿੱਛੇ ਹਨ। ਛੇੜਖਾਨੀ ਤੇ ਸੈਕਸ ਅਪਰਾਧ ਦਾ ਹੋਣਾ ਇਸ ਗੱਲ ਦਾ ਸੰਕੇਤ ਹੈ। ਅੱਜ ਵੀ 'ਔਰਤ ਮਰਦ' ਦੇ ਰਿਸ਼ਤੇ ਨੂੰ ਲੈ ਕੇ ਸਹਿਜਤਾ ਦੀ ਕਮੀ ਹੈ। ਸਾਮੰਤੀ ਯੁਗ 'ਚ ਔਰਤ-ਮਰਦ ਦਾ ਰਿਸ਼ਤਾ ਗ਼ੈਰ ਬਰਾਬਰੀ ਦਾ ਸੀ। ਇਸੇ ਕਰ ਕੇ ਉਨ੍ਹਾਂ ਵਿਚ ਆਪਸੀ ਸੰਵਾਦ ਵੀ ਘੱਟ ਹੀ ਹੁੰਦਾ ਸੀ। ਲੇਕਿਨ ਜਿਵੇਂ ਜਿਵੇਂ ਸਮਾਜ ਬਦਲਦਾ ਗਿਆ ਔਰਤ ਨੂੰ ਅੱਗੇ ਵਧਣ ਦੇ ਮੌਕੇ ਮਿਲੇ। ਹੌਲੀ ਹੌਲੀ ਉਨ੍ਹਾਂ ਪ੍ਰਤੀ ਨਜ਼ਰੀਏ 'ਚ ਤਬਦੀਲੀ ਆਈ ਅਤੇ ਔਰਤ-ਮਰਦ ਸਬੰਧਾਂ ਦਾ ਤਾਣਾ ਬਾਣਾ ਵੀ ਬਦਲਿਆ। ਪਿੰਡਾਂ ਦੇ ਮੁਕਾਬਲੇ ਸ਼ਹਿਰ-ਮਹਾਂਨਗਰ 'ਚ ਔਰਤ ਨੂੰ ਜ਼ਿਆਦਾ ਆਜ਼ਾਦੀ ਮਿਲੀ। ਸਿੱਖਿਆ ਅਤੇ ਰੋਜ਼ੀ-ਰੁਜ਼ਗਾਰ ਦੇ ਮੌਕੇ ਜ਼ਿਆਦਾ ਮਿਲੇ ਪਰ ਮਰਦ ਮਾਨਸਿਕਤਾ ਅੱਜ ਵੀ ਸਾਮੰਤੀ ਕੀਮਤਾਂ 'ਤੇ ਪਹਿਰ ਦੇ ਰਹੀ ਹੈ। ਸੈਕਸ ਅਪਰਾਧ ਉਸੇ ਯੁੱਗ ਦੀ ਪ੍ਰਵਿਰਤੀ ਹੈ। ਪੁਲਿਸ ਪ੍ਰਸ਼ਾਸਨ 'ਚ ਵੀ 'ਮਰਦਵਾਦ' ਹਾਵੀ ਹੈ। ਔਰਤਾਂ ਨਾਲ ਹੋ ਰਹੇ ਅਪਰਾਧ ਨੂੰ ਆਮ ਤੌਰ 'ਤੇ ਪੁਲਿਸ ਗੰਭੀਰਤਾ ਨਾਲ ਨਹੀਂ ਲੈਂਦੀ। ਔਰਤਾਂ ਆਵਾਜ਼




Alberta Mortgage Centre

Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed

For FREE Consultation, please call
(780)479-2222

# 78, 4003-98 Street, Edmonton, AB www.albertamortgagecentre.com

Anuj Gupta
AMP, B.Com.
Associate Broker



Krishna(KK)Gupta, AMP
"Experienced, Knowledgeable, Committed"
Serving the Community Since 1999

CAAMP ACCHA · AXIOM · AMBA · BBB · think MORTGAGE think AMP

ਉਠਾਉਣ 'ਚ ਵੀ ਪਿੱਛੇ ਹਨ। ਉਹ ਜੇਕਰ ਅਜਿਹਾ ਕਰਨਗੀਆਂ ਤਾਂ ਹੋਰ ਮੁਸੀਬਤ 'ਚ ਪੈ ਜਾਣਗੀਆਂ। ਅਸੀਂ 21ਵੀਂ ਸਦੀ 'ਚ ਜੀਅ ਰਹੇ ਹਾਂ ਪਰ ਸਾਡੀਆਂ ਸੜਕਾਂ 'ਤੇ ਲੜਕੀਆਂ ਬੇਖ਼ੌਫ਼ ਚੱਲ ਵੀ ਨਹੀਂ ਸਕਦੀਆਂ।

### ਭੁੱਖ ਦੀ ਕੀਮਤ

ਅਸੀਂ ਹਰ ਸਾਲ ਆਜ਼ਾਦੀ ਦੇ ਜਸ਼ਨ ਮਨਾਉਂਦੇ ਹਾਂ ਪਰ ਅਫ਼ਸੋਸ ਐਨੇ ਸਾਲਾਂ 'ਚ ਅਸੀਂ ਹੁਣ ਤਕ ਆਪਣਾ ਅਨਾਜ ਬਰਬਾਦ ਹੋਣ ਤੋਂ ਨਹੀਂ ਬਚਾ ਸਕੇ। ਇਹ ਦੂਜੀ ਗੱਲ ਹੈ ਕਿ ਅਨਾਜ ਦੇ ਮਹੱਤਵ ਨੂੰ ਕੌਣ ਸਮਝਦਾ ਹੈ? ਸਾਡਾ ਦੇਸ਼ ਆਖਦਾ ਹੈ ਕਿ ਅਨਾਜ ਦੀ ਕੋਈ ਕਮੀ ਨਹੀਂ ਲੇਕਿਨ ਇਕ ਆਵਾਜ਼ ਇਹ ਵੀ ਉੱਭਰ ਰਹੀ ਹੈ ਕਿ ਭੁੱਖ ਨਾਲ ਮਰਨ ਵਾਲਿਆਂ ਦੀ ਗਿਣਤੀ ਦਿਨੋ ਦਿਨ ਵਧਦੀ ਜਾ ਰਹੀ ਹੈ। ਦੇਸ਼ ਦੇ ਕਈ ਹਿੱਸਿਆਂ ਵਿਚ ਹੜ੍ਹ ਆਉਣ ਕਰ ਕੇ ਮਜ਼ਦੂਰਾਂ ਨੂੰ ਮਜ਼ਦੂਰੀ ਨਹੀਂ ਮਿਲੀ। ਪਰ ਇਸ ਦੇਸ਼ 'ਚ ਉਨ੍ਹਾਂ ਨੂੰ ਢਿੱਡ ਭਰ ਕੇ ਰੋਟੀ ਵੀ ਨਹੀਂ ਮਿਲੀ। ਅਨਾਜ ਪਿਆ ਪਿਆ ਸੜ ਗਿਆ ਇਹ ਭੁੱਖਿਆਂ ਲਈ ਕਿਸੇ 'ਹਾਦਸੇ' ਨਾਲੋਂ ਘੱਟ ਨਹੀਂ ਹੈ। ਇਸ ਦੇ ਨਾਲ ਹੀ ਇਹ ਗੱਲ ਵੀ ਉੱਭਰੀ ਹੈ ਕਿ ਸੜ ਰਿਹਾ ਅਨਾਜ ਗ਼ਰੀਬਾਂ 'ਚ ਵੰਡਿਆ ਤਾਂ ਨਹੀਂ ਜਾਂਦਾ ਪਰ ਉਸ ਨੂੰ ਚੋਰੀ ਕਰਨ ਦੇ ਜੁਰਮ 'ਚ ਗਰੀਬਾਂ ਨੂੰ ਗ੍ਰਿਫ਼ਤਾਰ ਜ਼ਰੂਰ ਕੀਤਾ ਜਾਂਦਾ ਹੈ। ਸਾਡੇ ਸਾਹਿਤ 'ਚ ਭੋਜਨ ਨੂੰ ਕੇਂਦਰ ਰੱਖ ਕੇ ਗੀਤ ਤਿਆਰ ਕੀਤੇ ਗਏ ਹਨ। ਇਸੇ ਤਰ੍ਹਾਂ ਮਰਾਠੀ, ਗੁਜਰਾਤੀ ਤੇ ਹਿੰਦੀ ਦਲਿਤ ਸਾਹਿਤ 'ਚ ਭੁੱਖ ਅਤੇ ਗਰੀਬੀ ਦੇ ਕਈ ਪ੍ਰਸੰਗ ਮਿਲ ਜਾਂਦੇ ਹਨ। ਕਈ ਵਾਰ ਭੁੱਖ ਅਪਰਾਧਾਂ ਨੂੰ ਜਨਮ ਦਿੰਦੀ ਹੈ। ਭੁੱਖ ਤੇ ਗਰੀਬੀ ਨੂੰ ਦਰਸਾਉਂਦੀਆਂ ਆਤਮ-ਕਥਾਵਾਂ ਵੀ ਆਈਆਂ ਹਨ। ਓਮ ਪ੍ਰਕਾਸ਼ ਬਾਲਮੀਕੀ ਦੀ ਆਤਮ ਕਥਾ ਦਾ ਤਾਂ ਨਾ ਹੀ 'ਜੂਠ' ਹੈ। ਲੋਕਾਂ ਦਾ ਬਚਿਆ ਹੋਇਆ ਖਾਣਾ ਖਾਣ ਲਈ ਮਜਬੂਰ ਲੋਕਾਂ ਲਈ 'ਆਜ਼ਾਦੀ' ਕਿਸ ਤਰ੍ਹਾਂ ਦੀ ਹੈ? ਸਾਮਰਾਜਵਾਦੀ ਦੇਸ਼ ਕੁੱਝ ਖਾਸ ਸਮੱਗਰੀ ਨੂੰ ਇਸ ਕਰ ਕੇ ਸਮੁੰਦਰ 'ਚ ਸੁੱਟ ਦਿੰਦੇ ਹਨ ਕਿ ਇਸ ਦੀ ਥੁੜ੍ਹ ਕਾਰਨ ਉਹ ਚੀਜ਼ ਮਾਰਕੀਟ 'ਚ ਮਹਿੰਗੀ ਹੋ ਜਾਵੇ। ਕੀ ਸਾਡਾ ਦੇਸ਼ ਵੀ ਉਸੇ ਰਸਤੇ 'ਤੇ ਚਲ ਰਿਹਾ ਹੈ? ਕੀ ਭੁੱਖ ਦੇ ਅਰਥ ਸਿਰਫ਼ ਗਰੀਬੀ ਨਾਲ ਜੁੜੇ ਹੋਏ ਹਨ। 'ਲੋਕ' ਜਿਹੜੇ ਸਰਕਾਰਾਂ ਲਈ ਆਪਣੇ ਪ੍ਰਤੀਨਿਧ ਚੁਣ ਕੇ ਭੇਜਦੇ ਹਨ ਉਨ੍ਹਾਂ ਨੂੰ ਐਨਾ ਤਾਂ ਕਹਿ ਹੀ ਸਕਦੇ ਹਨ ਕਿ ਭਾਈ ਘੱਟੋ ਘੱਟ ਜੇ ਤੁਸੀਂ ਪੰਜ ਸਾਲ ਕੋਈ ਕੰਮ ਨਹੀਂ ਕਰਨਾ ਤਾਂ ਰੱਬ ਦੇ ਵਾਸਤੇ ਐਨਾ ਹੀ ਕਰ ਦਿਉ ਕਿ ਅੰਨਦਾਤੇ ਦਾ ਅਨਾਜ ਨਾ ਸੜੇ। ਅਜਿਹਾ ਹੋਣ ਨਾਲ ਘੱਟੋ ਘੱਟ ਉਸ ਅਖ਼ੀਰੀ ਵਿਅਕਤੀ ਦੀ ਜਾਨ ਤਾਂ ਬਚਾਈ ਜਾ ਸਕਦੀ ਹੈ ਜਿਹੜਾ ਭੋਜਨ ਦਾ ਅਧਿਕਾਰ ਰੱਖਦੇ ਹੋਏ ਭੁੱਖ ਦੇ ਕਾਰਨ ਆਤਮ ਹੱਤਿਆ ਕਰ ਲੈਂਦਾ ਹੈ।

### ਆਖ਼ਰ ਇਹ ਦੇਸ਼ ਕਿਸ ਦਾ ਹੈ?

ਕਦੇ-ਕਦੇ ਇਹ ਗੱਲ 'ਖਾਸ' ਰੂਪ ਧਾਰਨ ਕਰ ਜਾਂਦੀ ਹੈ ਕਿ ਇਹ ਦੇਸ਼ ਕਿਸ ਦਾ ਹੈ? ਕੀ ਇਹ ਉਨ੍ਹਾਂ ਲੋਕਾਂ ਦਾ ਹੈ ਜਿਹੜੇ ਉੱਚੀਆਂ ਉੱਚੀਆਂ ਇਮਾਰਤਾਂ 'ਚ ਰਹਿ ਰਹੇ ਹਨ ਅਤੇ ਦੇਸ਼ ਦਾ ਵਿਕਾਸ ਵੇਖ ਕੇ ਗਦਗਦ ਹੋ ਉਠਦੇ ਹਨ? ਜਾਂ ਉਨ੍ਹਾਂ ਦਾ ਜਿਹੜੇ ਜੰਗਲਾਂ ਅਤੇ ਪਿੰਡਾਂ ਵਿਚ ਆਪਣੀਆਂ ਢਹਿ ਰਹੀਆਂ ਝੌਂਪੜੀਆਂ 'ਚ ਰਹਿੰਦੇ ਹਨ? ਕੀ ਇਹ ਉਨ੍ਹਾਂ ਦਾ ਹੈ ਜਿਨ੍ਹਾਂ ਦਾ ਦੇਸ਼ ਦੀ 80 ਪ੍ਰਤੀਸ਼ਤ ਦੌਲਤ 'ਤੇ ਕਬਜ਼ਾ ਹੈ ਅਤੇ ਜਿਹੜੇ ਦੇਸ਼ ਦੀ ਇਕ ਇਕ ਇੰਚ ਜ਼ਮੀਨ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ? ਜਾਂ ਕੀ ਉਨ੍ਹਾਂ ਦਾ ਜਿਹੜੇ ਆਪਣੀ ਝੌਂਪੜੀ ਦੀ ਥਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਕਰਕੇ ਨਕਸਲੀ ਕਹਿ ਕੇ ਮਾਰ ਦਿੱਤੇ ਜਾਂਦੇ ਹਨ। ਜੇਕਰ ਆਬਾਦੀ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਕੀ ਇਹ ਦੇਸ਼ ਬਹੁ-ਸੰਖਿਅਕ ਹਿੰਦੂਆਂ ਦਾ ਹੈ? ਜੇਕਰ ਹਾਂ ਤਾਂ ਕਿਹੜੇ ਹਿੰਦੂਆਂ ਦਾ? ਅਮੀਰ ਹਿੰਦੂਆਂ ਦਾ ਜਾਂ ਗਰੀਬ ਹਿੰਦੂਆਂ ਦਾ? ਉਨ੍ਹਾਂ ਹਿੰਦੂਆਂ ਦਾ ਜਿਨ੍ਹਾਂ ਲਈ 'ਹਿੰਦੂ' ਵਿਸ਼ਵ ਦਾ ਸਰਵਸ੍ਰੇਸ਼ਠ ਧਰਮ ਹੈ ਜਾਂ ਉਨ੍ਹਾਂ ਦਾ ਜਿਨ੍ਹਾਂ ਲਈ ਰੋਟੀ ਹੀ ਸਭ ਤੋਂ ਵੱਡਾ ਧਰਮ ਹੈ। ਜਾਂ ਉਨ੍ਹਾਂ ਦਾ ਜਿਨ੍ਹਾਂ ਲਈ ਸਭ ਤੋਂ ਵੱਡਾ ਸੁਪਨਾ ਅਯੁੱਧਿਆ 'ਚ ਰਾਮ ਮੰਦਰ ਦਾ ਬਨਾਉਣਾ ਹੈ? ਕੀ ਇਹ ਦੇਸ਼ ਮੁਸਲਮਾਨਾਂ ਦਾ ਹੈ? ਜੇਕਰ ਹਾਂ ਤਾਂ ਕਿਹੜੇ ਮੁਸਲਮਾਨਾਂ ਦਾ? ਕੀ ਉਨ੍ਹਾਂ ਦਾ ਜਿਹੜੇ ਇਸਲਾਮ ਦੇ ਨਾਂਅ 'ਤੇ ਹਿੰਦੁਸਤਾਨ ਤੋਂ ਉਪਰ ਪਾਕਿਸਤਾਨ ਨੂੰ ਰੱਖਦੇ ਹਨ ਜਾਂ ਉਨ੍ਹਾਂ ਦਾ ਜਿਨ੍ਹਾਂ ਤੋਂ ਉਨ੍ਹਾਂ ਦੇ ਇਸਲਾਮੀ ਨਾਂ ਦੇ ਕਾਰਨ ਹਰ ਕਦਮ 'ਤੇ ਭਾਰਤੀ ਹੋਣ ਦਾ ਸਰਟੀਫ਼ਿਕੇਟ ਮੰਗਿਆ ਜਾਂਦਾ ਹੈ? ਆਖ਼ਰ ਇਹ ਦੇਸ਼ ਕਿਸ ਦਾ ਹੈ? ਉੱਤਰ ਭਾਰਤ ਦੇ ਮੁੱਠੀ ਭਰ ਲੋਕਾਂ ਦਾ, ਜਿਨ੍ਹਾਂ ਨੇ ਹਿੰਦੀ ਨੂੰ ਹਿੰਦੂ ਅਤੇ ਹਿੰਦੁਸਤਾਨ ਨਾਲ ਜੋੜ ਕੇ ਬਾਕੀ ਭਾਸ਼ਾਵਾਂ ਨੂੰ ਮਤਰੇਈਆਂ ਭੈਣਾਂ ਦਾ ਦਰਜਾ ਦਿੱਤਾ ਹੈ। ਜਾਂ ਉਨ੍ਹਾਂ ਦਾ ਜਿਹੜੇ ਕਸ਼ਮੀਰ ਤੋਂ ਕੰਨਿਆ ਕੁਮਾਰੀ ਅਤੇ ਅਸਾਮ ਤੋਂ ਮਹਾਂਰਾਸ਼ਟਰ ਤਕ ਤਰ੍ਹਾਂ ਤਰ੍ਹਾਂ ਦੀਆਂ ਬੋਲੀਆਂ ਬੋਲਦੇ ਹਨ ਅਤੇ ਹਿੰਦੀ ਦੇ ਭਾਰੀ ਬੋਝ ਤੋਂ ਖ਼ੁਦ ਨੂੰ ਬਚਾਉਣ ਲਈ ਹਮੇਸ਼ਾ ਚਿੰਤਾ 'ਚ ਰਹਿੰਦੇ ਹਨ, ਉਨ੍ਹਾਂ ਦਾ ਜੋ ਮਹਿੰਗੇ ਸਕੂਲ/ਕਾਲਜ 'ਚ ਪੜ੍ਹ ਕੇ ਫ਼ਰ੍ਹਾਟੇਦਾਰ ਅੰਗਰੇਜ਼ੀ ਬੋਲਦੇ ਹਨ ਜਾਂ ਉਨ੍ਹਾਂ ਦਾ ਜਿਹੜੇ ਸਰਕਾਰੀ ਸਕੂਲਾਂ 'ਚ ਪੜ੍ਹ ਕੇ ਇਕ ਛੋਟੀ ਜਿਹੀ ਨੌਕਰੀ ਦੇ ਲਈ ਦਰਖਾਸਤ 'ਤੇ ਦਰਖਾਸਤ ਜਮ੍ਹਾਂ ਕਰਵਾਉਂਦੇ ਰਹਿੰਦੇ ਹਨ। ਇਹ ਦੇਸ਼ ਕਿਸ ਦਾ ਹੈ? ਉਨ੍ਹਾਂ ਦਾ ਜੋ ਇਕ ਫ਼ਿਲਮ ਲਈ ਕਰੋੜਾਂ ਵਸੂਲਦੇ ਹਨ ਜਾਂ ਉਨ੍ਹਾਂ ਦਾ ਜਿਹੜੇ ਇਨ੍ਹਾਂ ਨੂੰ ਪਰਦੇ 'ਤੇ ਵੇਖ ਕੇ ਆਪਣੀ ਵੀ ਕਿਸਮਤ ਕਿਸੇ ਦਿਨ ਬਦਲਣ ਦਾ ਝੂਠਾ ਸੁਪਨਾ ਬੁਣਦੇ ਹਨ? ਜਾਂ ਉਨ੍ਹਾਂ ਦਾ ਜੋ ਗੋਰਾ ਹੋਣ ਦੀਆਂ ਕਰੀਮਾਂ ਵੇਚ ਕੇ ਅਰਬਪਤੀ ਬਣ ਗਏ? ਕੀ ਇਹ ਦੇਸ਼ ਉਨ੍ਹਾਂ ਹੈ ਜੋ ਮਜ਼ਦੂਰ/ਕਿਸਾਨ/ਜਨਤਾ ਦੇ ਨਾਂ 'ਤੇ ਵੋਟ ਮੰਗਦੇ ਹਨ ਪਰ ਸੰਸਦ 'ਚ ਜਾ ਕੇ ਧੰਦੇਬਾਜ਼/ਤਸਕਰ ਅਤੇ ਮਾਫ਼ੀਆ ਗਰੁੱਪਾਂ ਨਾਲ ਜਾ ਜੁੜਦੇ ਹਨ। ਆਖ਼ਰ ਇਹ ਦੇਸ਼ ਕਿਸ ਦਾ ਹੈ? ਸ਼ਾਇਦ ਤੁਹਾਨੂੰ ਪਤਾ ਹੋਵੇ!

### ਨੀਲੇ ਸੋਨੇ 'ਤੇ ਕਾਰੋਬਾਰੀਆਂ ਦੀ ਨਜ਼ਰ

ਦੁਨੀਆ ਵਿਚ ਤਾਜ਼ੇ ਪਾਣੀ ਦੀ ਕੁੱਲ ਪੂਰਤੀ ਦਾ ਵੀਹ ਪ੍ਰਤੀਸ਼ਤ ਹਿੱਸਾ ਉਦਯੋਗ ਚੂਸ ਰਹੇ ਹਨ ਅਤੇ ਇਹ ਮੰਗ ਦਿਨੋ ਦਿਨ ਵਧਦੀ ਜਾ ਰਹੀ ਹੈ। ਤੇਜ਼ੀ ਨਾਲ ਵੱਧ ਰਹੇ ਕਈ ਉਦਯੋਗ ਪਾਣੀ ਦੀ ਭਾਰੀ ਖਪਤ ਕਰਦੇ ਹਨ। ਜਿਵੇਂ ਅਮਰੀਕੀ ਕੰਪਿਊਟਰ ਉਦਯੋਗ ਸਾਲ 'ਚ 396 ਅਰਬ ਲੀਟਰ ਪਾਣੀ ਪੀ ਜਾਂਦੇ ਹਨ। ਪਾਣੀ ਦੀ ਸੱਭ ਤੋਂ ਵੱਧ ਖਪਤ ਸਿੰਜਾਈ 'ਚ ਹੁੰਦੀ ਹੈ। ਇਨਸਾਨ ਕੁਲ ਜਿੰਨਾ ਪਾਣੀ ਇਸਤੇਮਾਲ ਕਰਦਾ ਹੈ ਉਸ ਦਾ 69 ਪ੍ਰਤੀਸ਼ਤ ਹਿੱਸਾ ਸਿੰਜਾਈ 'ਚ ਲਗਦਾ ਹੈ। ਉਦਯੋਗਿਕ ਕੰਪਨੀਆਂ ਦੀ ਖੇਤੀ 'ਚ ਦਿਨੋ ਦਿਨ ਪਾਣੀ ਦੀ ਖਪਤ ਵਧਦੀ ਜਾ ਰਹੀ ਹੈ। ਜੰਗਲਾਂ ਦਾ ਵਿਨਾਸ਼, ਕੀੜੇਮਾਰ ਦਵਾਈਆਂ ਦੀ ਭਰਮਾਰ ਅਤੇ ਪ੍ਰਦੂਸ਼ਣ ਦੇ ਪ੍ਰਭਾਵ ਕਾਰਨ ਪ੍ਰਿਥਵੀ ਦੀ ਨਾਜ਼ੁਕ ਜਲ ਪ੍ਰਣਾਲੀ ਖਤਰੇ 'ਚ ਹੈ। ਦੁਨੀਆ 'ਚ ਸਾਫ਼ ਪਾਣੀ ਦੀ ਕਮੀ ਹੋ ਰਹੀ ਹੈ। 2025 'ਚ ਵਿਸ਼ਵ ਦੀ ਆਬਾਦੀ 2.6 ਅਰਬ, ਅੱਜ ਦੀ ਤੁਲਨਾ 'ਚ ਜ਼ਿਆਦਾ ਹੋ ਜਾਵੇਗੀ। ਇਸ ਆਬਾਦੀ ਦੇ ਦੋ ਤਿਹਾਈ ਲੋਕਾਂ ਦੇ ਸਾਹਮਣੇ ਪਾਣੀ ਦਾ ਗੰਭੀਰ ਸੰਕਟ ਹੋਵੇਗਾ ਅਤੇ ਇਕ ਤਿਹਾਈ ਤਾਂ ਪਤਾ ਹੀ ਨਹੀਂ ਕੀ ਕਰਨਗੇ? ਹੁਣ ਇਸ ਤਰ੍ਹਾਂ ਦੇ ਹਾਲਾਤ ਵੇਖ ਕੇ ਬਹੁਰਾਸ਼ਟਰੀ ਕੰਪਨੀਆਂ ਦੀ ਰੁਚੀ ਪਾਣੀ ਤੋਂ ਮੁਨਾਫ਼ਾ ਕਮਾਉਣ ਦੀ ਹੈ। ਵਿਸ਼ਵ ਬੈਂਕ ਮੁਤਾਬਕ ਪਾਣੀ ਉਦਯੋਗ ਇਕ ਖਰਬ ਡਾਲਰ ਤਕ ਪਹੁੰਚ ਗਿਆ ਹੈ। ਪਾਣੀ



ਇੱਕੀਵੀਂ ਸਦੀ ਦਾ 'ਨੀਲਾ ਸੋਨਾ' ਬਣ ਗਿਆ ਹੈ। ਪਾਣੀ ਲਈ ਜਿਥੇ ਚਾਰੇ ਪਾਸੇ ਲੁੱਟ ਮਾਰ ਮਚੀ ਹੋਈ ਹੈ ਉਥੇ ਸੰਯੁਕਤ ਰਾਸ਼ਟਰ ਨੇ ਸਾਫ਼ ਪਾਣੀ ਅਤੇ ਸਫ਼ਾਈ ਨੂੰ ਬੁਨਿਆਦੀ ਅਧਿਕਾਰ ਮੰਨ ਲਿਆ ਹੈ। ਪਾਣੀ ਇਸ ਤਰ੍ਹਾਂ ਦੀ ਚੀਜ਼ ਬਣ ਗਿਆ ਹੈ ਕਿ ਦੁਨੀਆ 'ਚ ਹਰ ਅੱਠਵੇਂ ਆਦਮੀ ਨੂੰ ਪੀਣ ਦਾ ਪਾਣੀ ਨਹੀਂ ਮਿਲਦਾ। ਹਰ ਰੋਜ਼ ਔਰਤਾਂ ਨੂੰ ਵੀਹ ਕਰੋੜ ਘੰਟੇ ਪਾਣੀ ਇਕੱਠਾ ਕਰਨ ਅਤੇ ਉਸ ਨੂੰ ਘਰ ਲਿਆਉਣ 'ਚ ਲੱਗ ਜਾਂਦੇ ਹਨ। ਦੁਨੀਆਂ ਦੀ ਆਬਾਦੀ ਦੇ 40 ਪ੍ਰਤੀਸ਼ਤ ਲੋਕ ਪਾਣੀ ਦੀ ਕਮੀ ਦੀ ਤ੍ਰਾਸਦੀ ਝੱਲ ਰਹੇ ਹਨ। 'ਵਿਸ਼ਵ ਸਾਹਿਤ ਸੰਗਠਨ' ਅਤੇ 'ਯੂਨਿਸਫ਼' ਅਨੁਸਾਰ ਹਰ ਰੋਜ਼ ਵਿਕਾਸਸ਼ੀਲ ਦੇਸ਼ਾਂ 'ਚ 24 ਹਜ਼ਾਰ ਬੱਚੇ ਦੂਸ਼ਿਤ ਪਾਣੀ ਦੇ ਸੇਵਨ ਕਾਰਨ ਡਾਈਰੀਆ ਜਿਹੀ ਬੀਮਾਰੀ ਨਾਲ ਮਰ ਜਾਂਦੇ ਹਨ। ਹਰ ਸਾਢੇ ਤਿੰਨ ਸਕਿੰਟ ਚ ਸਾਡੇ 'ਇੱਕ-ਦੋ-ਤਿੰਨ' ਬੋਲਣ 'ਤੇ ਇੱਕ ਬੱਚਾ ਜਲਜਨਿਤ ਰੋਗ ਨਾਲ ਮਰ ਜਾਂਦਾ ਹੈ। ਕਹਿਣ ਦਾ ਭਾਵ ਹੈ ਕਿ 88.4 ਕਰੋੜ ਲੋਕਾਂ ਨੂੰ ਪੀਣ ਲਈ ਸਾਫ਼ ਪਾਣੀ ਨਹੀਂ ਮਿਲਦਾ। ਪਾਣੀ ਨੂੰ ਲੈ ਕੇ ਦੁਨੀਆ ਭਰ 'ਚ ਸੰਘਰਸ਼ ਸ਼ੁਰੂ ਹੋ ਚੁੱਕਿਆ ਹੈ।

### ਆਸਥਾ ਦੇ ਸੌਦਾਗਰ

ਪਿਛਲੇ ਦਿਨਾਂ 'ਚ ਇਹ ਗੱਲ ਚਰਚਾ ਦਾ ਵਿਸ਼ਾ ਰਹੀ ਕਿ ਦੇਸ਼ ਦੀ ਅਰਥ-ਵਿਵਸਥਾ ਦਾ ਆਧਾਰ ਗਊ ਮੂਤਰ ਅਤੇ ਗੋਬਰ (ਗੋਹਾ) ਬਣ ਸਕਦਾ ਹੈ। ਇਹ ਆਵਾਜ਼ ਕਾਨਪੁਰ ਗਊਸ਼ਾਲਾ ਸੋਸਾਇਟੀ ਦੇ ਮਹਾਂਮੰਤਰੀ ਅਤੇ ਉਦਯੋਗਪਤੀ ਪੁਰਸ਼ੋਤਮ ਤੋਸਣੀਵਾਲ ਦੇ ਵਿਚਾਰਾਂ 'ਤੇ ਆਧਾਰਿਤ ਸੀ। ਉਸ ਪੇਟੈਂਟ ਦਾ ਨਾਂ ਹੈ 'ਗਊ-ਮੂਤਰ ਅਰਕ ਅਤੇ ਐਂਟੀਬਾਇਉਟਿਕ ਦਾ ਔਸ਼ਧੀ ਕੰਪੋਜ਼ਿਸ਼ਨ' (ਫਾਰਮਾਸਯੁਟਿਕਲ ਕੰਪੋਜ਼ਿਸ਼ਨ ਕੰਟੇਨਿੰਗ ਕਾਉ ਯੂਰਿਨ ਡਿਸਟਿਲੇਟ ਐਂਡ ਐਂਟੀਬਾਇਉਟਿਕ) ਨੰਬਰ ਹੈ 64100597. ਪੇਟੈਂਟਧਾਰੀ ਦਾ ਇਹ ਦਾਅਵਾ ਹੈ ਕਿ ਗਊਮੂਤਰ ਦੇ ਅਰਕ ਨੂੰ ਜੇਕਰ ਐਂਟੀਬਾਇਉਟਿਕ ਦਵਾਈਆਂ ਜਿਵੇਂ ਰਿਫ਼ਾਮਾਈਸਿਨ, ਟੇਰਟਾਸਾਈਕਲਿਨ, ਐਂਪੀਸਿਲੀਨ ਆਦਿ ਟੀ.ਬੀ. ਅਤੇ ਕੈਂਸਰ ਦਵਾਈਆਂ (ਐਲੋਪੈਥੀ) ਨਾਲ ਮਿਲਾ ਕੇ ਸੇਵਨ ਕੀਤਾ ਜਾਵੇ ਤਾਂ ਉਨ੍ਹਾਂ ਦਾ ਅਸਰ ਕਈ ਗੁਣਾਂ ਵਧ ਜਾਂਦਾ ਹੈ। ਇਹ ਪੇਟੈਂਟ 25 ਜੂਨ 2002 ਨੂੰ ਲਿਆ ਗਿਆ ਸੀ ਜਦੋਂ ਮੁਰਲੀ ਮਨੋਹਰ ਜੋਸ਼ੀ ਭਾਰਤ ਸਰਕਾਰ ਵਿੱਚ ਮੰਤਰੀ ਸਨ। ਉਸ ਸਮੇਂ ਇਸ ਪੇਟੈਂਟ ਦੇ ਬਹੁਤ ਚਰਚੇ ਸਨ। ਪ੍ਰਸਿੱਧ ਔਸ਼ਧੀ ਵਿਗਿਆਨਕ ਡਾ. ਐਮ.ਡੀ. ਨਾਇਰ ਨੇ 19 ਸਤੰਬਰ 2002 ਨੂੰ 'ਦ ਹਿੰਦੂ' 'ਚ ਲਿਖਿਆ : "ਅਮਰੀਕੀ ਪੇਟੈਂਟ ਹਰ ਹਫ਼ਤੇ ਹਜ਼ਾਰਾਂ ਪੇਟੈਂਟ ਸਵੀਕਾਰ ਕਰਦਾ ਹੈ ਫਿਰ ਵੀ ਪੇਟੈਂਟ 6410059 ਨੇ ਬਹੁਤ ਪ੍ਰਸਿੱਧੀ ਪਾ ਲਈ ਹੈ। ਮੁਰਲੀ ਮਨੋਹਰ ਜੋਸ਼ੀ ਨੇ ਬਿਆਨ ਦਿੱਤਾ ਹੈ ਕਿ ਅਮਰੀਕੀ ਪੇਟੈਂਟ ਨੇ ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਹੈ ਕਿ ਭਾਰਤੀ ਔਸ਼ਧੀ ਪ੍ਰਾਪਤੀ ਸਾਰੀਆਂ ਪ੍ਰੰਪਰਿਕ ਔਸ਼ਧੀਆਂ ਦਾ ਮਜ਼ਬੂਤ ਵਿਗਿਆਨਕ ਆਧਾਰ ਹੈ। ਪਰ ਜਿਸ ਅਰਕ ਦੀ ਗੱਲ ਕਰ ਰਹੇ ਹਨ ਉਹ ਇੱਥੇ ਅਰਕ ਨਹੀ ਅਵਸ਼ੇਸ਼ ਹੈ। ਮੂਤਰ ਦਾ ਅਰਕ ਕਿਵੇਂ ਹੋਵੇਗਾ? ਅਤੇ ਇਸ ਨੂੰ ਆਧੁਨਿਕ ਦਵਾਈਆਂ ਨਾਲ ਮਿਲਾਉਣਾ ਬੇਤੁਕਾ ਹੈ। ਇਸ ਪੇਟੈਂਟ ਦਾ ਫ਼ਾਇਦਾ ਉਠਾ ਕੇ ਨੀਮ-ਹਕੀਮ ਗਊ-ਮੂਤਰ ਦੀਆਂ ਦੁਕਾਨਾਂ ਖੋਲ੍ਹ ਕੇ ਬੈਠ ਗਏ। ਬਾਜ਼ਾਰ ਵਿਚ ਬਹੁਤ ਸਾਰੀਆਂ ਸਾਬਣਾਂ ਆਧੁਨਿਕ ਰਸਾਇਣ ਕਾਰਨ ਅਲਕੋਹਲ-ਰਹਿਤ ਹਨ ਨਾ ਕਿ ਮੂਤਰ ਕਰਕੇ। ਇਸ ਤਰ੍ਹਾਂ ਸ਼ੈਂਪੂ ਅਤੇ ਫਿਨਾਇਲ ਗਊ ਮੂਤਰ ਦਾ ਨਾਂ ਲੈ ਕੇ ਵੇਚੇ ਜਾ ਰਹੇ ਹਨ। 'ਗੋਹੇ' ਬਾਰੇ ਆਮ ਧਾਰਣਾ ਬਣਾ ਰਖੀ ਹੈ ਕਿ ਉਸ ਦੇ ਧੂੰਏ ਨਾਲ ਤਿੰਨ ਦਿਨ ਤਕ ਕਮਰਾ ਪ੍ਰਦੂਸ਼ਣ ਰਹਿਤ ਰਹਿੰਦਾ ਹੈ। ਜਦੋਂ ਕਿ ਵਿਗਿਆਨ ਇਹ ਆਖਦਾ ਹੈ ਕਿ ਲੱਕੜੀ ਅਤੇ ਗੋਹੇ ਦੇ ਜਲਣ ਨਾਲ 'ਬਲੈਕ ਕਾਰਬਨ' ਦੇ ਭੂਰੇ ਬੱਦਲ ਫੈਲਦੇ ਹਨ ਉਹ ਸਾਲਾਂ ਤਕ ਵਾਯੂਮੰਡਲ 'ਚ ਰਹਿੰਦੇ ਹਨ। ਇਸ ਦੀ ਮਾਤਰਾ ਭਾਰਤ ਅਤੇ ਚੀਨ 'ਚ ਵੱਧ ਪਾਈ ਜਾਂਦੀ ਹੈ। ਘਰਾਂ 'ਚ ਬਲਦੇ ਗੋਹੇ ਦੀਆਂ ਸ਼ਿਕਾਰ ਔਰਤਾਂ ਅਤੇ ਬੱਚੇ ਵੱਧ ਹੁੰਦੇ ਹਨ। ਲੇਕਿਨ ਅੰਧ-ਵਿਸ਼ਵਾਸ ਨੂੰ ਰੋਕਣ ਲਈ ਜੂਨ 2010 'ਚ 'ਸੈਂਟਰਲ ਡਰੱਗਜ਼ ਸਟੈਂਡਰਡ ਕੰਟਰੋਲ ਆਰਗੇਨਾਈਜ਼ੇਸ਼ਨ' ਨੇ ਭਾਰਤ ਸਰਕਾਰ ਨੂੰ ਕਿਹਾ ਕਿ ਐਲੋਪੈਥੀ ਦਵਾਈਆਂ ਦੀ ਤਰ੍ਹਾਂ ਯੂਨਾਨੀ ਤੇ ਆਯੁਰਵੈਦਿਕ ਵਰਗੀਆਂ ਸਾਰੀਆਂ ਪ੍ਰੰਪਰਿਕ ਦਵਾਈਆਂ ਨੂੰ ਜਾਂਚ ਪ੍ਰਕਿਰਿਆ 'ਚੋਂ ਗੁਜ਼ਰਨਾ ਹੋਵੇਗਾ। ਹਾਲਾਂਕਿ ਕੁੱਝ ਤੱਤ ਗਊ-ਮੂਤਰ 'ਚ ਮੌਜੂਦ ਹਨ, ਵਿਟਾਮਿਨ ਸੀ ਵਰਗੇ ਪਰ ਉਸ ਦਾ ਮਤਲਬ ਇਹ ਨਹੀਂ ਕਿ ਪੇਸ਼ਾਬ ਨੂੰ ਪੀਣਾ ਹੀ ਇਸ ਦਾ ਇੱਕ ਤਰੀਕਾ ਹੈ। ਗੱਲ ਤਾਂ ਇਹ ਹੈ ਕਿ ਜੇਕਰ ਗਊ ਮੂਤਰ ਚਮਤਕਾਰੀ ਗੁਣਾਂ ਵਾਲੀ ਦਵਾਈ ਪ੍ਰਾਚੀਨ ਕਾਲ ਤੋਂ ਹੀ ਮੌਜੂਦ ਸੀ ਤਾਂ ਵਿਗਿਆਨੀਆਂ ਨੇ ਨਵੇਂ ਉਪਚਾਰ ਖੋਜਣ 'ਤੇ ਐਨਾ ਸਮਾਂ ਕਿਉਂ ਬਰਬਾਦ ਕੀਤਾ?

### ਡਿੱਗ ਰਿਹਾ ਗਰਾਫ ਟੀ.ਵੀ. ਚੈਨਲਾਂ ਦਾ




ਟੀ.ਵੀ. ਸਾਡੇ ਘਰਾਂ ਦਾ ਅੰਗ ਹੀ ਬਣ ਗਿਆ ਹੈ। ਲੇਕਿਨ ਅਸਲੀ ਗੱਲ ਤਾਂ ਟੀ.ਵੀ. ਦੀ ਸਾਡੀਆਂ ਬਣ ਰਹੀਆਂ 'ਪੰਜਾਬੀ ਫਿਲਮਾਂ' ਵਰਗੀ ਹੀ ਹੈ ਜਿਹੜੀਆਂ ਸਾਡੀ ਜ਼ਿੰਦਗੀ 'ਚ ਅਹਿਮ ਜਗ੍ਹਾ ਰੱਖਣ ਦੇ ਬਾਵਜੂਦ ਅਹਿਮ ਭੂਮਿਕਾ ਨਹੀਂ ਨਿਭਾ ਰਹੀਆਂ। ਤਮਾਮ ਖ਼ਬਰਾਂ ਅਤੇ ਮਨੋਰੰਜਨ ਨਾਲ ਜੁੜੇ ਚੈਨਲ ਰਚਨਾਤਮਕ ਭੂਮਿਕਾ ਨਿਭਾਉਣ ਦੀ ਥਾਂ ਦਿਨੋ ਦਿਨ ਘਟੀਆ ਪੱਧਰ 'ਤੇ ਆ ਗਏ ਹਨ। ਐਨਾ ਦੁਹਰਾਉ ਤਾਂ ਕਿਸੇ ਮਦਾਰੀ ਦੇ ਤਮਾਸ਼ੇ 'ਚ ਵੀ ਨਹੀਂ ਹੁੰਦਾ। ਇਹ ਸਮਾਜਿਕ ਜ਼ਿੰਮੇਵਾਰੀ ਭੁੱਲ ਕੇ ਆਮ ਮੁੱਦੇ ਨੂੰ ਖਾਸ ਤੇ ਖਾਸ ਮੁੱਦੇ ਨੂੰ ਆਮ ਬਣਾਉਣ 'ਚ ਲੱਗੇ ਰਹਿੰਦੇ ਹਨ। ਭੂਪਾਲ ਗੈਸ ਕਾਂਡ 'ਤੇ ਅਦਾਲਤ ਦਾ ਨਿਰਣਾ ਆਉਣ ਤੋਂ ਬਾਅਦ ਸਭ ਖ਼ਬਰੀ ਚੈਨਲਾਂ ਨੇ ਜਾਂਚ ਕਮੇਟੀਆਂ, ਮੰਤਰੀਆਂ ਅਤੇ ਅਧਿਕਾਰੀਆਂ ਨੂੰ ਕਟਹਿਰੇ 'ਚ ਖੜ੍ਹਾ ਕਰ ਲਿਆ ਪਰ ਪਤਾ ਨਹੀਂ ਕਿਉਂ 1990 ਤੋਂ ਇਹੀ ਚੈਨਲ ਚੁੱਪੀ ਧਾਰੀ ਬੈਠੇ ਸਨ? ਹੁਣ ਇੱਕ ਗੱਲ ਹੋਰ ਸਾਹ-ਮਣੇ ਆ ਰਹੀ ਹੈ ਕਿ 'ਵਿਗਿਆਪਨ' ਦਾ ਬੋਲਬਾਲਾ ਜ਼ਿਆਦਾ ਹੈ। ਹਰ ਖ਼ਬਰੀ ਚੈਨਲ 'ਤੇ ਇਹ ਹਾਵੀ ਹੋ ਰਿਹਾ ਹੈ, ਦੋ ਮਿੰਟ ਦੀ ਖ਼ਬਰ ਅਤੇ ਪੰਜ ਮਿੰਟ ਦਾ ਵਿਗਿਆਪਨ। ਆਦਿਵਾਸੀ, ਕਿਸਾਨ, ਮਜ਼ਦੂਰ, ਦਲਿਤ, ਬਜ਼ੁਰਗ ਆਦਿ ਤਾਂ ਗਾਇਬ ਹਨ ਹੀ, ਦੇਸ਼ ਦਾ ਇੱਕ ਵੱਡਾ ਤਬਕਾ ਮੱਧਵਰਗ ਵੀ ਟੀ.ਵੀ. ਸੀਰੀਅਲਾਂ 'ਚੋਂ ਗਾਇਬ ਹੈ। ਜਿਹੜੇ ਪਰਿਵਾਰ ਦਿਖਾਏ ਜਾਂਦੇ ਹਨ ਉਹ ਕਿਸ ਦੁਨੀਆ ਦੇ ਪਰਿਵਾਰ ਹਨ ਜਿਥੇ ਦਿਨ ਭਰ ਦਾ ਕੰਮ ਪਰਿਵਾਰ ਦੇ ਲੋਕਾਂ ਦੇ ਵਿਰੁੱਧ ਨਵੀਂ ਸਾਜ਼ਿਸ਼ ਰਚਾਉਣਾ ਹੋਵੇ? ਅਜਿਹੇ ਸੀਰੀਅਲਾਂ ਨੂੰ ਵੇਖ ਕੇ ਬੱਚੇ ਆਪਣੀ ਮਾਂ ਨੂੰ ਆਖਦੇ ਹਨ ਸੀਰੀਅਲ 'ਚ ਫਲਾਣੇ ਦੀ ਮਾਂ ਤਾਂ ਐਨੀ ਜਵਾਨ ਹੈ ਅਤੇ ਸੁੰਦਰ ਹੈ ਤੂੰ ਬੁੱਢੀ ਕਿਉਂ ਹੈਂ? ਇਹ ਕਿਹੜੀਆਂ ਕੀਮਤਾਂ ਅਸੀ ਸਮਾਜ ਦੇ ਸਾਹਮਣੇ ਪੇਸ਼ ਕਰ ਰਹੇ ਹਾਂ? ਅੱਜਕਲ ਸਭ ਤੋਂ ਵੱਧ ਗੰਦ ਚੈਨਲਾਂ 'ਤੇ 'ਲਾਫਟਰ ਸ਼ੋਅ' ਨੇ ਪਾ ਰੱਖਿਆ ਹੈ। ਹਾਸੇ ਦੇ ਨਾਂ 'ਤੇ ਅਸ਼ਲੀਲਤਾ ਅਤੇ ਦੋਅਰਥੀ ਸ਼ਬਦਾਵਲੀ ਹੁੰਦੀ ਹੈ। ਔਰਤਾਂ ਨੂੰ ਸਿਰਫ ਭੋਗ ਦੀ ਵਸਤੂ ਦੇ ਰੂਪ ਵਿੱਚ ਵਿਖਾਇਆ ਜਾਂਦਾ ਹੈ। ਇੱਕ ਹੋਰ ਨਵੀਂ ਗੱਲ ਚੱਲ ਪਈ ਹੈ ਕਿ ਜਿਸ ਫਿਲਮ ਨੇ ਰਿਲੀਜ਼ ਹੋਣਾ ਹੋਵੇ ਉਸ ਦੇ ਨਾਇਕ-ਨਾਇਕਾ ਨੂੰ ਕੁੱਝ ਸਮੇਂ ਲਈ ਚਿੰਤਕ ਅਤੇ ਸਮਾਜ-ਵਿਗਿਆਨੀ ਦੇ ਤੌਰ 'ਤੇ ਇਸਤੇਮਾਲ ਕੀਤਾ ਜਾਂਦਾ ਹੈ। ਨਿਊਜ਼ ਚੈਨਲ ਦੇ ਗੰਭੀਰ ਪ੍ਰੋਗਰਾਮਾਂ ਤੋਂ ਲੈ ਕੇ ਮਨੋਰੰਜਨ ਦੇ ਲਈ ਤਮਾਮ ਪ੍ਰੋਗਰਾਮਾਂ 'ਚ ਨਵੀਂ ਫਿਲਮ ਦੇ ਨਾਇਕ ਨਾਇਕਾ ਦਿਖਾਈ ਦਿੰਦੇ ਹਨ। ਕਿਸੇ ਵੀ ਛੋਟੇ ਛੋਟੇ ਗੰਭੀਰ ਮੁੱਦੇ 'ਤੇ ਉਨ੍ਹਾਂ ਤੋਂ ਵੱਡੇ ਬੁੱਧੀਜੀਵੀਆਂ ਦੀ ਤਰ੍ਹਾਂ ਰਾਏ ਲਈ ਜਾਂਦੀ ਹੈ। ਅਸੀਂ ਜਿੰਨੀ ਮੁਹੱਬਤ ਤੇ ਅਪਣੱਤ ਨਾਲ ਚੈਨਲਾਂ ਨੂੰ ਆਪਣੀ ਜ਼ਿੰਦਗੀ 'ਚ ਜਗਾ ਦਿੱਤੀ ਹੈ ਉਹ ਉਨੇ ਹੀ ਅਸਮਾਜਿਕ ਤੱਤਾਂ ਦੀ ਤਰ੍ਹਾਂ ਸਾਡੇ ਘਰਾਂ 'ਚ ਪਸਰ ਰਹੇ ਹਨ।

ਮੋਬਾਇਲ : 092165-35617

KULVIR GILL
ਕੁਲਵੀਰ ਗਿੱਲ
GHI
Helping you to make Informed Decisions
Registered Home Inspector
ਗਰੇਟਰ ਟਰੋਂਟੋ ਵਿਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
(416) 839-3436 (B) (905) 479-5807 (H)
Gill Home Inspection Ltd.
Commercial & Residential
OAHI
Ontario association of Certified Home Inspectors



ਲੋਕ ਆਵਾਜ਼, ਸ਼ਾਨ ਐਂਟਰਟੇਨਮੈਂਟ ਤੇ ਐਮ.ਐੱਸ ਮੈਸਨਰੀ ਵਲੋਂ ਕਰਵਾਏ ਗਏ ਵਿਸਾਖੀ ਮੇਲੇ ਦੀਆਂ ਝਲਕੀਆਂ।



ਕੈਪੀਟਲ ਕਾਰ ਐਂਡ ਟਰੱਕ ਸੇਲਜ਼ ਵਲੋਂ ਕਰਵਾਏ ਗਏ ਨਾਟਕ 'ਨੌਟੀ ਬਾਬਾ ਬੈਕ ਇਨ ਟਾਊਨ' ਦੇ ਕਲਾਕਾਰ ਇਕ ਦ੍ਰਿਸ਼ ਦੌਰਾਨ ਅਤੇ ਹੇਠਾਂ ਹਾਜ਼ਰ ਦਰਸ਼ਕ।



ਅਲਬਰਟਾ ਵਿਧਾਨ ਸਭਾ 'ਚ ਮਨਾਈ ਗਈ ਵਿਸਾਖੀ ਦੌਰਾਨ ਪ੍ਰੀਮੀਅਰ ਐਂਡ ਸਟੇਲਮੈਕ, ਐਮ.ਐਲ.ਏ. ਪੀਟਰ ਸੰਧੂ, ਐਮ.ਐਲ.ਏ. ਮਨਮੀਤ ਭੁੱਲਰ ਆਦਿ ਸਕੂਲੀ ਬੱਚਿਆਂ ਨਾਲ।




ਸਿਹਤ ਮੰਤਰੀ ਜੀਵੈਜ਼ ਡੈਸਕੀ, ਨਰੇਸ਼ ਭਾਰਦਵਾਜ ਤੇ ਪੀਟਰ ਸੰਧੂ ਪੰਜਾਬੀ ਕਲਚਰਲ ਐਸੋ. ਦੇ ਮੈਂਬਰਾਂ ਨੂੰ ਚੈੱਕ ਭੇਂਟ ਕਰਨ ਸਮੇਂ।


# Guaranteed Paid up Life Insurance

## Get your money back if you don't develop any critical illness



**Life Insurance**
**ਲਾਈਫ ਇੰਸ਼ੋਰੈਂਸ**



**Retirement Savings Plans**
**ਰਿਟਾਇਰਮੈਂਟ ਸੇਵਿੰਗਜ਼ ਪਲੈਨਜ਼**




**Mortgage Insurance**
**ਮੋਰਟਗੇਜ ਇੰਸ਼ੋਰੈਂਸ**



**Critical Illness Plans**
**ਕਰਿਟੀਕਲ ਇਲਨੈਸ ਇੰਸ਼ੋਰੈਂਸ**



**Health Plans**
**ਹੈਲਥ ਪਲੈਨਜ਼**

**Disability Insurance**
**ਡਿਸਏਬਿਲਟੀ ਇੰਸ਼ੋਰੈਂਸ**

For More Information Please Contact :

**Jasvir Deol**
**Phone: 780-465-6900**
**Cell: 780-906-4497**



**Travel Insurance**
**ਟਰੈਵਲ ਇੰਸ਼ੋਰੈਂਸ**

DEOL
Insurance & Financial Planning


MILLBOURNE ROAD
MEDICAL CLINIC
WALK-INS WELCOME
FAMILY PHYSICIANS
Dr. V.K. Thapar (M.D., CCFP)*
By Appointments Only
Dr. B.S. Jassar (M.D., Ph.D, CCFP)*
Cell: 780 918 0516
Dr. S. Bananda (M.D.)
Ph: 780 462 4229
Fax: 780 462 3315
131 Millbourne Road East, Lee Ridge Plaza Edmonton, AB T6K 1P6
★ Professional Corporation


Passport
Photos
by Kanwal Lyall
Unit 207, 2603
Hewes Way, Edmonton
AB T6L 6W6
All types of Immigration, Passport,
PIO, Citizenship Photos
Phone: 780 952 8017


WESTFORK
Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and delivery.
One Location - Multiple Considerations
Complete Range of Counter tops including laminate.
Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼
Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889


SAVE ON DOOR KNOBS & HANDLES!
Austin Door Lock and Handle Set
ONLY $49.99
ONLY $13.99
Villa Passage Knob
Taymor
TRANSITIONAL
2 Piece Deadbolt
ONLY $19.99
ONLY $9.99
Globe Knob
ALEXANDRIA Moulding
MOULDING SPECIALS!
#5010
#412
#411
#3140
#357
MDF Primed $1.20 /linear foot
MDF Primed $0.60 /linear foot
MDF Primed $0.49 /linear foot
MDF Primed $0.29 /linear foot
MDF Primed $0.19 /linear foot
SAVE ON BATHROOM FIXTURES!
4 Piece Bath Set: Infinity and Corona Models
Taymor
MODERN
ONLY $24.99
Robe Hook
Towel Bar
Towel Ring
Paper Holder
Concealed Surface Mount,
Lifetime warranty, mounting
hardware & installation
instructions included.
Available in a variety of finishes.


Fancy Doors
& Mouldings
JELD-WEN WINDOWS & DOORS
Masonite
ALEXANDRIA Moulding
Show Specials!
French Doors
Paris
Double "Paris" Doors
ONLY $400.99
Single "Paris" Door
ONLY $200.99
Interior Door
Bostonian
ONLY $55.99
6-Panel
Pre-Hung
18" x 36"
Exterior Door
ONLY $149.99
6-Panel
Steel Door
with Brick
Moulding
Pre-Hung
(32" or 36")
with 4.5" jamb
Creston
ONLY $169.99 Slab
Pantry
ONLY $99.99 Slab
Exterior Wood Doors
A - D103H
B - 1530
C - TDM10H
ONLY $5500.00
Exterior Fibreglass Door
ONLY $299.00
Parlaiment
Pre-Hung
32" or 36"
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Come visit our new, remodeled showroom!
Alberta Location: 9129 - 35 Avenue, Edmonton, AB T6E 5Y1
Ph: 780-432-7700
Fax: 780-432-7710 www.fancydoors.net
Limited time offer.
Expires
April 30, 2011

# ਘੋੜੀ ਦਾ ਚੜ੍ਹਦਾ ਦੇਖਿਆ ਰਣਜੀਤ ਬਨਰਾ

## ਲੋਕ-ਗੀਤਾਂ ਦੇ ਨਾਲ ਨਾਲ





ਡਾ. ਕਰਮਜੀਤ ਸਿੰਘ

ਹਰਿਆਣੇ ਕਸਬੇ ਤੋਂ ਤਾਜਪੁਰ ਕਲਾਂ ਚਾਰ ਕੁ ਕਿਲੋਮੀਟਰ 'ਤੇ ਹੈ। ਇਥੇ ਮੇਰੀ ਭੈਣ ਕਮਲਜੀਤ ਵਿਆਹੀ ਹੋਈ ਹੈ ਜਿਸ ਕਾਰਨ ਆਉਣ ਜਾਣ ਤਾਂ ਬਣਿਆ ਹੀ ਰਹਿੰਦਾ ਹੈ, ਪਰ ਇਕ ਹੋਰ ਕਾਰਨ ਵੀ ਮੇਰੇ ਲਈ ਇਸ ਪਿੰਡ ਦੀ ਵਿਸ਼ੇਸ਼ ਖਿੱਚ ਸੀ। ਇਥੋਂ ਦੀ ਬਚਨੋ ਨੂੰ ਕਈ ਗੀਤ ਆਉਂਦੇ ਸਨ ਪਰੰਤੂ ਉਹ ਸੁਣਾਉਣ ਨੂੰ ਤਿਆਰ ਨਹੀਂ ਸੀ ਹੁੰਦੀ। ਪਹਿਲੀ ਵਾਰ ਜਦੋਂ ਮੈਂ ਉਸ ਨੂੰ ਗੀਤ ਗਾਉਣ ਲਈ ਕਿਹਾ ਤਾਂ ਉਸ ਜਵਾਬ ਦਿਤਾ, "ਸਾਡਾ ਤਾਂ ਮਤਾ ਹੋਰ ਹੋ ਗਿਆ।" ਉਸ ਦਾ ਭਾਵ ਸੀ ਕਿ ਉਸ ਨੇ ਅੰਮ੍ਰਿਤ ਛੱਕ ਲਿਆ ਸੀ, ਇਸ ਲਈ ਉਹ ਹੁਣ ਲੋਕ ਗੀਤਾਂ ਨੂੰ ਗਾਉਣਾ ਚੰਗਾ ਨਹੀਂ ਸੀ ਸਮਝਦੀ।

ਅਜੀਬ ਸਥਿਤੀ ਸੀ ਇਹ। ਇਹੋ ਜਿਹੀ ਕੱਟੜਤਾ ਸਿੰਘ ਸਭਾ ਲਹਿਰ ਵੇਲੇ ਤਾਂ ਸੁਣੀ ਸੀ ਪਰ ਮੇਰੇ ਫੀਲਡ ਵਰਕ ਦੌਰਾਨ ਇਹ ਅੜਚਣ ਸੀ। ਪਹਿਲੀ ਵਾਰ ਤਾਂ ਉਸ ਨੇ ਐਸਾ ਨੰਨਾ ਫੜਿਆ ਕਿ ਮੈਨੂੰ ਹਾਰ ਮੰਨਣੀ ਪਈ। ਕਮਲਜੀਤ ਤੇ ਪ੍ਰਾਹੁਣੇ ਸੁਰਜਨ ਸਿੰਘ ਨੇ ਵੀ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਗੱਲ ਸਿਰੇ ਨਾ ਚੜ੍ਹੀ। ਮੈਂ ਦੋਨਾਂ ਨੂੰ ਉਸ ਨੂੰ ਮਨਾਉਣ ਲਈ ਆਖ ਕੇ ਵਾਪਸ ਪਰਤ ਆਇਆ। ਚੌਥੀ ਵਾਰ ਜਦੋਂ ਮੈਂ ਗਿਆ ਤਾਂ ਕਮਲਜੀਤ ਨੇ ਕਿਹਾ, "ਉਹ ਨੂੰ ਗੀਤ ਤਾਂ ਆਉਂਦੇ ਆ ਪਰ, ਪੂਰੀ ਤਰ੍ਹਾਂ ਤਿਆਰ ਨਹੀਂ ਹੋਈ। ਫਿਰ ਵੀ ਸੱਦ ਲਿਆਉਂਦੇ ਹਾਂ।" ਇਸ ਵਾਰ ਜਦੋਂ ਬਚਨੋ ਆਈ ਤਾਂ ਪਹਿਲਾਂ ਨਾਲੋਂ ਤਾਂ ਢੈਲੀ ਸੀ, ਪਰ ਅਜੇ ਵੀ ਪੂਰੀ ਤਰ੍ਹਾਂ ਤਿਆਰ ਨਹੀਂ ਸੀ। ਮੈਂ ਕਿਹਾ, "ਤੁਸੀ ਇਉਂ ਕਰੋ ਪਿਛਲਾ ਮਤਾ ਸਾਨੂੰ ਦੇ ਦਿਉ। ਫੇਰ ਅਸੀਂ ਕਦੇ ਨਹੀਂ ਕਹਾਂਗੇ।" ਖੈਰ ਮੈਂ ਪਿਛਲੀ ਮੋਹਰੀਚੱਕ ਦੀ ਟੇਪ ਵੀ ਸੁਣਾਈ ਤਾਂ ਹੌਲੀ ਹੌਲੀ ਉਹ ਮੰਨ ਗਈ, ਪਰ ਅਜੇ ਵੀ ਇੱਕ ਅੜਚਨ ਰਹਿ ਗਈ ਕਿ ਉਸ ਦਾ ਸਾਥ ਦੇਣ ਨੂੰ ਕੋਈ ਨਹੀਂ ਸੀ। ਇਸ ਲਈ ਕਮਲਜੀਤ ਤਿਆਰ ਹੋ ਪਈ। ਹੁਣ ਹੋਰ ਕੋਈ ਬਹਾਨਾ ਨਹੀਂ ਸੀ। ਬਚਨੋ ਪਹਿਲਾਂ ਸੋਚ ਵਿਚ ਪੈ ਗਈ ਫਿਰ ਜਿਵੇਂ ਆਪਣੇ ਆਪ ਨੂੰ ਸੁਰ ਕਰ ਲਿਆ ਹੋਵੇ। ਉਸ ਨੇ ਬੋਲ ਕੱਢਿਆ-

ਘੋੜੀ 'ਤੇ ਚੜ੍ਹਦਾ ਦੇਖਿਆ ਰਣਜੀਤ ਬਨਰਾ,
ਦਾਦੀ ਨੂੰ ਸੀਸ ਨਿਵਾਇ ਕੇ।
ਦਾਦੀ ਨੇ ਸੀਸਾਂ ਦਿੱਤੀਆਂ, ਸੁਰਜੀਤ ਬਨਰਾ
ਜੀਵੇਂ ਜਵਾਨੀਆਂ ਮਾਣ ਵੇ,

ਇਹ ਪਲ ਮੇਰੇ ਲਈ ਸਚਮੁੱਚ ਰੁਮਾਂਟਿਕ ਪਲ ਸੀ ਕਿਉਂਕਿ ਉਸ ਸਮੇਂ ਤਕ ਮੈਂ ਇਹ ਘੋੜੀ ਨਹੀਂ ਸੀ ਸੁਣੀ ਤੇ ਇਸ ਦੀ ਲੈਅ ਵੀ ਬੜੀ ਮਨਮੋਹਕ ਸੀ। ਇਸ ਲੈਅ ਦਾ ਜਾਦੂ ਅੱਜ ਤਕ ਮੇਰੇ ਉਪਰ ਛਾਇਆ ਹੋਇਆ ਸੀ। ਜਦੋਂ ਮੈਂ ਗੀਤ ਸਾਂਝਾ ਕਰਨ ਲਈ ਲਿਖ ਰਿਹਾ ਹਾਂ ਤਾਂ ਨਾਲ ਨਾਲ ਗਾ ਵੀ ਰਿਹਾ ਹਾਂ। ਇਕ ਵਾਰੀ ਆਲ ਇੰਡੀਆ ਰੇਡੀਓ ਜਲੰਧਰ ਨੇ ਮੇਰੇ ਤੋਂ "ਦੁਆਬੇ ਦਾ ਸਭਿਆਚਾਰ" ਦੀ ਸਕਰਿਪਟ ਲਿਖਵਾਈ ਤਾਂ ਮੈਂ ਇਹ ਘੋੜੀ ਵੀ ਲਿਖ ਦਿੱਤੀ। ਨਰਿੰਦਰ ਬੀਬਾ ਨੇ ਇਸ ਨੂੰ ਏਨੀ ਲੰਮੀ ਹੇਕ ਵਿਚ ਗਾਇਆ ਕਿ ਇਸ ਵਿਚ ਹੋਰ ਖੂਬਸੂਰਤੀ ਜੁੜ ਗਈ।

ਕਮਲਜੀਤ ਬਚਨੋ ਦਾ ਥੋੜ੍ਹਾ ਥੋੜ੍ਹਾ ਸਾਥ ਦੇ ਰਹੀ ਸੀ, ਇਸ ਲਈ ਗੱਡੀ ਖੜੀ ਨਹੀਂ ਸੀ ਹੋਈ। ਗੀਤ ਦੂਜੀਆਂ ਰਿਸ਼ਤੇਦਾਰੀਆਂ ਵੱਲ ਵੱਧ ਕੇ ਵਿਸਥਾਰ ਲੈ ਰਿਹਾ ਸੀ-

ਘੋੜੀ ਤਾਂ ਚੜ੍ਹਦਾ ਮੈਂ ਡਿੱਠਾ, ਰਣਜੀਤ ਬਨਰਾ,
ਮਾਈ ਨੂੰ ਸੀਸ ਨਿਵਾਈ ਕੇ।
ਮਾਈ ਨੇ ਸੀਸਾਂ ਦਿੱਤੀਆਂ, ਸੁਰਜੀਤ ਬਨਰਾ
ਜੁਗ ਜੀਵੇਂ ਜਵਾਨੀਆਂ ਮਾਣ ਵੇ,

ਦੋ ਚਾਰ ਪੰਗਤੀਆ ਤੋਂ ਬਾਅਦ ਪਤਾ ਲੱਗ ਜਾਂਦਾ ਹੈ, ਹੁਣ ਕੇਵਲ ਦੁਹਰਾ ਹੋਵੇਗਾ, ਇਸ ਲਈ ਮੈਂ ਟੇਪ ਬੰਦ ਕਰ ਦਿੰਦਾ ਹਾਂ ਪਰ ਇਥੇ ਮੈਂ ਅਜਿਹਾ ਨਹੀਂ ਕੀਤਾ ਕਿਉਂਕਿ ਸਾਰਾ ਗੀਤ ਬਚਨੋ ਨੂੰ ਦੁਬਾਰਾ ਸੁਣਾਉਣਾ ਸੀ। ਦੁਬਾਰਾ ਸੁਣਾਉਣ ਦਾ ਅਸਰ ਇਹ ਹੋਇਆ ਕਿ ਬਚਨੋ ਹੁਣ ਅਜੋਕੇ 'ਮਤੇ' ਵਿਚ ਨਹੀਂ ਸੀ ਰਹੀ। ਪ੍ਰਾਹੁਣੇ ਸੁਰਜਨ ਸਿੰਘ ਦੀ ਫੂਕ-ਵਿਦਿਆ ਨੇ ਵੀ ਕੰਮ ਕੀਤਾ। ਉਹ ਕੁੱਝ ਹੋਰ ਗੀਤ ਗਾਉਣ ਲਈ ਤਿਆਰ ਹੋ ਗਈ। ਹੁਣ ਉਸ ਨੇ ਦੂਜਾ ਗੀਤ ਛੋਹ ਲਿਆ।

ਸੁਣ ਤਾਂ ਚੀਰੇ ਵਾਲਿਆ,
ਚੀਰਾ ਸੱਜਦਾ ਸੀ ਕਲਗੀ ਦੇ ਨਾਲ ਤੈਨੂੰ।
ਪਹਿਨਣ ਦੀ ਸਾਰ ਨਾ ਜਾਣਾ ਲੋਕੋ,
ਮੇਲੇ ਜੀਂਦਿਆਂ ਦੇ।

ਇਸ ਘੋੜੀ ਦੀ ਪਹਿਲੀ ਖੂਬੀ ਇਹ ਸੀ ਕਿ ਇਸ ਦੀ ਲੈਅ ਵਿਚ ਥੋੜ੍ਹਾ ਜਿਹਾ ਸੋਜ਼ ਸੀ। ਆਮ ਤੌਰ 'ਤੇ ਖੁਸ਼ੀ ਦੇ ਮੌਕੇ 'ਮੇਲੇ ਜੀਂਦਿਆਂ ਦੇ' ਵਿਚ ਝਲਕਦੀ ਮੌਤ ਦੀ ਗੱਲ ਕਦੇ ਨਹੀਂ ਆਉਂਦੀ, ਪਰ ਇਹ ਘੋੜੀ ਇਸ ਤਰ੍ਹਾਂ ਦਾ ਪ੍ਰਭਾਵ ਸਿਰਜ ਰਹੀ ਸੀ। ਸ਼ਾਇਦ ਕਿਸੇ ਕਵਿਤਰੀ ਦੇ ਲਾਲ ਖੁਸ਼ੀ ਮੌਕੇ ਕੋਈ ਦੁਰਘਟਨਾ ਵਾਪਰ ਗਈ ਹੋਵੇ ਜਿਸ ਦਾ ਪਰਤੌ ਇਸ ਘੋੜੀ ਵਿਚ ਆ ਗਿਆ ਹੋਵੇ। ਦੂਜੀ ਖੂਬੀ ਇਹ ਸੀ ਕਿ ਇਥੇ ਸਜਾਵਟੀ ਵਸਤਾਂ ਦਾ ਦੁਹਰਾ ਸੀ। ਗੀਤ ਵਿਚ ਘੋੜੇ ਦੀ ਕਾਠੀ ਦੀ ਗੱਲ ਸੀ, ਬਟਣਾ ਵਾਲੀ ਵਰਦੀ ਦਾ ਜ਼ਿਕਰ ਸੀ, ਤਿੱਲੇ ਵਾਲੀ ਜੁੱਤੀ ਦੀ ਸਜਾਵਟ ਸੀ। ਆਮ ਤੌਰ 'ਤੇ ਘੋੜੀ ਵਿੱਚ ਮੁੰਡੇ ਦੇ ਪੱਖ ਦਾ ਹੀ ਜ਼ਿਕਰ ਹੁੰਦਾ ਹੈ ਪਰ ਇਹ ਘੋੜੀ, ਸਾਲੂ ਵਾਲੀ ਦਾ ਜ਼ਿਕਰ ਵੀ ਲੈ ਬੈਠੀ ਸੀ-

ਸੁਹਣੇ ਤਾਂ ਸਾਲੂ ਵਾਲੀਏ ਨੀ
ਸਾਲੂ ਸੱਜਦਾ ਸੀ ਗੋਟੇ ਦੇ ਨਾਲ ਤੈਨੂੰ
ਪਹਿਨਣ ਦੀ ਸਾਰ ਨਾ ਜਾਣਾ ਲੋਕੋ,
ਮੇਲੇ ਜੀਂਦਿਆਂ ਦੇ।
ਸੋਹਣੇ ਤਾਂ ਚੂੜੇ ਵਾਲੀਏ
ਨੀ ਚੂੜਾ ਸੱਜਦਾ ਸੀ ਬੋਰਾਂ ਦੇ ਨਾਲ ਤੈਨੂੰ
ਪਹਿਨਣ ਦੀ ਸਾਰ ਨਾ ਜਾਣਾ ਲੋਕੋ
ਮੇਲੇ ਜੀਂਦਿਆਂ ਦੇ।

ਲੱਗਦਾ ਸੀ ਬਚਨੋ ਹੁਣ ਅਪਣੇ ਪਿਛਲੇ ਮਤੇ ਨਾਲ ਜਾ ਜੁੜੀ ਸੀ, ਜਿਸ ਕਰਕੇ ਇੱਕ ਤੋਂ ਬਾਅਦ ਇੱਕ ਘੋੜੀ ਗਾਉਣ ਲੱਗ ਪਈ। ਉਸ ਦੀਆਂ ਗਾਈਆਂ ਘੋੜੀਆਂ ਵਿੱਚ ਮੇਰੇ ਲਈ ਨਵੇਂ ਤੋਂ ਨਵਾਂ ਅਨੁਭਵ ਸੀ। ਉਹ ਗਾ ਰਹੀ ਸੀ।

ਮੈਂ ਤੈਨੂੰ ਆਖਿਆ ਮਾਲੀ ਦੇ ਬੇਟੇ,
ਰਾਹ ਵਿਚ ਹੱਟ ਨਾ ਪਾ,
ਰਾਹ ਵਿਚ ਹੱਟ ਨਾ ਪਾ ਓ ਰਜਾਦਾ
ਰਾਹ ਵਿਚ ਹੱਟ ਨਾ ਪਾ,
ਇਥੋਂ ਦੀ ਲੰਘਣਾ ਮੇਰੇ ਬੀਰੇ ਦਾ ਘੋੜਾ,
ਇਥੋਂ ਲੰਘਣਾ ਮੇਰੀ ਭਾਬੋ ਦਾ ਡੋਲਾ,
ਹੱਟ ਪਲੱਟਿਆ ਜਾ,
ਜਾ ਓ ਰਜਾਦਾ, ਹੱਟ ਪਲੱਟਿਆ ਜਾ,

ਹਰ ਗੀਤ ਮੁੰਡੇ ਦੇ ਵਿਆਹ ਦਾ ਵੱਖਰਾ ਪੱਖ ਪੇਸ਼ ਕਰ ਰਿਹਾ ਸੀ। ਇਥੇ ਉਨ੍ਹਾਂ ਵਿਅਕਤੀਆਂ/ਲਾਗੀਆਂ ਦਾ ਜ਼ਿਕਰ ਸੀ ਜੋ ਵਿਆਹ ਵਿਚ ਕਿਸੇ ਨਾ ਕਿਸੇ ਤਰ੍ਹਾਂ ਜੁੜੇ ਹੋਏ ਸਨ। ਮਾਲੀ ਜੋ ਫੁੱਲ ਲੈ ਕੇ ਆਉਂਦਾ ਹੈ। ਲਾੜਾ 'ਰਜਾਦਾ' ਹੈ। ਭਾਵੇਂ ਉਸ ਦੀ ਆਰਥਿਕਤਾ ਜਮ੍ਹਾਂ ਮਾੜੀ ਹੋਵੇ। ਇਸੇ ਤਰ੍ਹਾਂ ਗਹਿਣੇ ਘੜ੍ਹਾਉਣ ਲਈ ਸੁਨਿਆਰੇ ਦਾ ਜ਼ਿਕਰ ਆ ਰਿਹਾ ਸੀ, ਤੇ ਜੁੱਤੀ ਬਣਾਉਣ ਲਈ ਮੋਚੀ ਦਾ ਤੇ ਵਰੀ ਸੀਉਣ ਲਈ ਦਰਜੀ ਦਾ ਗੀਤ ਵਿੱਚ ਆ ਜਾਣਾ ਸੁਭਾਵਿਕ ਸੀ। ਲਲਾਰੀ ਵੀ ਪਿੱਛੇ ਨਹੀਂ ਰਿਹਾ। ਬਚਨੋ ਗੀਤ ਗਾਈ ਜਾ ਰਹੀ ਸੀ ਤੇ ਮੈਂ ਕੁਝ ਸ਼ਬਦਾਂ ਦੇ ਸਪੱਸ਼ਟੀਕਰਨ ਲੱਭ ਰਿਹਾ ਸਾਂ। ਪਹਿਲਾ ਗੀਤ ਸੁਣਦਿਆਂ ਮੈਨੂੰ ਇਉਂ ਲੱਗਾ ਕਿ ਕਿਤੇ ਮਹਾਰਾਜਾ ਰਣਜੀਤ ਸਿੰਘ ਦਾ ਤਾਂ ਜ਼ਿਕਰ ਨਹੀਂ? ਪਰ ਬਾਅਦ ਵਿੱਚ ਸਪੱਸ਼ਟ ਹੋਇਆ ਕਿ ਇਥੇ ਬਹਾਦਰੀ ਦਾ ਬਖਾਨ ਹੋ ਰਿਹਾ ਸੀ। 'ਸੁਰਜੀਤ ਬਨਰੇ' ਵਿੱਚ ਲੰਮੀ ਉਮਰ ਦੀ ਅਸੀਸ ਸੀ। ਇਥੇ ਤਾਂ 'ਹੱਟ ਪਲੱਟਿਆ ਜਾ' ਦਾ ਨਵਾਂ ਹੀ ਮੁਹਾਵਰਾ ਸੀ। ਇਥੇ ਤਾਂ ਹੱਟੀ ਬੰਦ ਕਰਨ ਕਿਹਾ ਜਾ ਰਿਹਾ ਸੀ ਤਾਂ ਕਿ ਭਾਬੋ ਦਾ ਡੋਲਾ ਨਿਰਵਿਘਨ ਲੰਘ ਸਕੇ। ਇਹ ਗੀਤ ਇਹ ਵੀ ਸੂਹ ਦੇ ਰਿਹਾ ਸੀ ਕਿ ਘੋੜੀ ਲੋਕ-ਕਾਵਿ ਰੂਪ ਵਿੱਚ ਮੁੱਖ ਵਕਤਾ ਭੈਣ ਹੈ ਜੋ ਹਰ ਤਰ੍ਹਾਂ ਦੀਆਂ ਰਸਮਾਂ ਨਿਭਾਉਂਦੀ ਤੇ ਚਾਅ ਪੂਰੇ ਕਰਦੀ ਹੈ। ਦਿਲੋਂ ਮੈਂ ਬਚਨੋ ਦਾ ਧੰਨਵਾਦ ਕਰ ਰਿਹਾ ਸੀ ਜੋ ਮੇਰੇ ਵਿਚਾਰਾਂ ਨੂੰ ਏਨਾ ਵਿਸਥਾਰ ਦੇ ਰਹੀ ਸੀ। ਹੋਰ ਸਰੋਤੇ ਬਚਨੋ ਦੇ ਗੀਤਾਂ ਨੂੰ ਬਾਰ ਬਾਰ ਸੁਣ ਕੇ ਦਾਦ ਦੇ ਰਹੇ ਸਨ। ਉਹ ਹੁਣ ਸਹਿਜ ਹੀ ਯਾਦਾਂ ਦੀ ਪਟਾਰੀ ਖੋਲ੍ਹ ਰਹੀ ਸੀ।

ਸ਼ਿਮਲਾ ਪਹਾੜੀ ਤੇ ਦੂਰ,
ਨੀ ਬੰਨਾ ਮੋਟਰ 'ਤੇ ਆਇਆ।
ਇਸ ਬੰਨੇ ਨੂੰ ਕਾਠੀ ਚਾਹੀਏ,
ਕਾਠੀ ਨੇ ਲਾ ਲਈ ਬਹਾਰ।
ਨੀ ਬੰਨਾ ਮੋਟਰ 'ਤੇ ਆਇਆ।

ਬਚਨੋ ਅਗਾਂਹ ਚੀਰੇ, ਵਰਦੀ ਤੇ ਜੋੜੇ ਦਾ ਦੁਹਰਾ ਕਰ ਰਹੀ ਸੀ ਪਰ ਮੈਂ ਤਾਂ ਪਹਿਲੀਆਂ ਪੰਗਤੀਆਂ ਵਿੱਚ ਹੀ ਅਟਕ ਕੇ ਰਹਿ ਗਿਆ ਸਾਂ। ਬਦਲਦੇ ਸਮਿਆਂ ਵਿੱਚ 'ਘੋੜੀ' ਨੇ ਨਵਾਂ ਰੂਪ ਗ੍ਰਹਿਣ ਕਰ ਲਿਆ ਸੀ। ਮੋਟਰ ਤੇ ਘੋੜੀ (ਕਾਠੀ) ਇੱਕੋ ਥਾਂ ਇੱਕਠੇ ਹੋ ਗਏ ਸਨ। ਚਿਨ੍ਹਾਤਮਕ ਤੌਰ 'ਤੇ ਤਾਂ ਅੱਜ ਵੀ ਲਾੜੇ ਨੂੰ ਘੋੜੀ ਚੜ੍ਹਾਇਆ ਜਾਂਦਾ ਹੈ ਭਾਵੇਂ ਕਾਰਾਂ ਕਿੰਨੀਆਂ ਵੀ ਹੋਣ। ਜਾਗੀਰਦਾਰੀ ਯੁੱਗ ਤੋਂ ਸਰਮਾਏਦਾਰੀ ਯੁੱਗ ਵਿਚ ਪ੍ਰਵੇਸ਼ ਹੋ ਰਿਹਾ ਸੀ ਗੀਤਾਂ ਦਾ। ਸੁਭਾਹ ਦਾ ਮੌਕਾ ਸੀ ਜਦੋਂ ਬਚਨੋ ਸਾਡੇ ਨਾਲ ਬੈਠੀ ਸੀ, ਹੁਣ ਦਸ ਤੋਂ ਉਪਰ ਦਾ ਸਮਾਂ ਸੀ। ਉਹ ਘਾਹ ਲੈਣ ਵਾਸਤੇ ਖੇਤਾਂ ਨੂੰ ਜਾਣ ਵਾਸਤੇ ਕਾਹਲੀ ਪੈ ਰਹੀ ਸੀ, ਜਦਕਿ ਅਸੀਂ ਉਸ ਨੂੰ ਕੁੱਝ ਹੋਰ ਸੁਣਾਉਣ ਲਈ ਜ਼ੋਰ ਪਾ ਰਹੇ ਸਾਂ। ਅਖੀਰ ਉਸ ਨੇ ਕਿਹਾ "ਲੈ ਇਕ ਹੋਰ ਸੁਣ ਲੈ ਤੇ ਬੱਸ" ਨਾਲ ਹੀ ਉਸ ਨੇ ਇੱਕ ਘੋੜੀ ਛੇੜ ਲਈ-

ਨੀਲੀ ਸੀ ਘੋੜੀ, ਲਾਲ ਬਛੇਰਾ
ਬੰਨੀਂ ਵੇ ਲਾੜਿਆ, ਬਾਬੇ ਹਵੇਲੀ,
ਦਾਦੀ ਤਾਂ ਰਾਣੀ ਨੇ ਸੀਸ ਜੋ ਦਿੱਤੀ,
ਜੀਮੀਂ ਵੇ ਪੋਤਿਆ ਲੱਖ ਬਰੱਸੇ।

ਇਸ ਘੋੜੀ ਵਿਚ ਮੇਰੇ ਲਈ ਇਕ ਸ਼ਬਦ 'ਦਾਦੀ ਰਾਣੀ' ਮਹੱਤਵਪੂਰਨ ਸੀ। ਇਹ ਉਹ 'ਦਾਦੀ ਰਾਣੀ' ਹੈ ਜਿਸ ਨੂੰ ਦੂਸਰਿਆਂ ਦੇ ਖੇਤਾਂ ਵਿਚ ਘਾਹ ਤਕ ਲੈਣ ਜਾਣਾ ਪੈਂਦਾ ਹੈ। ਜੋ ਯਥਾਰਥ ਵਿੱਚ ਨਹੀਂ ਮਿਲਦਾ ਕਲਪਨਾ ਵਿੱਚ ਲੱਭਣ ਦਾ ਯਤਨ ਕੀਤਾ ਜਾਂਦਾ ਹੈ ਗੀਤਾਂ ਤੇ ਲੋਕਧਾਰਾ ਵਿਚ।

ਬਾਅਦ ਵਿਚ ਬਚਨੋ ਨਾਲ ਕਈ ਬੈਠਕਾਂ ਹੋਈਆਂ ਤੇ ਉਸ ਨੇ ਹੋਰ ਕਈ ਗੀਤ ਸੁਣਾਏ ਪਰ ਪਹਿਲੀ ਮੁਲਾਕਾਤ ਵਿੱਚ ਉਸ ਨੇ ਮੈਨੂੰ 'ਘੋੜੀਆਂ' ਉਪਰ ਸੋਚਣ ਲਈ ਬਹੁਤ ਸਾਰਾ ਮਸਾਲਾ ਦੇ ਦਿੱਤਾ। ਚਲਦਿਆਂ ਚਲਦਿਆਂ ਬਚਨੋ ਨੇ ਆਪਣੀ ਮਾੜੀ ਸਿਹਤ ਦਾ ਚਰਚਾ ਕੀਤਾ। ਘਰ ਦੀਆਂ ਤੰਗੀਆਂ ਤੁਰਸ਼ੀਆਂ ਦਾ ਰੋਣਾ ਰੋਇਆ। ਅੱਖਾਂ ਵਿੱਚੋਂ ਵਗਦੇ ਪਾਣੀ ਨੂੰ ਸਿਰ ਦੇ ਪੱਲੇ ਨਾਲ ਪੂੰਝਦੇ ਤੇ ਪੁਰਾਣੇ ਛਿੱਤਰ ਪੈਰੀਂ ਅੜਾਉਂਦੀ ਝੁਕੀ ਕਮਰ ਨਾਲ ਉਹ ਜਾ ਰਹੀ ਸੀ। ਇੱਕ ਹੱਥ ਨਾਲ ਨਵੇਂ ਮਤੇ ਦੀ ਕ੍ਰਿਪਾਨ ਨੂੰ ਸਾਂਭਦੀ ਹੋਈ, ਉਹ ਦੂਰ ਜਾ ਪਹੁੰਚੀ, ਘਾਹ ਖੋਤਣ। ਸੱਚਮੁਚ ਆਰਥਿਕਤਾ ਦੇ ਮਾਰੇ ਸਮਾਜ ਦੀ ਹੇਠਲੀ ਪਉੜੀ 'ਤੇ ਬਿਠਾਏ ਇਨ੍ਹਾਂ ਲੋਕਾਂ ਨੇ ਲੋਕ-ਕਾਵਿ ਰਾਹੀਂ ਇੰਨੀਆਂ ਉਚਾਈਆਂ ਵੀ ਛੂਹੀਆਂ ਹਨ, ਕਿਸੇ ਨੂੰ ਯਕੀਨ ਨਹੀਂ ਆ ਸਕਦਾ। ਪਰ ਮੇਰੇ ਕੋਲ ਤਾਂ ਯਕੀਨ ਨਾ ਕਰਨ ਦਾ ਕੋਈ ਕਾਰਨ ਹੀ ਨਹੀਂ ਕਿਉਂਕਿ ਮੈਂ ਤਾਂ ਇਨ੍ਹਾਂ ਵਿਚ ਪਲ ਕੇ ਹੁਣ ਦੇ ਰੁਤਬੇ ਨੂੰ ਪਹੁੰਚਾ ਹਾਂ। ਇਨ੍ਹਾਂ ਦੇ ਗੀਤਾਂ ਵਿਚ ਪੋਟਾ ਪੋਟਾ ਵੱਡਾ ਹੋਇਆ ਹਾਂ।

ਮੋਬਾਇਲ : 099927-32006

## ਜਸਵਿੰਦਰ ਮਾਨ ਦੀਆਂ ਤਿੰਨ ਗ਼ਜ਼ਲਾਂ



ਜਸਵਿੰਦਰ ਮਾਨ ਪੰਜਾਬੀ ਗ਼ਜ਼ਲ ਦਾ ਬਿਲਕੁਲ ਨਵਾਂ ਚਿਹਰਾ ਹੈ ਪਰ ਆਪਣੇ ਮੁਢਲੇ ਦੌਰ ਵਿਚ ਹੀ ਇਹਨੇ ਗ਼ਜ਼ਲ ਦੇ ਖੇਤਰ ਵਿੱਚ ਸਾਬਤ ਕਦਮੀਂ ਪ੍ਰਵੇਸ਼ ਕੀਤਾ ਹੈ। ਬਦਲਦੇ ਸਮਿਆਂ 'ਚ ਓਨੀ ਹੀ ਤੇਜ਼ੀ ਨਾਲ ਬਦਲ ਰਹੇ ਸਮਾਜਿਕ, ਆਰਥਿਕ ਅਤੇ ਸਿਆਸੀ ਦ੍ਰਿਸ਼ ਜਸਵਿੰਦਰ ਦੀ ਗ਼ਜ਼ਲ ਵਿੱਚ ਪੇਸ਼ ਪੇਸ਼ ਹਨ। 'ਨਵੀਂ ਦੁਨੀਆ' ਦੇ ਪਾਠਕਾਂ ਲਈ ਪੇਸ਼ ਹਨ ਜਸਵਿੰਦਰ ਮਾਨ ਦੀਆਂ ਇਹ ਗ਼ਜ਼ਲਾਂ।

ਮੈਨੂੰ ਆਪਣੇ ਤੂੰ ਨਾਲ਼ ਕਦੇ ਬੋਲਦੇ ਨੂੰ ਵੇਖ।
ਮੈਨੂੰ ਆਪਣੀਆਂ ਆਂਦਰਾਂ ਫਰੋਲਦੇ ਨੂੰ ਵੇਖ।

ਪੈੜਾਂ ਜਿਹੜੀਆਂ ਨੂੰ ਲੈ ਕੇ, ਤੇਰੇ ਤੱਕ ਸੀ ਮੈਂ ਆਣਾ,
ਮੈਨੂੰ ਪੈਰਾਂ ਥੱਲੇ ਪੈੜਾਂ ਉਹ ਮਧੋਲਦੇ ਨੂੰ ਵੇਖ।

ਜਿਹਨਾਂ ਰੇਤਿਆਂ 'ਚ ਇਕ ਮੇਰਾ ਅੱਥਰੂ ਗਵਾਚਾ,
ਉਹਨਾਂ ਰੇਤਿਆਂ 'ਚੋਂ ਨਦੀ ਮੈਨੂੰ ਟੋਲਦੇ ਨੂੰ ਵੇਖ।

ਆਪੇ ਮਾਰ ਕੇ ਮੈਂ ਜੰਦਰੇ, ਸੀ ਤੁਰ ਆਇਆ ਜਿੱਥੋਂ,
ਉਹਨਾਂ ਦਰਾਂ ਨੂੰ ਤੂੰ ਹੁਣ, ਮੈਨੂੰ ਖੋਹਲਦੇ ਨੂੰ ਵੇਖ।

ਫੁੱਲਾਂ ਜਿਹੜਿਆਂ ਨੂੰ ਕੀਤਾ, ਪੇਸ਼ ਉਮਰਾਂ ਦੇ ਹੱਥੀਂ,
ਉਹੀ ਸਮਿਆਂ ਦੇ ਪੈਰਾਂ ਵਿਚ ਰੋਲਦੇ ਨੂੰ ਵੇਖ।

ਆਪੇ ਬਾਣੀਂ ਲੰਘਣਾ ਤਾਂ ਹੁਣ ਮੁਸ਼ਕਿਲ ਲੱਗਦਾ ਹੈ।
ਜੋ ਕੁਝ ਵੀ ਹੈ ਏਹੀ ਕੁਝ ਹੁਣ ਹਾਸਿਲ ਲੱਗਦਾ ਹੈ।

\------

ਜੋ ਪੱਤਾ ਵੀ ਮਿਲਦਾ ਮੈਨੂੰ, ਛਿੱਜਿਆ ਮਿਲਦਾ ਸੀ।
ਹਰ ਇਕ ਹੀ ਦਿਨ, ਉਸੇ ਪਾਣੀ, ਭਿੱਜਿਆ ਮਿਲਦਾ ਸੀ।

ਇਕ ਬੂਟਾ ਜੋ ਜੰਗਲ ਜੰਗਲ, ਨਿੱਤ ਮੈਂ ਲੱਭਦਾ ਹਾਂ,
ਉਹ ਬੂਟਾ ਨਿੱਤ ਮੇਰੇ ਪਿੰਡੇ, ਚੁਭਿਆ ਮਿਲਦਾ ਸੀ।

ਤਾਰ ਤਾਂ ਦਿੰਦਾ ਹੰਝੂ ਆਪਣੇ, ਪਰ ਮੈਂ ਡਰਦਾ ਸਾਂ,
ਏਸ ਨਦੀ ਵਿਚ ਨਿਤ ਇਕ ਪੱਥਰ ਡੁੱਬਿਆ ਮਿਲਦਾ ਸੀ।

ਮੈਂ ਤਿਰਕਾਲ ਤੇ ਕਿਸਦੀ ਅਗਨੀ, ਮੈਨੂੰ ਆਣ ਮਿਲੇ,
ਮੈਨੂੰ ਤਾਂ ਸੂਰਜ ਵੀ ਮੇਰਾ, ਬੁਝਿਆ ਮਿਲਦਾ ਸੀ।

ਨਿੱਤ ਆਉਂਦੀ ਸੀ ਇਕ ਹਨੇਰੀ, ਨਿਤ ਡਰਾਉਂਦੀ ਸੀ,
ਇਸ ਦਹਿਲੀਜ਼ 'ਤੇ ਪਰ ਇਕ ਦੀਵਾ, ਜਗਿਆ ਮਿਲਦਾ ਸੀ।

## ਸੁਖ਼ਨ-ਸਾਜ਼



ਸੁਲੱਖਣ ਸਰਹੱਦੀ
94174-84337

ਜਦ ਵੀ ਮੈਂ ਇਤਿਹਾਸ ਦਾ ਕੋਈ, ਪੰਨਾ ਪੜ੍ਹਦਾ ਸਾਂ,
ਨੀਹਾਂ ਦੇ ਵਿਚ ਇਕ ਮੁਨਾਰਾ, ਦੱਬਿਆ ਮਿਲਦਾ ਸੀ।

\------

ਇਸ ਧਰਤੀ ਦੀਆਂ ਭੀੜਾਂ 'ਚੋਂ ਕੁਝ ਕਿਰਿਆ ਕਿਰਿਆ ਮੈਂ,
ਪਰ ਇਸ ਵਿਚ ਫਿਰ ਵੀ ਕੁਝ ਮੇਰਾ ਸ਼ਾਮਿਲ ਲੱਗਦਾ ਹੈ।

ਇਕ ਸਾਗਰ ਜੋ ਵਗਦਾ ਹੈ, ਇਸ ਤਨ ਤੋਂ ਦੂਰ ਬੜਾ,
ਉਸ ਦਾ ਮੇਰੇ ਮਨ ਸੰਗ ਆ ਕੇ ਸਾਹਿਲ ਲੱਗਦਾ ਹੈ।

ਤਿੜਕ ਹੀ ਜਾਵੇਗਾ ਮਨ ਮੇਰਾ ਤੇ ਸ਼ੀਸ਼ੇ ਦੇ ਪੈਰ,
ਉੱਗ ਆਇਆ ਮੱਥੇ ਪੱਥਰਾਂ ਦਾ ਜੰਗਲ ਲੱਗਦਾ ਹੈ।

ਤੋੜ ਕੇ ਸ਼ੀਸ਼ੇ, ਕੇਰ ਕੇ ਪੱਤੇ, ਲੰਘਿਆ ਦੀਪ ਬੁਝਾ,
ਇਹ ਝੋਕਾ ਵੀ ਮੇਰੇ ਵਰਗਾ ਪਾਗਲ ਲੱਗਦਾ ਹੈ।

ਭਾ ਜੀ, ਓਦਣ ਵੀ ਹਾੜ ਪੂਰਾ ਤਪ ਰਿਹਾ ਸੀ। ਲੂ ਨਾਲ ਆਲਾ-ਦੁਆਲਾ ਝਿਓਰੀ ਦੀ ਭੱਠੀ ਵਰਗਾ ਬਣਿਆ ਹੋਇਆ ਸੀ। ਮਿੱਟੀ ਘੱਟੇ ਤੇ ਗਰਮੀ ਵਾਲਾ। ਜੇ ਪੜ੍ਹਿਆਂ, ਲਿਖਿਆਂ ਵਾਲੀ ਭਾਸ਼ਾ 'ਚ ਕਹਾਂ ਤਾਂ ਤਾਪਮਾਨ ਸੰਤਾਲੀ ਡਿਗਰੀ ਤੋਂ ਉਪਰ ਹੋਊ। ਸ਼ਾਮ ਦੇ ਚਾਰ ਕੁ ਵਜੇ ਨਿਸ਼ੀ ਆਪਣੇ ਦਫਤਰ ਵੜਿਆ। ਨਿਸ਼ੀ ਯਾਨੀ ਨਰਿੰਦਰ ਸਿੰਘ, ਵੱਡੇ ਅਖ਼ਬਾਰ ਦਾ ਪੱਤਰਕਾਰ। ਦਸ ਕੁ ਮਿੰਟ ਦੇ ਮੋਟਰਸਾਇਕਲੀ ਸਫ਼ਰ ਨੇ ਹੀ ਉਸਦੇ ਸਰੀਰ ਨੂੰ ਝੁਲਸਾ ਕੇ ਰੱਖ ਦਿੱਤਾ ਸੀ। ਦਫ਼ਤਰ 'ਚ ਏਅਰ ਕੰਡੀਸ਼ਨ ਦੀ ਠੰਢੀ ਹਵਾ ਨੇ ਉਸਨੂੰ ਕੁਝ ਰਾਹਤ ਦਿੱਤੀ। ਠੰਢਾ ਪਾਣੀ ਪੀਤਾ, ਅੱਖਾਂ 'ਤੇ ਛਿੱਟੇ ਮਾਰੇ ਤਾਂ ਉਸਦੀ ਹੋਸ਼ ਟਿਕਾਣੇ ਆਈ।

ਐਨੇ ਨੂੰ ਖੇਤ ਮਜ਼ਦੂਰ ਯੂਨੀਅਨ ਦਾ ਆਗੂ ਬਲਰਾਜ ਸਿੰਘ ਆਪਣੀ ਬਿਰਧ ਮਾਂ ਨਾਲ ਦਫ਼ਤਰ ਅੰਦਰ ਆਇਆ। ਗਰਮੀ ਨਾਲ ਉਨ੍ਹਾਂ ਦਾ ਬੁਰਾ ਹਾਲ ਹੋਇਆ ਪਿਆ ਸੀ।

'ਸਾਸਰੀਕਾਲ ਬਾਈ ਜੀ... ਗਰਮੀ ਨੇ ਤਾਂ ਭੁੰਨ 'ਤੇ ਅੱਜ ਤਾਂ ਕੇਰਾਂ... ਕਿ ਨੀਂ।' ਬਲਰਾਜ ਨੇ ਹੱਥ ਨਾਲ ਮੂੰਹ ਨੂੰ ਝੱਲ ਮਾਰਦਿਆਂ ਕਿਹਾ, 'ਬਹਿ ਜਾ ਬੀਬੀ... ਚੱਲਦੇਆਂ ਸਾਹ ਲੈ ਕੇ... ਲੈ ਲਾ ਠੰਢੀ ਹਵਾ ਕੇਰਾਂ... ਮੇਰੀ ਮਾਂ ਆ ਜੀ... ਦਲੀਪ ਕੌਰ।' ਬਲਰਾਜ ਨੇ ਨਰਿੰਦਰ ਨਾਲ ਗੱਲ ਕੀਤੀ।

'ਬਲਰਾਜ ਐਨੀ ਗਰਮੀ 'ਚ ਕਿਥੋਂ ... ਅੱਜ ਤਾਂ ਨਿਰੀ ਅੱਗ ਵਰਦੀ ਆ ਯਾਰ।' ਨਿਸ਼ੀ ਨੇ ਬਲਰਾਜ ਤੇ ਉਸਦੀ ਮਾਂ ਦੇ ਧੂੜ ਨਾਲ ਅੱਟੇ ਪੈਰਾਂ ਤੇ ਮੁੜ੍ਹਕੇ ਨਾਲ ਗੜੁੱਚ ਹੋਏ ਕੱਪੜਿਆਂ ਵੱਲ ਵੇਖਦਿਆਂ ਪੁੱਛਿਆ।

ਮੁੰਡੇ ਨੇ ਉਨ੍ਹਾਂ ਨੂੰ ਪਾਣੀ ਦਿੱਤਾ। ਬਲਰਾਜ ਨੇ ਤਾਂ ਪੀ ਲਿਆ ਪਰ ਉਸਦੀ ਮਾਂ ਨੇ ਵਾਪਸ ਕਰ ਦਿੱਤਾ।

'ਬੀਬੀ ਨੇ ਨੀਂ ਪੀਣਾ... ਪੀ ਨੀਂ ਹੁੰਦਾ ਵਿਚਾਰੀ ਤੋਂ... ਬੀਬੀ ਲਈ ਆਹ ਧਾਗਾ ਕਰਾਉਣ ਗਏ ਸੀ ਜੀ ਸਰਸੇ ਅੱਲ... ਐਹਦੀ ਜੀਭ ਤੇ ਜਖਮ ਜਿਆ ਕਾਫੀ ਚਿਰ ਦਾ... ਖਾਧਾ ਪੀਤਾ ਨੀਂ ਜਾਂਦਾ ਕੁਸ਼... ਕਹਿੰਦੇ ਉਥੋਂ ਵੱਡੇ ਵੱਡੇ ਮਰੀਜ਼ ਠੀਕ ਹੋਏ ਆ... ਬੀਬੀ ਵੀ ਠੀਕ ਹੋ ਜੂ... ਕਿ ਨੀਂ...।' ਬੋਲਦਿਆਂ ਉਸਨੇ ਆਪਣੀ ਮਾਤਾ ਦਾ ਮੂੰਹ ਨਿਸ਼ੀ ਵੱਲ ਕਰਕੇ ਇਸ਼ਾਰਾ ਕੀਤਾ ਤਾਂ ਮਾਈ ਨੇ ਡਾਢੀ ਤਕਲੀਫ ਨਾਲ ਥੋੜ੍ਹਾ ਜਿਹਾ ਮੂੰਹ ਖੋਲ੍ਹਿਆ। ਜੀਭ ਫੁੱਲ ਵਾਂਗ ਖਿੱਲਰੀ ਪਈ ਸੀ। ਔੜ ਨਾਲ ਪਾਟੀ ਹੋਈ ਧਰਤੀ ਵਰਗੀ ਵੀ ਸੀ ਤੇ ਮਤੀਰੇ ਦੀਆਂ ਲਾਲ-ਲਾਲ ਫਾੜੀਆਂ ਵਰਗੀ ਵੀ। ਜਿਵੇਂ ਚਾਕੂ ਨਾਲ ਜੀਭ 'ਚ ਕਈ ਚੀਰੇ ਦੇ ਦਿੱਤੇ ਹੋਣ। ਫਿਰ ਮਾਤਾ ਨੇ ਹੌਲੀ ਕੁ ਦੇਣੇ ਮੂੰਹ ਬੰਦ ਕਰ ਲਿਆ। ਦਰਦ ਨਾਲ ਉਸਦੀਆਂ ਅੱਖਾਂ 'ਚ ਪਾਣੀ ਆ ਗਿਆ। ਉਸਨੇ ਠੋਡੀ ਥੱਲੇ ਹੱਥ ਦਾ ਸਹਾਰਾ ਦੇ ਕੇ ਕੂਹਣੀ ਮੇਜ਼ 'ਤੇ ਰੱਖ ਲਈ, ਜਿਵੇਂ ਦਰਦ ਨੂੰ ਸਹਿਣ ਕਰਨ ਲਈ ਤਾਕਤ ਇਕੱਠੀ ਕਰ ਰਹੀ ਹੋਵੇ। ਉਸਦੇ ਸੁੱਕੇ ਤੇ ਕਾਲੇ ਚਿਹਰੇ ਉਪਰ ਦਰਦ ਦੀ ਇਕ ਹੋਰ ਤੈਅ ਵਿਛ ਗਈ।

' ਇਹ ਤਾਂ ਕੈਂਸਰ ਆ। ਕੈਂਸਰ ਨੇ ਉਸਦੀ ਜੀਭ ਗਾਲ 'ਤੀ। ਮੂੰਹ ਦੇ ਹੋਰ ਹਿੱਸਿਆਂ 'ਚ ਵੀ ਇਹ ਫੈਲਿਆ ਹੋਊ। ਇਹੋ ਜਿਹੀ ਹਾਲਤ 'ਚ ਖਾਣਾ ਪੀਣਾ ਤਾਂ ਦੂਰ ਥੁੱਕ ਲੰਘਾਉਣਾ ਵੀ ਔਖਾ ਹੋ ਜਾਂਦੈ। ਬੋਲ ਨਹੀਂ ਹੁੰਦਾ। ਬੇਇੰਤਹਾ ਦਰਦ ਹੁੰਦੈ...।' ਆਪਣੇ ਆਪ ਨਾਲ ਗੱਲ ਕਰਦਿਆਂ ਨਿਸ਼ੀ ਨੂੰ ਤਰੇਲੀਆਂ ਆ ਗਈਆਂ।

'ਹੂੰ... ਬਲਰਾਜ ਹੋਰ ਤਾਂ ਬਥੇਰੀਆਂ ਗੱਲਾਂ ਕਰ ਲੈਂਦਾ ਮੇਰੇ ਨਾਲ, ਪਰ ਮਾਂ ਦੇ ਕੈਂਸਰ ਵਾਲੀ ਗੱਲ ਕਦੇ ਕਿਉਂ ਨਹੀਂ ਕੀਤੀ।' ਸੋਚਦਿਆਂ ਇਕੋ ਵੇਲੇ ਨਿਸ਼ੀ ਦਾ ਮੂਡ ਤਰਸ ਤੇ ਗੁੱਸੇ ਵਾਲਾ ਬਣ ਗਿਆ।

ਹੁਣ ਅਗਲੀ ਗੱਲ ਤੋਂ ਪਹਿਲਾਂ ਮੈਂ ਤੁਹਾਨੂੰ ਬਲਰਾਜ ਸਿੰਘ ਬਾਰੇ ਦੱਸ ਦਿਆਂ। ਬਲਰਾਜ ਦਲਿਤ ਤੇ ਅਸਲੋਂ ਗਰੀਬ ਪਰਿਵਾਰ ਦਾ ਮੁੰਡਾ ਹੈ। ਉਸਦਾ ਬਾਪ ਬਚਪਨ ਵਿਚ ਹੀ ਪੂਰਾ ਹੋ ਗਿਆ ਸੀ। ਦਸ ਕੁ ਜਮਾਤਾਂ ਮਸਾਂ ਪੜ੍ਹੀਆਂ। ਫੇਰ ਢਿੱਡ ਭਰਨ ਲਈ ਪਿਓ ਦੀ ਥਾਂ ਜ਼ੈਲਦਾਰਾਂ ਦੇ ਦਿਹਾੜੀਆ ਲੱਗ ਗਿਆ। ਇਕ ਵਾਰ ਨਰਮੇ 'ਤੇ ਡਰੰਮੀ ਨਾਲ ਸਪ੍ਰੇਅ ਕਰਦਿਆਂ ਦਵਾਈ ਚੜ੍ਹ ਗਈ। ਬੇਹੋਸ਼ ਹੋ ਗਿਆ। ਨਾਲ ਦੇ ਮਜ਼ਦੂਰ ਹਸਪਤਾਲ ਲੈ ਗਏ। ਉਸਦੀ ਮਾਂ ਤੇ ਵਿਹੜੇ ਵਾਲੇ ਜ਼ੈਲਦਾਰ ਕੋਲੋਂ ਮਦਦ ਮੰਗਣ ਗਏ ਤਾਂ ਅੱਗੋਂ ਉਹ ਉਲਟਾ ਭੱਜ ਕੇ ਪਿਆ, 'ਮੈਂ ਤਾਂ ਪਹਿਲਾਂ ਹੀ ਲਿਖਵਾਇਆ ਹੋਇਆ ਕਿ ਖੇਤ 'ਚ ਕੰਮ ਕਰਦਿਆਂ ਜਾਨੀ ਨੁਕਸਾਨ ਹੋਣ 'ਤੇ ਮਜ਼ਦੂਰ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਥੋੜ੍ਹਾ ਉਹਦੇ 'ਤੇ ਸਪ੍ਰੇਅ ਛਿੜਕੀ ਆ... ਧਿਆਨ ਨਾਲ ਕੰਮ ਕਰੇ ਖਾਂ... ਹੁਣ ਮੈਂ ਕੀ ਕਰਾਂ, ਮੇਰਾ ਤਾਂ ਸਗੋਂ ਕੰਮ ਖੜ ਗਿਆ।'

ਖੇਤ ਮਜ਼ਦੂਰਾਂ ਦੀ ਯੂਨੀਅਨ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਨੇ ਚੱਘਾ ਚੁੱਕ ਲਿਆ ਤੇ ਅਖੀਰ ਜ਼ੈਲਦਾਰ ਦੀ ਸੰਘੀ 'ਚ ਹੱਥ ਦੇ ਕੇ ਬਲਰਾਜ ਨੂੰ ਪੂਰਾ ਖਰਚਾ ਦਵਾਇਆ। ਮਰਨੋਂ ਬਚਿਆ। ਹਸਪਤਾਲੋਂ ਨਿਕਲਦਾ ਹੀ ਬਲਰਾਜ ਯੂਨੀਅਨ ਦਾ ਮੈਂਬਰ ਬਣ ਗਿਆ। ਸਮਝਦਾਰ ਤੇ ਚੰਗੀ ਸਿਆਸੀ ਸੂਝ ਰੱਖਣ ਕਰਕੇ ਪਹਿਲਾਂ ਪਿੰਡ ਕਮੇਟੀ, ਫਿਰ ਸੂਬਾ ਕਮੇਟੀ ਦਾ ਕੁਲਵਕਤੀ ਮੈਂਬਰ ਬਣਿਆ ਤੇ ਹੁਣ ਯੂਨੀਅਨ ਦਾ ਜਨਰਲ ਸਕੱਤਰ ਆ।

ਗੁਰਸੇਵਕ ਸਿੰਘ ਪ੍ਰੀਤ
ਦੀ ਨਵੀਂ ਕਹਾਣੀ

# ਗਰੀਨ ਹੰਟ

ਜਥੇਬੰਦੀ ਦੀਆਂ ਕਾਰਵਾਈਆਂ ਦੇ ਪ੍ਰੈਸ ਨੋਟ ਦੇਣ ਅਕਸਰ ਕਿਸਾਨ ਯੂਨੀਅਨ ਦੇ ਆਗੂ ਮੱਖਣ ਸਿੰਘ ਨਾਲ ਉਹੀ ਪੱਤਰਕਾਰਾਂ ਕੋਲ ਜਾਂਦਾ। ਇਸੇ ਕਰਕੇ ਉਸਦੀ ਨਿਸ਼ੀ ਨਾਲ ਚੰਗੀ ਸਾਂਝ ਬਣ ਗਈ।

'ਚੰਗਾ ਬਾਈ ਜੀ ਚੱਲਦੇ ਆਂ। ਬੱਸ ਦਾ ਟੈਮ ਹੋ ਗਿਆ... ਆਪ੍ਰੇਸ਼ਨ ਗਰੀਨ ਹੰਟ ਵਿਰੋਧੀ ਫਰੰਟ ਦੀ ਕਨਵੈਨਸ਼ਨ ਬਾਰੇ ਲੋਕਾਂ ਨੂੰ ਜਾਗਰੁਕ ਕਰਨ ਲਈ ਪਿੰਡਾਂ 'ਚ ਝੰਡਾ ਮਾਰਚ ਚੱਲ ਰਿਹੈ... ਖ਼ਬਰ ਲਾ ਦਿਓ ... ਮੈਂ ਮਾਰੂੰ ਗੇੜਾ ਸਵੇਰੇ ... ਚੰਗਾ ਜੀ...।' ਉਸਨੇ ਮਾਤਾ ਨੂੰ ਆਸਰਾ ਦੇ ਕੇ ਖੜੇ ਕਰਦਿਆਂ ਕਿਹਾ।

'ਹਾਂ, ਚੰਗਾ... ਲਾ ਦੂੰ...।' ਨਿਸ਼ੀ ਉਖੜਿਆ ਜਿਹਾ ਬੋਲਿਆ।

'ਬਲਰਾਜ, ਇਕ ਮਿੰਟ ਆਈਂ ਜ਼ਰਾ...।' ਬੂਹੇ ਤੋਂ ਬਾਹਰ ਨਿਕਲਦੇ ਬਲਰਾਜ ਨੂੰ ਨਿਸ਼ੀ ਨੇ ਕਾਹਲੀ ਨਾਲ ਆਵਾਜ਼ ਮਾਰੀ।



'ਬੀਬੀ ਦੀ ਜੀਭ ਤਾਂ ... ਯਾਰ ਇਸਦਾ ਡਾਕਟਰੀ ਇਲਾਜ ਕਰਾਓ ਕੋਈ... ਧਾਗੇ ਧੂਗੇ... ਟੈਸਟ ਕਰਾਓ ਪਹਿਲਾਂ... ਮੈਨੂੰ ਲੱਗਦਾ ਇਹ ਕੈਂਸਰ ਆ... ਵੈਸੇ ਠੀਕ ਹੋ ਜੂ... ਤੂੰ ਡਰ ਨਾ... ਮੈਂ ਕਹਿਦੂੰ ਡਾਕਟਰ ਨੂੰ... ਪਹਿਲਾਂ ਟੈਸਟ... ਬੀਬੀ ਕੋਲ ਗੱਲ ਨਾ ਕਰੀਂ... ਪਹਿਲਾਂ ਆਪਾਂ ਟੈਸਟ...।' ਨਿਸ਼ੀ ਦੀ ਅਵਾਜ਼ ਮਸਾਂ ਹੀ ਨਿਕਲ ਰਹੀ ਸੀ, ਜਿਵੇਂ ਕੈਂਸਰ ਉਸਦੀ ਜੀਭ ਨੂੰ ਹੋਇਆ ਹੋਵੇ।

'ਮੈਨੂੰ ਪਤੈ ਬਾਈ ਜੀ, ਬਈ ਇਹ ਕੈਂਸਰ ਆ... ਪਰ ਕੀ ਕਰੀਏ... ਕੀ 'ਲਾਜ ਕਰਾਈਏ... ਕਿਹੜਾ ਕੋਈ ਜਾਇਦਾਦ ਪਈ ਆ ਬਈ ਵੇਚ ਕੇ ਲਾਦੀਏ... ਕਿ ਨੀਂ... ਮੈਂ ਤਾਂ ਆਪਣੇ ਉਸੇ ਫਾਰਮੂਲੇ 'ਤੇ ਕੰਮ ਕਰਦਾਂ... ਮੰਨੋ ਈ ਨਾ ਬਈ ਇਹ ਕੈਂਸਰ ਆ... ਬੀਬੀ ਨੂੰ ਵੀ ਤਸੱਲੀ ਆ ਬਈ ਧਾਗੇ ਤਵੀਤ ਨਾਲ ਠੀਕ ਹੋ ਜੂ... ਉਹ ਕਹਿੰਦੀ ਆ ਕਿਸੇ ਨੇ ਕੁਝ ਕਰਾਇਆ... ਮੈਂ ਵੀ ਹਾਂ ਕਹਿ ਦਿੰਨਾਂ... ਕਈ ਸਾਲ ਹੋ ਗਏ ਨੇ... ਪਾਣੀ 'ਚ ਘੋਲ ਕੇ ਰੋਟੀ-ਰਾਟੀ ਖਾ ਲੈਂਦੀ ਆ... ਕੋਈ ਨੀਂ ਬਾਈ ਜੀ ਤੁਸੀਂ ਕੰਮ ਕਰੋ...ਸਾਡਾ ਤਾਂ ਐਦਾਂ ਈ ਚੱਲਦੈ... ਅਸੀਂ ਲੇਟ ਹੁਨੇ ਆ... ਨਾਲੇ ਗਰਮੀ... ਕੱਲ ਦੀ ਮੀਟਿੰਗ ਲਈ ਬੰਦਿਆਂ ਨੂੰ ਸੁਨੇਹੇ ਵੀ ਲਾਉਣੇ ਆ... ਕਿ ਨੀਂ...।' ਕਹਿ ਕੇ ਉਹ ਬੂਹਿਓਂ ਬਾਹਰ ਹੋ ਗਿਆ।

ਭਾ ਜੀ, ਪਤਾ ਨਹੀਂ ਬਲਰਾਜ ਕਿਹੜੀ ਮਿੱਟੀ ਦਾ ਬਣਿਆ। ਮਿੱਟੀ ਹੀ ਮਿੱਟੀ ਹੈ ਉਸ ਕੋਲ। ਕੱਪੜਿਆਂ 'ਚ ਵੀ ਮਿੱਟੀ। ਸਿਰ 'ਚ ਵੀ ਮਿੱਟੀ। ਮਿੱਟੀ ਨਾਲ ਤਾਂ ਜਿਵੇਂ ਉਸਦਾ ਲਹੂ ਮਾਸ ਦਾ ਰਿਸ਼ਤਾ ਹੋਵੇ। ਤਾਂ ਹੀ ਇਕ ਦਿਨ ਜਦੋਂ ਨਿਸ਼ੀ ਨੇ ਉਸਨੂੰ ਪੁੱਛਿਆ, 'ਬਲਰਾਜ ਤੂੰ ਲਿਬੜਿਆ ਜਿਹਾ ਕਿਉਂ ਰਹਿਣਾ। ਕੱਪੜੇ ਧੋ ਕੇ ਰੱਖਿਆ ਕਰ, ਲੀਡਰ ਬੰਦੈ... ਤਰ੍ਹਾਂ-ਤਰ੍ਹਾਂ ਦੇ ਲੋਕਾਂ 'ਚ ਉਠਦਾਂ ਬੈਠਦਾਂ ਸਾਰਾ ਦਿਨ।'

ਅੱਗੋਂ ਬਲਰਾਜ ਕਹਿੰਦਾ,'ਲਿਬੜਿਆ ਹੋਣ ਕਰਕੇ ਤਾਂ ਚਿੱਟਕਪੜੀਏ ਮੇਰੇ ਕੋਲੋਂ ਡਰਦੇ ਆ ਬਾਈ ਜੀ... ਜਿਵੇਂ ਸਰਕਾਰ ਮਾਓਵਾਦੀਆਂ ਤੋਂ ਡਰਦੀ ਆ... ਕਿ ਨੀਂ...।' ਉਸਨੇ ਆਪਣੇ ਅੰਦਾਜ਼ ਵਿਚ ਉਲਟਾ ਨਿਸ਼ੀ ਨੂੰ ਸਵਾਲ ਕਰ ਦਿੱਤਾ। ਬਲਰਾਜ ਚਲਾ ਗਿਆ। ਉਸਦੀ ਬੀਬੀ ਵੀ ਚਲੀ ਗਈ। ਪਰ ਨਿਸ਼ੀ ਦਾ ਧਿਆਨ ਖ਼ਬਰਾਂ ਵੱਲ ਨਹੀਂ ਸੀ ਜਾ ਰਿਹਾ। ਉਹ ਕੈਂਸਰ ਦੇ ਨਾਂ ਤੋਂ ਹੀ ਘਬਰਾਇਆ ਹੋਇਆ ਸੀ।

ਅਗਲੇ ਦਿਨ ਪ੍ਰੈਸ ਨੋਟ ਦੇਣ ਆਇਆ ਬਲਰਾਜ ਦੱਸਣ ਲੱਗਿਆ, 'ਬਾਈ ਜੀ ਕੱਲ ਪਿੰਡ 'ਚ ਫਰੰਟ ਦੀ ਮੀਟਿੰਗ ਕਰਨ ਲੱਗੇ ਤਾਂ ਚੇਅਰਮੈਨ ਦਾ ਕੁੜਮ ਗੁਲਜ਼ਾਰਾ ਬੁੱਘ ਕਹਿੰਦਾ, ਮੀਟਿੰਗਾਂ ਕਰਕੇ ਤੁਸੀਂ ਕੀ ਫੱਨੂ ਪੱਟ ਲੋਂਗੇ ਓਏ... ਜੇ ਅਸੀਂ ਚਾਹੀਏ ਤਾਂ ਤਾਅਨੂੰ ਮਾਰ ਕੇ ਮਰੀਕਾ ਸਿੱਟ ਆਈਏ... ਲਓ ਜੀ ਮੈਂ ਕਹਿਤਾ ਚਾਚਾ ਅਸੀਂ ਤਾਂ ਮਰਕੇ ਮਰੀਕਾ ਜਾਵਾਂਗੇ ਪਰ ਲੋਕ ਤਾਂ ਉਥੋਂ ਮਰਕੇ ਏਧਰ ਨੂੰ ਆਈ ਜਾਂਦੇ ਨੇ... ਬੱਸ, ਬੁੱਘ ਨੂੰ ਲੱਗਗੀ ਅੱਗ... ਕਹਿੰਦਾ ਤੁਹਾਡੇ ਬੁੜ੍ਹੇ ਸਾਡੇ ਮੂਹਰੇ ਅੱਖ ਨੀਂ ਚੁੱਕਦੇ... ਤੇ ਤੁਸੀਂ ਲੁਤਰ ਲੁਤਰ ਬੋਲਦੇ ਓਂ... ਕੋਈ ਨੀਂ ਕਰਾਂਗੇ ਸਿੱਧੇ ਤੁਹਾਨੂੰ... ਪਰ ਬਾਈ ਜੀ ਆਪਾਂ ਨੀਂ ਪਰਵਾਹ ਕਰੀਦੀ... ਕਿ ਨੀਂ... ਅਸਲ ਗੱਲ ਇਹ ਆ ਬਈ ਬੁੱਘ ਦਾ ਮੁੰਡਾ ਗਿਆ ਸੀ ਮਰੀਕਾ ਉਥੇ ਨਸ਼ੇ ਨੁਸ਼ੇ ਵੇਚਦਾ ਸੀ, ਬਦਮਾਸ਼ਾਂ ਦੀ ਆਪਸੀ ਲੜ੍ਹਾਈ 'ਚ ਮਾਰਿਆ ਗਿਆ ... ਡੈਡ ਬਾਡੀ ਈ ਏਧਰ ਆਈ ਸੀ ... ਬੱਸ ਜੀ ਬੁੱਘ ਦੇ ਤਾਂ ਲੱਗਗੀਆਂ ਮਿਰਚਾਂ... ਬਾਈ ਜੀ ਆਪਣੇ ਕੋਲ ਤਾਂ ਆਹੀ ਹਥਿਆਰ ਆ ਇਨ੍ਹਾਂ ਦੇ ਫੱਟ ਲਾਉਣ ਆਲਾ ਗਰੀਨ ਫਰੰਟ ਆਲਿਆਂ ਵਾਂਗੂੰ... ਜਦੋਂ ਤੜਪਦੇ ਨੇ ਤਾਂ ਸਵਾਦ ਆ ਜਾਂਦੈ... ਹੋਰ ਆਪਾਂ ਕਿਸੇ ਦੇ ਡਾਂਗ ਥੋੜ੍ਹਾ ਮਾਰਨੀ ਆ... ਕਿ ਨੀਂ।'

'ਬਲਰਾਜ, ਜੇ ਹੋਰ ਨਹੀਂ ਤਾਂ ਬੀਕਾਨੇਰ ਈ ਇਲਾਜ ਕਰਾਲਾ ਬੀਬੀ ਦਾ... ਪੈਸੇ ਪੂਸੇ ਮੈਂ 'ਕੱਠੇ ਕਰਾ ਦੂੰ... ਕੋਈ ਬਹੁਤਾ ਖਰਚ ਨੀਂ ਆਉਂਦਾ ਉਥੇ... ਡੀ.ਸੀ. ਤੋਂ ਮਨਜ਼ੂਰ ਕਰਾ ਲਾਂਗੇ... ਐਮ. ਪੀ. ਫੰਡ 'ਚੋਂ ਲੈ ਲਾਂ ਗੇ... ਨਾਲੇ ਤੂੰ ਕੀ ਲੈਣਾ ਗਰੀਨ ਫਰੰਟ ਤੋਂ ...।' ਨਿਸ਼ੀ ਨੇ ਬਲਰਾਜ ਦੀ ਗੱਲ ਪਾਸੇ ਕਰਦਿਆਂ ਆਪਣੀ ਚਿੰਤਾ ਜ਼ਾਹਿਰ ਕੀਤੀ।

'ਲਓ ਬਾਈ ਜੀ ਤੁਸੀਂ ਤਾਂ ਸੰਸਾ ਲਾ ਕੇ ਬਹਿਗੇ... ਲੈ ਥੋਨੂੰ ਮੈਂ ਇਕ ਹੋਰ ਗੱਲ ਦੱਸਾਂ, ਬੀਬੀ ਨੂੰ ਤਾਂ ਜਦੋਂ ਬੀਕਾਨੇਰ ਲੈ ਕੇ ਜਾਵਾਂਗੇ ਉਦੋਂ ਈਂ ਲਿਜਾਵਾਂਗੇ, ਨੰਬਰਦਾਰਾਂ ਦੇ ਬਾਬੇ ਗੁੱਜਰ ਨੂੰ ਤਾਂ ਮੈਂ ਚੜ੍ਹਾ ਤਾਂ ਬੰਬੇ ਨੂੰ। ਉਹਦੀ ਗਰਦਨ 'ਤੇ ਗੰਢ ਜੀ ਸੀ... ਮੈਂ ਕਿਹਾ ਤਾਇਆ ਇਹ ਤਾਂ ਕੈਂਸਰ ਦੀ ਲੱਗਦੀ ਆ... ਅਗਲੇ ਦਿਨ ਈ ਤੁਰ ਗਿਆ ਲੁਦਿਆਣੇ... ਓਸਵਾਲ ਆਲੇ ਕਹਿੰਦੇ ਸ਼ੱਕ ਤਾਂ ਕੈਂਸਰ ਦਾ... ਬੰਬੇ ਟੈਸਟ ਭੇਜਾਂਗੇ ਮਹੀਨੇ ਕੁ ਨੂੰ ਪਤਾ ਲੱਗੂ... ਲਓ ਜੀ ਬਾਬੇ ਗੁੱਜਰ ਦੀ ਤਾਂ ਪਈ ਮੋਕ ਵੱਜੇ ... ਕਹਿੰਦਾ ਤੁਸੀਂ ਕਦੋਂ ਟੈਸਟ ਭੇਜਿਆ ਤੇ ਕਦੋਂ ਆਇਆ ... ਮੈਂ ਤਾਂ ਮਰਜੂੰ ਉਦੋਂ ਨੂੰ... ਬਈ ਤੇਰੇ ਬਿਨਾਂ ਦੱਸ ਕੀ ਸ਼ੇਅਰ ਬਜ਼ਾਰ ਦਾ ਸੂਚਕ ਅੰਕ ਡਿੱਗ ਜੂ... ਅੱਸੀਆਂ ਨੂੰ ਤਾਂ ਟੱਪਿਆ ਪਿਐ... ਕਿ ਨੀਂ... ਭੱਜ ਗਿਆ ਸਿੱਧਾ ਬੰਬੇ ਨੂੰ ... ਉਨ੍ਹਾਂ ਉਥੇ ਹੀ ਤਾੜ ਲਿਆ... ਲੱਖਾਂ ਰੁਪਏ ਪਹਿਲਾਂ ਜਮ੍ਹਾਂ ਕਰਾ ਲਏ ਅਗਲਿਆਂ ਨੇ... ਬਾਈ ਜੀ ਹੁਣ ਤੁਸੀਂ ਦੱਸੋ ਆਪਾਂ ਬੀਬੀ ਦਾ ਲਾਜ ਕੀ ਕਰਾਲਾਂਗੇ... ਆਪੇ ਸਾਲਾ ਰੱਬ ਠੀਕ ਕਰੂ... ਨਹੀਂ ਤਾਂ ਲੈ ਜੂ... ਫੇਰ ਕਿਹੜਾ...।' ਭਰ ਆਈਆਂ ਅੱਖਾਂ ਪੂੰਝ ਕੇ ਬਲਰਾਜ ਫੇਰ ਬੋਲਣ ਲੱਗਾ,' ਬਾਈ ਜੀ, ਤੁਸੀਂ ਤਾਂ 'ਖਬਾਰਾਂ ਆਲੇ ਓਂ... ਗਰੀਬਾਂ ਦਾ ਸਰਵੇ ਕਰਾ ਕੇ ਦੇਖ ਲੋ... ਸੌ ਚੋਂ ਨੜਿਨਵਿਆਂ ਨੂੰ ਵੇਖ ਕੇ ਤਾਂ ਡਾਕਟਰ ਊਂ ਪਾਗਲ ਹੋ ਜਾਣਗੇ, ਬਈ ਇਹ ਜਿਓਂਦੇ ਕਿਵੇਂ ਫਿਰਦੇ ਆ... ਕਿਸੇ ਨੂੰ ਕੈਂਸਰ ਆ, ਕਿਸੇ ਦੇ ਫੇਫੜੇ ਗਲੇ ਪਏ ਆ, ਟੀਬੀ, ਯੂਰੀਆ, ਪੱਥਰੀ ... ਅਲਰਜੀ ਤੋਂ ਤਾਂ ਕੋਈ ਬਚਿਆ ਈ ਨਹੀਂ, ਅੰਨ੍ਹੇ ਹੋਏ ਵੀ ਤੁਰੇ ਫਿਰਦੇ ਆ... ਹਾਰਟ-ਹੂਰਟ ਦੀ ਬਿਮਾਰੀ ਨੂੰ ਤਾਂ ਅਸੀਂ ਊਂ ਈ ਨਹੀਂ ਗੌਲਦੇ... ਜਿਨ੍ਹਾਂ ਨੂੰ ਡਾਕਟਰ ਕਹਿੰਦੇ ਆ ਮੰਜੇ ਤੋਂ ਨਾ ਉਤਰੀਂ, ਮਰਜੈਂਗਾ, ਉਹ ਤਾਂ ਰਿਕਸ਼ੇ ਧੂਹਦੇਂ ਫਿਰਦੇ ਆ, ਕੀ ਕਰਨ ... ਕੰਨੂ ਦੇ ਸਹੁਰੇ ਨੂੰ ਡਾਕਟਰ ਕਹਿੰਦੇ ਸ਼ੂਗਰ ਆ ਮਿੱਠੇ ਨੂੰ ਹੱਥ ਨੀਂ ਲਾਉਣਾ... ਗੁਰਦਵਾਰੇ ਗ੍ਰੰਥੀ ਆ ਉਹ... ਕਹਿੰਦਾ ਹੁਣ ਆਖਰੀ ਉਮਰੇ ਘਿਓ ਮਿੱਠਾ ਮਿਲਣ ਲੱਗਿਆ ਤਾਂ ਛੱਡ ਦਿਆਂ... ਕੋਈ ਨੀ ਖਾਂਦੇ ਪੀਂਦੇ ਮਰਾਂਗੇ... ਸੁੱਕੀਆਂ ਖਾ ਕੇ ਜਿਓਣ ਨਾਲੋਂ ਤਾਂ ਚੰਗਾ... ਕਿ ਨੀਂ...।'

ਭਾ ਜੀ ਮੈਂ ਤਾਂ ਜਾਣਦਾਂ, ਇਹ ਬਲਰਾਜ ਦੀ ਪਾਲਸੀ ਆ ਕਿ ਉਹ ਸਿੱਧਾ ਹਮਲਾ ਨਹੀਂ ਕਰਦਾ ਸਗੋਂ ਅਗਲੇ ਨੂੰ ਹਮਲਾ ਕਰਨ ਲਈ ਉਕਸਾਉਂਦਾ ਜਾਂ ਭੱਜਣ ਲਈ ਮਜਬੂਰ ਕਰਦਾ। ਇਹੋ ਜਿਹੀਆਂ ਹਰਕਤਾਂ ਉਸਨੇ ਕਈ ਵਾਰ ਕੀਤੀਆਂ ਨੇ। ਇਕ ਵਾਰ ਉਨ੍ਹਾਂ ਦੇ ਪਿੰਡ ਦੇ ਲੈਂਡਲਾਰਡ 'ਬਾਗਾਂ ਵਾਲਿਆਂ' ਨੇ ਆਪਣੇ ਮੁੰਡੇ ਗੇਲੀ ਨੂੰ ਕਾਰ ਲੈ 'ਤੀ, 'ਅਖੇ ਮੁੰਡਾ ਵਿਆਹੁਣਾ... ਕੋਲੇ ਕਾਰ ਹੋਊ ਤਾਂ ਹੀ ਅਗਲਾ ਬਲੈਰੋ ਦਊ।' ਗੇਲੀ ਵਿਹਲਾ ਸਾਰਾ ਦਿਨ ਕਾਰ 'ਚ ਲਾ ਕੇ ਡੈੱਕ ਪਿੰਡ ਦੀਆਂ ਗਲੀਆਂ 'ਚ ਗੇੜੇ ਦਿੰਦਾ ਫਿਰਿਆ ਕਰੇ। ਵਿਹੜੇ ਵੱਲ ਜ਼ਿਆਦਾ 'ਰੋਂਡੀਆਂ' ਮਾਰੇ। ਪਾਡੀ ਮਾਰਨ ਦੀ ਤਾਂ ਸਾਰੇ ਬਾਗਾਂ ਵਾਲਿਆਂ ਨੂੰ ਆਦਤ ਹੈਗੀ ਆ। ਵਿਹੜੇ ਵਾਲਿਆਂ ਦਾ ਪੰਮਾ ਜਿਹੜਾ ਪੇਪਰ ਮਿੱਲ 'ਚ ਟਰੈਕਟਰ ਦਾ ਡਰਾਈਵਰ ਲੱਗਿਆ ਹੋਇਐ, ਕਹਿੰਦਾ ਮੈਂ ਤਾਂ ਗੇਲੀ ਦੀ ਕਾਰ ਠੋਕਣੀ ਆ। ਉਸਦੇ ਘਰਦਿਆਂ ਨੇ ਬਲਰਾਜ ਨੂੰ ਦੱਸਿਆ। ਬਲਰਾਜ ਕਹਿੰਦਾ,' ਕਮਲਿਆ ਇਹ ਜੱਟਵੈੜ ਠੋਕਿਆਂ ਨਹੀਂ ਠੀਕ ਹੋਣੀ... ਢੰਗ ਨਾਲ ਮਸਲਾ ਹੱਲ ਕਰਨਾ ਪਊ।' ਲਓ ਜੀ ਬਲਰਾਜ ਹੋਰਾਂ ਨੇ ਹਜ਼ਾਰ ਪੰਦਰਾ ਸੌ ਰੁਪਈਆ ਲਾ ਕੇ ਟਰੈਕਟਰ 'ਤੇ ਡੈੱਕ ਲਵਾ ਲਿਆ। ਪੰਮਾ ਰਾਤ ਨੂੰ ਗਿਆਰਾਂ ਕੁ ਵਜੇ ਜਦੋਂ ਟਰੈਕਟਰ ਲੈ ਕੇ ਪਿੰਡ ਵੜਦਾ ਤਾਂ ਫੁਲ ਅਵਾਜ਼ 'ਚ ਡੈੱਕ ਛੱਡ ਕੇ ਬਾਗਾਂ ਆਲਿਆਂ ਦੇ ਬਾਰ ਮੂਹਰੋਂ ਦੀ ਲੰਘਦਾ। ਦੋ ਕੁ ਦਿਨਾਂ ਬਾਅਦ ਬਾਗਾਂ ਵਾਲਿਆਂ ਨੇ ਪੰਚਾਇਤ 'ਕੱਠੀ ਕਰਲੀ... ਕਹਿੰਦੇ ਪੰਮੇ ਦੇ ਟਰੈਕਟਰ ਤੋਂ ਡੈਕ ਲਹਾਓ... ਸਾਨੂੰ ਸੌਣ ਨੀਂ ਦਿੰਦਾ...। ਬਲਰਾਜ ਕਹਿੰਦਾ ਭਾਈ ਅਸੀਂ ਨਾ ਤੁਹਾਡੇ ਮੁੰਡੇ ਨੂੰ ਡੈਕ ਚਲਾਉਣ ਤੋਂ ਰੋਕੀਏ ਤੇ ਨਾ ਸਾਡੇ ਆਖੇ ਪੰਮਾ ਡੈਕ ਲਾਹੇ। ਬਾਗਾਂ ਵਾਲਿਆਂ ਨੇ ਥਾਣੇ ਦਰਖਾਸਤ ਦੇ 'ਤੀ। ਵਿਹੜੇ ਵਾਲੇ ਵੀ ਯੂਨੀਅਨ ਦੇ ਝੰਡੇ ਹੇਠ ਪਹੁੰਚ ਗਏ ਥਾਣੇ। ਜਾਂਦਿਆਂ ਨੂੰ ਐਸ.ਐਚ.ਓ. , ਬਲਰਾਜ ਹੋਰਾਂ ਨੂੰ ਭੱਜ ਕੇ ਪੈ ਗਿਆ,'ਕਹਿੰਦਾ ਤੁਹਾਡੇ ਪਿਓ ਦਾ ਰਾਜ ਆ ਓਏ, ਤੁਹਾਨੂੰ ਪਤਾ ਨਹੀਂ ਬਈ ਟਰੈਕਟਰ 'ਤੇ ਡੈੱਕ ਨਹੀਂ ਲੱਗ ਸਕਦਾ, ਇਹ ਗੈਰ ਕਾਨੂੰਨੀ ਆ...।' ਅਗੋਂ ਬਲਰਾਜ ਕਹਿੰਦਾ,'ਤੂੰ ਛੋਟਾ ਥਾਣੇਦਾਰ ਹੋ ਕੇ ਐਸ.ਐਚ.ਓਪ ਲੱਗਿਆਂ ਫਿਰਦਾਂ ਤੇ ਵੱਡਾ ਥਾਣੇਦਾਰ ਤੇਰੇ ਹੇਠਾਂ ਕੰਮ ਕਰ ਸਕਦੈ ਤਾਂ ਟਰੈਕਟਰ 'ਤੇ ਡੈਕ ਵੀ ਲੱਗ ਸੱਕਦੇ... ਕਿ ਨੀਂ... ਸਾਡਾ ਟਰੈਕਟਰ, ਸਾਡਾ ਤੇਲ , ਸਾਡਾ ਡੈਕ, ਸਾਡਾ ਘਰ, ਸਾਡਾ ਵਿਹੜਾ, ਵਿਹੜੇ ਆਲੇ ਕਿਸੇ ਨੂੰ 'ਤਰਾਜ ਨੀਂ ਹੋਰਾਂ ਦਾ ਦੱਸ ਕੀ ਢਿੱਡ ਦੁੱਖਦੈ...।' ਐਸ.ਐਚ.ਓ. 'ਤਾਹਾਂ-ਠਾਹਾਂ ਵੇਖੇ। ਅਖ਼ੀਰ ਉਸ ਨੇ ਦੋਹਾਂ ਨੂੰ ਡੈੱਕ ਨਾ ਲਾਉਣ ਦਾ ਦਬਕਾ ਮਾਰ ਕੇ ਤੋਰ ਦਿੱਤਾ।

ਅਈਂ 'ਕੇਰਾਂ ਟਿੱਬੀ ਆਲਿਆਂ ਦਾ 'ਕਿੰਦਰ' ਪੱਚੀ ਹਜ਼ਾਰ ਰੁਪਏ ਦਾ ਬਲਿਯੂ ਬੇਰੀ ਮੋਬਾਈਲ ਲਿਆਇਆ। ਤੀਂਘੜਿਆ ਫਿਰੇ । ਅਖੈ, ਲਾਗੇ ਤਾਗੇ ਦੇ ਪੰਜਾਹ ਪਿੰਡਾਂ 'ਚ ਹੈ ਨੀ ਐਹੋ ਜਿਹਾ। ਫੁਲ 'ਵਾਜ਼ 'ਚ ਗਾਣੇ ਲਾ ਕੇ ਪਿੰਡ ਦੀਆਂ ਗਲੀਆਂ ਕੱਛਦਾ ਫਿਰਿਆ ਕਰੇ। ਕਿਸਾਨ ਯੂਨੀਅਨ ਵਾਲੇ ਮੱਖਣ ਸਿੰਘ ਨੇ ਬਥੇਰਾ ਸਮਝਾਇਆ ਬਈ ਤੇਰਾ ਪਿਓ ਕਰਜ਼ੇ ਥੱਲੇ ਦੱਬਿਆ ਹੋਣ ਕਰਕੇ ਫਾਹਾ ਲੈ ਕੇ ਮਰ ਗਿਆ। ਹੁਣ ਤੁਹਾਡੀ ਪੈਲੀ ਆ ਗਈ ਥਰਮਲ ਪਲਾਂਟ ਦੇ ਲਾਗੇ। ਮੁੱਲ ਪੈ ਗਿਆ। ਕਰੋੜ ਦਾ ਕਿੱਲਾ ਵੇਚ ਕੇ ਤੂੰ ਆਹ ਖੇਖਣ ਕਰਦਾ ਫਿਰਦੈਂ.. ਕੁਝ ਸ਼ਰਮ ਕਰ। ਪਰ ਨਾ ਜੀ... ਵਿਗੜਿਆ ਛੋਹਰ ਕਿਥੇ ਗੱਲ ਸੁਣੇ।

ਅਖ਼ੀਰ ਕਿਸਾਨ ਯੂਨੀਅਨ ਵਾਲਿਆਂ ਉਸ ਨੂੰ ਸਿੱਧਾ ਕਰਨ ਦੀ ਡਿਊਟੀ ਬਲਰਾਜ ਦੀ ਲਾ 'ਤੀ। ਬਲਰਾਜ ਸ਼ਹਿਰੋਂ 'ਮੇਡ ਇਨ ਚਾਇਨਾ' ਵਾਲਾ ਅੱਠ ਸੌ ਰੁਪਏ ਦਾ ਮੋਬਾਈਲ ਲੈ ਆਇਆ। ਦੁਕਾਨਦਾਰ ਨਾਲ ਗੱਲ ਕਰ ਲੀ ਬਈ 'ਵਾਜ ਪੂਰੀ ਹੋਣੀ ਚਾਹੀਦੀ ਆ। ਲਓ ਜੀ, ਅਗਲੇ ਦਿਨ ਹੋ ਗਿਆ ਖੇਲ ਸ਼ੁਰੂ। ਜਿਧਰ ਦੀ ਟਿੱਬੀ ਆਲਿਆਂ ਦਾ ਕਿੰਦਰ ਲੰਘੇ ਮਗਰੇ ਬਲਰਾਜ। ਬਲਰਾਜ ਦੇ ਮੋਬਾਈਲ ਦੀ ਆਵਾਜ਼ ਕਿੰਦਰ ਦੇ ਮੋਬਾਈਲ ਨਾਲੋਂ ਵੀ ਵੱਧ। ਦੂਜੇ ਦਿਨ ਹੀ ਸ਼ਰਮ ਦਾ ਮਾਰਿਆ ਕਿੰਦਰ ਬਲਿਯੂ ਬੇਰੀ ਮੋਬਾਈਲ ਜੇਬ 'ਚੋਂ ਬਾਹਰ ਕੱਢਣੋ ਹਟ ਗਿਆ।

ਭਾ ਜੀ, ਬੱਸ ਇਕ ਹੋਰ ਗੱਲ ਕਰਕੇ 'ਬਲਰਾਜ ਨੀਤੀਤੰਤਰ' ਤੋਂ 'ਗਾਹਾਂ ਤੁਰਾਂਗੇ। ਕੇਰਾਂ ਨੰਬਰਦਾਰਾਂ ਦਾ ਹੈਰੀ ਜੀਨ ਲਿਆਇਆ... ਚੰਡੀਗੜ੍ਹੋਂ... ਹਵਾ ਕਰਦਾ ਫਿਰੇ, ਅਖੈ ਬੜੀ ਮਹਿੰਗੀ ਆ... ਲੀਅ ਕੰਪਨੀ ਦੀ ਆ... ਬਿੱਗ ਬਾਜ਼ਾਰ 'ਚੋ ਲਈ ਆ... ਲੈ ਭਾਈ, ਹੈਰੀ ਦੀ ਜੀਨ ਲਹਾਉਣ ਦਾ ਮਸਲਾ ਵੀ ਮੁੰਡਿਆਂ ਨੇ ਬਲਰਾਜ ਦੇ ਹੱਥ ਫੜਾ 'ਤਾ। ਬਲਰਾਜ ਪੰਜ ਮੁੰਡਿਆਂ ਨੂੰ ਨਾਲ ਲੈ ਕੇ ਸ਼ਹਿਰ ਫਾਟਕਾਂ ਲਾਗੇ ਬੈਠੇ ਕੱਪੜਿਆਂ ਦੇ ਕਬਾੜੀਏ ਕੋਲ ਚਲਾ ਗਿਆ। ਹੈਰੀ ਦੀ ਜੀਨ ਨਾਲੋਂ ਵੀ ਵੱਧ ਲੰਬੀ ਝੋਲੀ ਤੇ ਝੋਲਿਆਂ ਵਰਗੀਆਂ ਅੱਠ ਦਸ ਜੇਬਾਂ ਵਾਲੀਆਂ ਜੀਨਾਂ ਅੱਸੀ ਅੱਸੀ ਰੁਪਈਆਂ 'ਚ ਲੈ ਦਿੱਤੀਆਂ। ਅਗਲੇ ਦਿਨ ਸਾਰੇ ਮੁੰਡੇ ਚੱਪਲਾਂ ਨਾਲ ਈ ਜੀਨਾਂ ਪਾਈ ਹੈਰੀ ਦੇ ਅੱਗੇ ਪਿੱਛੇ ਫਿਰਨ ਲੱਗੇ। ਕਦੇ ਇਕ ਪੁੱਛ ਲਵੇ, 'ਹੈਰੀ... ਯਾਰ ਸਾਨੂੰ ਤਾਂ ਅੱਸੀਆਂ ਰੁਪਈਆਂ ਦੀ ਲਾਈ ਆ ਜੀਨ,

ਕਿਤੇ ਮਹਿੰਗੀ ਤਾਂ ਨੀ ਲਾਤੀ ਯਾਰ... ਹੈ ਤਾਂ ਤੇਰੇ ਨਾਲ ਦੀ... ਦੇਖੀ ਕੇਰਾਂ।' ਜਦੇ ਦੂਜਾ ਪੁੱਛ ਲਵੇ 'ਹੈਰੀ ... ਬਾਈ ਚੰਡੀਗੜ੍ਹ ਵੀ ਫਾਟਕਾਂ ਲਾਗੇ ਈ ਲੱਗਦਾ ਬਿੱਗ ਬਾਜ਼ਾਰ... ਜਿਵੇਂ ਆਪਣੇ ਬੈਠੇ ਬੋਰੀਆਂ ਵਿਛਾਈ...।' ਲਓ ਜੀ ਉਹ ਦਿਨ ਜਾਵੇ ਤੇ ਆਹ ਦਿਨ ਆਵੇ, ਮੁੜ ਕੇ ਹੈਰੀ ਨੀਂ ਜੀਨ ਪਾ ਕੇ ਪਿੰਡ ਵੜਿਆ। ਚੰਡੀਗੜ੍ਹ ਭਾਵੇਂ ਪਾਈ ਫਿਰਦਾ ਹੋਵੇ।

'ਵਾਹ ਬਈ ਵਾਹ ਬਿਨਾਂ ਮਾਰਕੁੱਟ ਦੇ ਤੂੰ ਮੁੰਡੇ ਸਿੱਧੇ ਕਰਤੇ... ਇਹ ਤਾਂ ਇਕ ਤਰ੍ਹਾਂ ਨਾਲ ਗਾਂਧੀ ਗਿਰੀ ਹੋ ਗਈ ਬਲਰਾਜ।' ਮੱਖਣ ਸਿੰਘ ਨੇ ਉਸਦੀ ਢੂਈ ਥਾਪੜਦਿਆਂ ਕਿਹਾ।

'ਗਾਂਧੀ ਗੂੰਧੀ ਗਿਰੀ ਦਾ ਤਾਂ ਮੈਨੂੰ ਪਤਾ ਨੀ... ਪਰ ਮੈਂ ਤੈਨੂੰ ਆਪਣਾ ਜੋੜਿਆ ਇਕ ਕਬਿੱਤ ਸੁਣਾ ਦਿੰਨਾਂ... ਸੁਣੋ ਕੇਰਾਂ...

ਤੂੰ ਸਾਡੇ 'ਤੇ ਰੋਜ਼ ਹੱਸਦੈਂ, ਜੇ ਅੱਜ ਮੈਂ ਮੁਸਕਰਾ ਪਿਆ ਤਾਂ ਸੜਦੈਂ...

ਤੂੰ ਰੋਜ਼ ਕਾਰਾਂ 'ਤੇ ਚੜਦੈਂ, ਜੇ ਮੈਂ ਟਰੈਕਟਰ 'ਤੇ ਬਹਿ ਗਿਆ ਤਾਂ ਮੱਚਦੈਂ...

ਤੂੰ ਪਾਵੇਂ ਹਜ਼ਾਰਾਂ ਦੀ ਜੀਨ, ਮੇਰੀਅੱਸੀਆਂ ਦੀ ਪੈਂਟ ਨਈਂ ਜਰ ਹੁੰਦੀ...

ਓਏ ਪੱਲੇ ਭਾਵੇਂ ਸਾਡੇ ਕੱਖ ਨੀਂ, ਪਰ ਸਾਥੋਂ ਕਿਸੇ ਦੀ ਪੁੱਚ ਪੁੱਚ ਨੀਂ ਕਰ ਹੁੰਦੀ...

ਨੀਂ ਕਰ ਹੁੰਦੀ... ਨੀਂ ਕਰ ਹੁੰਦੀ... ਕਿ ਨੀਂ...।'

ਬਲਰਾਜ ਤੇ ਮੱਖਣ ਕਾਫੀ ਚਿਰ ਚੁਟਕੀਆਂ ਮਾਰ ਮਾਰ ਕੇ ਕਬਿੱਤ ਗਾਉਂਦੇ ਰਹੇ।

ਭਾ ਜੀ , ਓਧਰ ਦੂਜੇ ਪਾਸੇ ਬਲਰਾਜ ਹੋਰਾਂ ਦੀਆਂ ਗਤੀਵਿਧੀਆਂ ਤੋਂ ਸਰਮਾਏਦਾਰ ਧੜਾ ਤੇ ਅਫ਼ਸਰ ਬੜੇ ਔਖੇ ਸਨ। ਉਹ ਉਨ੍ਹਾਂ ਨੂੰ ਟਿੱਚ ਜੋ ਜਾਣਦਾ ਸੀ। ਅੜ ਕੇ ਗੱਲ ਕਰਦਾ। ਹਰ ਸਵਾਲ ਦਾ ਦਲੀਲ ਨਾਲ ਜਵਾਬ ਦਿੰਦਾ। ਡਰ ਭਉ ਉਸਦੇ ਨੇੜੇ ਨਹੀਂ ਸੀ। ਜੇ ਕੋਈ ਹਮਦਰਦੀ ਕਰਕੇ ਚੁੱਪ ਰਹਿਣ ਨੂੰ ਕਹਿੰਦਾ ਤਾਂ ਅਗੋਂ ਜਵਾਬ ਦਿੰਦਾ 'ਓਏ ਮੇਰਾ ਕੋਈ ਕੀ ਵਿਗਾੜ ਦਊ... ਮਾਂ ਨੂੰ ਮਾਰਤਾ ਤਾਂ ਮੈਂ ਨੀਂ ਰੋਣਾ, ਮੈਂ ਤਾਂ ਉਹਨੂੰ ਪਹਿਲਾਂ ਹੀ ਬਥੇਰਾ ਰੋ ਲਿਐ... ਮੈਨੂੰ ਮਾਰਤਾ ਤਾਂ ਰੋਣ ਵਾਲਾ ਕੋਈ ਨੀਂ... ਮੇਰਾ ਕੋਈ ਕੀ ਟੱਟੂ ਫਾਟਕ ਦੇ ਦਊ... ਤੁਸੀਂ ਮੇਰੇ ਨਾਲ ਜੁੜੇ ਰਹੋ... ਆਹ ਜਿਹੜੇ ਹਜ਼ਾਰ ਹਜ਼ਾਰ ਏਕੜ ਦੇ ਮਾਲਕ ਬਣੇ ਫਿਰਦੇ ਆ, ਇਹ ਜ਼ਮੀਨ ਤਾਂ ਆਪਣੀ ਈਓ ਆ... ਬਸ ਕਬਜ਼ਾ ਕਰਨਾ ਬਾਕੀ ਆ... ਟੈਮ ਆਇਆ ਲਓ ... ਕਿ ਨੀਂ...।'

ਅਖ਼ੀਰ ਬਲਰਾਜ ਨੂੰ ਨੱਥ ਪਾਉਣ ਲਈ ਤੇ ਉਸਦੀ ਆਕੜ ਕੱਢਣ ਲਈ ਸਰਪੰਚ ਨੇ ਮੰਤਰੀ ਦੀ ਸ਼ਹਿ 'ਤੇ ਗੈਰ ਕਾਸ਼ਤਕਾਰ ਲੋਕਾਂ ਨੂੰ ਮੁਰੱਬਾਬੰਦੀ ਵੇਲੇ ਅਲਾਟ ਹੋਏ ਪੰਜ-ਪੰਜ ਮਰਲੇ ਦੇ ਗੜ੍ਹਿਆਂ (ਰੂੜੀਆਂ ਲਾਉਣ ਵਾਲੀ ਜਗ੍ਹਾ) ਵਾਲੀ ਥਾਂ 'ਤੇ ਦੁਕਾਨਾਂ ਬਣਾਉਣ ਦਾ ਮਤਾ ਪਾ ਦਿੱਤਾ। ਅਸਲ 'ਚ ਇਸ ਜਗ੍ਹਾ ਕੋਲ ਬੱਸ ਅੱਡਾ ਬਣ ਜਾਣ ਕਰਕੇ ਇਹ ਕੀਮਤੀ ਹੋ ਗਈ ਸੀ। ਸਰਪੰਚ ਇਕ ਤੀਰ ਨਾਲ ਤਿੰਨ ਸ਼ਿਕਾਰ ਮਾਰਨੇ ਚਾਹੁੰਦਾ ਸੀ। ਇਕ ਤਾਂ ਇਸ ਜਗ੍ਹਾ 'ਤੇ ਸ਼ਰਾਬ ਦਾ ਠੇਕਾ ਖੋਲ੍ਹਣ ਨੂੰ ਫਿਰਦਾ ਸੀ। ਦੂਸਰਾ ਬਲਰਾਜ ਨੂੰ ਨੀਵਾਂ ਵਿਖਾਉਣਾ ਚਾਹੁੰਦਾ ਸੀ ਤੇ ਤੀਜਾ ਵਿਹੜੇ ਵਾਲਿਆਂ ਨੂੰ ਕੀਮਤੀ ਜ਼ਮੀਨ ਤੋਂ ਵਾਂਝੇ ਕਰਕੇ ਆਪਣੀ ਲੱਤ ਹੇਠ ਰੱਖਣਾ ਚਾਹੁੰਦਾ ਸੀ।

ਸਰਪੰਚ ਨੇ ਸੱਚੇ ਹੋਣ ਲਈ ਬਲਰਾਜ ਹੋਰਾਂ ਨੂੰ ਇਸ ਜਗ੍ਹਾ ਦੇ ਬਦਲੇ ਪਿੰਡੋਂ ਬਾਹਰ ਹੱਡਾ ਰੋੜੀ ਕੋਲ ਗੜ੍ਹੇ ਅਲਾਟ ਕਰ ਦਿੱਤੇ। ਬਲਰਾਜ ਉਦੋਂ ਨਵਾਂ ਨਵਾਂ ਸੂਬਾ ਕਮੇਟੀ ਮੈਂਬਰ ਬਣਿਆ ਸੀ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਕੋਲ ਮੁੱਦਾ ਉਠਾਇਆ। ਉਨ੍ਹਾਂ ਉਪ ਮੰਡਲ ਮੈਜਿਸਟਰੇਟ ਨੂੰ ਪੜਤਾਲ ਕਰਨ ਦਾ ਹੁਕਮ ਦੇ ਦਿੱਤਾ। ਮੰਤਰੀ ਦੇ ਇਸ਼ਾਰੇ 'ਤੇ ਉਪ ਮੰਡਲ ਮੈਜਿਸਟਰੇਟ ਨੇ ਪੜਤਾਲ ਕਰਕੇ ਸਿੱਟਾ ਦਿੱਤਾ ਕਿ 'ਪੰਚਾਇਤ ਨੇ ਪਿੰਡ ਦੇ ਵਿਕਾਸ ਲਈ ਗੜ੍ਹਿਆਂ ਦੀ ਜੋ ਜਗ੍ਹਾ ਲਈ ਹੈ, ਉਹ ਜਾਇਜ਼ ਹੈ। ਪੰਚਾਇਤ ਦੇ ਇਸ ਕਦਮ ਨਾਲ ਪਿੰਡ ਦੀ ਬਹੁਤ ਉਨਤੀ ਹੋਵੇਗੀ। ਪੰਚਾਇਤ ਨੇ ਸਬੰਧਤ ਪਰਿਵਾਰਾਂ ਨੂੰ ਜਗ੍ਹਾ ਬਦਲੇ ਜਗ੍ਹਾ ਦੇ ਦਿੱਤੀ ਹੈ।'

ਮਜ਼ਦੂਰ ਤੇ ਕਿਸਾਨ ਯੂਨੀਅਨ ਨੇ ਐਸ.ਐਸ.ਪੀ ਕੋਲ ਅਰਜ਼ੀ ਦਿੱਤੀ ਕਿ ਅਲਾਟੀਆਂ ਦੀ ਸਹਿਮਤੀ ਤੋਂ ਬਿਨਾਂ ਪੰਚਾਇਤ ਨੇ ਜਗ੍ਹਾ ਖੋਹ ਕੇ ਕਾਨੂੰਨ ਦੀ ਉਲਘੰਣਾ ਕੀਤੀ ਹੈ, ਉਨ੍ਹਾਂ ਦੀ ਜਗ੍ਹਾ ਵਾਪਸ ਦਵਾਈ ਜਾਵੇ ਤੇ ਪੰਚਾਇਤ ਖਿਲਾਫ਼ ਕੇਸ ਦਰਜ ਕੀਤਾ ਜਾਵੇ। ਪੁਲੀਸ ਮੁਖੀ ਨੇ ਗੌਂਗਲੂਆਂ ਤੋਂ ਮਿੱਟੀ ਝਾੜਦਿਆਂ ਉਪ ਪੁਲੀਸ ਕਪਤਾਨ ਦੀ ਪੜਤਾਲ ਲਈ ਜ਼ਿੰਮੇਵਾਰੀ ਲਾ ਦਿੱਤੀ। ਉਸਨੇ ਰਿਪੋਰਟ ਦਿੱਤੀ ਕਿ 'ਸ਼ਿਕਾਇਤ ਕਰਤਾ ਬਲਰਾਜ ਸਿੰਘ ਹੋਰਾਂ ਦੇ ਗੜ੍ਹਿਆਂ ਦੀ ਜਗ੍ਹਾ ਬਦਲੀ ਨਾਲ ਪਿੰਡ ਵਿਚ ਕੋਈ ਤਣਾਅ ਨਹੀਂ ਤੇ ਲੋਕ ਇਸ ਫੈਸਲੇ 'ਤੇ ਸੰਤੁਸ਼ਟ ਹਨ। ਇਹ ਫੈਸਲਾ ਪਿੰਡ ਦੇ ਵਿਕਾਸ ਵਿਚ ਸਹਾਈ ਹੈ। ਇਸ ਲਈ ਕੇਸ ਦਰਜ ਕਰਨ ਦੀ ਕੋਈ ਵਜ੍ਹਾ ਵਿਖਾਈ ਨਹੀਂ ਦਿੰਦੀ।'



ਭਾ ਜੀ, ਗੱਲ ਕਿਤੇ ਮੁੱਕੀ ਥੋੜ੍ਹਾ। ਯੂਨੀਅਨਾਂ ਨੇ ਸੰਘਰਸ਼ ਦੀ ਚਿਤਾਵਨੀ ਵੀ ਦਿੱਤੀ। ਉਦੋਂ ਤਕ ਪੱਤਰਕ-ਾਰ ਨਿਸ਼ੀ ਸੀਨੀਅਰ ਸਟਾਫ ਰਿਪੋਰਟ ਬਣ ਗਿਆ ਸੀ। ਯੂਨੀਅਨਾਂ ਵੱਲੋਂ ਅਖਬਾਰਾਂ ਰਾਹੀਂ ਮਾਮਲਾ ਚੁੱਕਿਆ ਗਿਆ। ਪਰ ਕਿਸੇ ਅਫ਼ਸਰ ਦੇ ਕੰਨ 'ਤੇ ਜੂੰ ਨਾ ਸਰਕੀ। ਕਈ ਦਿਨਾਂ ਦੀ ਘੇਸ-ਘੇਸ ਤੋਂ ਬਾਅਦ ਅਖ਼ੀਰ ਮਜ਼ਦੂਰਾਂ ਤੇ ਕਿਸਾਨਾਂ ਨੇ ਪੰਚਾਇਤ ਦੇ ਇਸ ਫੈਸਲੇ ਖਿਲਾਫ਼ ਡਿਪਟੀ ਕਮਿਸ਼ਨਰ ਦਫ਼ਤਰ ਮੂਹਰੇ ਅਣਮਿੱਥੇ ਸਮੇਂ ਲਈ ਧਰਨਾ ਲਾ ਦਿੱਤਾ। ਬੰਦੇ, ਬੁੜੀਆਂ ਤੇ ਬੱਚੇ ਉਥੇ ਆ ਬੈਠੇ। ਪੋਹ ਮਾਘ ਦੀ ਠੰਢ। ਖੁੱਲ੍ਹਾ ਅਸਮਾਨ। ਪਰ ਉਨ੍ਹਾਂ ਕੋਈ ਪਰਵਾਹ ਨਾ ਕੀਤੀ। ਉਥੇ ਹੀ ਲੰਗਰ ਲਾ ਲਏ। ਉਹ ਬਰਫ਼ ਵਰਗੀ ਜ਼ਮੀਨ 'ਤੇ ਪਾਟੇ ਪੁਰਾਣੇ ਖੇਸ ਸੁੱਟ ਕੇ ਬੈਠੇ ਰਹਿੰਦੇ। ਸਾਰਾ ਦਿਨ ਭਾਸ਼ਨ, ਨਾਅਰੇ ਤੇ ਜੁਝਾਰੂ ਗੀਤ ਚੱਲਦੇ। ਸ਼ਹਿਰ ਵਿਚ ਰੋਸ ਮਾਰਚ ਕੀਤਾ ਜਾਂਦਾ। ਪਿੰਡਾਂ 'ਚ ਨੁੱਕੜ ਬੈਠਕਾਂ ਤੇ ਝੰਡਾ ਮਾਰਚ ਹੁੰਦੇ। ਭਰਾਤਰੀ ਜਥੇਬੰਦੀਆਂ ਦੇ ਆਗੂ ਆ ਕੇ ਧਰਨੇ ਦਾ ਸਮਰਥਨ ਕਰਦੇ। ਸ਼ਹਿਰ 'ਚ ਆਏ ਮੰਤਰੀ ਦਾ ਘਿਰਾਓ ਕੀਤਾ ਗਿਆ। ਪੁਲੀਸ ਚੌਵੀ ਘੰਟੇ ਉਨ੍ਹਾਂ ਦੀ ਨਿਗਰਾਨੀ 'ਤੇ ਖੜੀ ਰਹਿੰਦੀ। ਜਦੋਂ ਧਰਨਾ ਇਕੱਤੀਵੇਂ ਦਿਨ ਵਿਚ ਸ਼ਾਮਲ ਹੋ ਗਿਆ ਤਾਂ ਜਥੇਬੰਦੀਆਂ ਨੇ ਮੁੱਖ ਮੰਤਰੀ ਦੇ ਘਿਰਾਓ ਦਾ ਐਲਾਨ ਕਰ ਦਿੱਤਾ। ਅਖ਼ੀਰ ਡਿਪਟੀ ਕਮਿਸ਼ਨਰ ਨੇ ਗੱਲਬਾਤ ਲਈ ਸੱਦਾ ਦਿੱਤਾ। ਪਰ ਧਰਨਾਕਾਰੀ ਨੇ ਆਪਣਾ ਦਾਅ ਖੇਡਦਿਆਂ ਕਿਹਾ ਕਿ ਹਰ ਗੱਲਬਾਤ ਧਰਨੇ ਵਿਚ ਸਭ ਦੇ ਸਾਹਮਣੇ ਹੋਵੇਗੀ।

ਡਿਪਟੀ ਕਮਿਸ਼ਨਰ ਨੇ ਬਲਾਕ ਵਿਕਾਸ ਅਫ਼ਸਰ ਸੁਮਨ ਕੌਰ ਨੂੰ ਗੱਲਬਾਤ ਲਈ ਭੇਜਿਆ।

ਭਾ ਜੀ, ਥੋਨੂੰ ਤਾਂ ਪਤਾ ਈ ਆ, ਇਹ ਵੀ ਲੜਾਈ ਦਾ ਇਕ ਹਥਿਆਰ ਈ ਆ... ਬਈ ਕੁੜੀ ਮੂਹਰੇ ਕਰ ਦਿਓ... ਕੁੜੀ ਮੂਹਰੇ ਕੀਹਨੇ ਬੋਲਣਾ... ਕੇਰਾਂ ਧੀ ਧਿਆਨੀ ਕਹਿਕੇ ਮਸਲਾ ਹੱਲ ਕਰਾ ਲਓ ਬਾਕੀ ਫੇਰ ਵੇਖੀ ਜਾਊ। ਯੂਨੀਅਨ ਵਾਲੇ ਵੀ ਸਾਰਾ ਸਮਝਦੇ ਸੀ।

ਸੁਮਨ ਕੌਰ ਨੇ ਵਿਕਾਸ ਦੇ ਨਾਂ 'ਤੇ ਧਰਨਾ ਸਮਾਪਤ ਕਰਨ ਲਈ ਬੇਨਤੀ ਕੀਤੀ ਤਾਂ ਮੱਖਣ ਸਿੰਘ ਅੰਦਰਲਾ ਰੋਹ ਭਰਿਆ ਲੀਡਰ ਬੋਲ ਪਿਆ,'ਭਾਈ ਬੀਬਾ ਤੂੰ ਅਏਂ ਦੱਸ ਬਈ ਧੱਕੇ ਨਾਲ ਕਿਸੇ ਦੀ ਜ਼ਮੀਨ ਖੋਹਣ ਨੂੰ ਵਿਕਾਸ ਕਹਿੰਦੇ ਆ... ਪਿੰਡ 'ਚ ਪੀਣ ਨੂੰ ਤਾਂ ਪਾਣੀ ਹੈ ਨੀ, ਗੰਦੇ ਪਾਣੀ ਦਾ ਨਿਕਾਸ ਹੈ ਨੀ, ਸਕੂਲ ਡਿਗੂੰ ਡਿਗੂੰ ਕਰਦੈ, ਹਸਪਤਾਲ 'ਚ ਡਾਕਟਰ ਹੈ ਨੀ... ਤੁਸੀ ਪਤਾ ਨਹੀਂ ਕਿਹੜੇ ਵਿਕਾਸ ਦੀਆਂ ਗੱਲਾਂ ਕਰਦੇ ਓਂ ... ਵਿਕਾਸ ਨਾ ਹੋਇਆ ਕੰਜਰੀ ਹੋਇਆ... ਜੀਹਦਾ ਜੀਅ ਕਰਦਾ ਹੱਥ ਫੜ ਕੇ ਲੈ ਤੁਰਦਾ... ਸੜਕਾਂ ਬਣਾਤੀਆਂ, ਵਿਕਾਸ ਹੋ ਗਿਆ... ਤੂੰ ਦੱਸ ਇਹਨਾਂ ਸੜਕਾਂ 'ਤੇ ਕਾਰਾਂ ਕੀਹਨਾਂ ਦੀਆਂ ਭੱਜਦੀਆਂ ਨੇ ? ਸਾਡੀਆਂ ਕੇ ਤੁਹਾਡੀਆਂ... ਅਖੈ ਮੌਲ ਬਣਾਤੇ ਬਹੁਤ ਵਿਕਾਸ ਹੋ ਗਿਆ, ਇਹਨਾਂ ਮੌਲਾਂ 'ਚ ਲੱਖਾਂ ਰੁਪਏ ਖਰਚਣ ਕੌਣ ਜਾਂਦੈ ?... ਓਏ ਅਸੀਂ ਹੱਕ ਮੰਗਦੇ ਆਂ - ਪੁਲੀਸ ਡੰਡੇ ਮਾਰਦੀ ਆ। ਜ਼ਮੀਨਾਂ ਸਾਡੀਆਂ ਕੁਰਕ ਹੋਈ ਜਾਂਦੀਆਂ। ਬਿਜਲੀ ਪਾਣੀ ਮਿਲਦਾ ਨੀਂ... ਰੁਜ਼ਗਾਰ ਸਾਡੇ ਬੱਚਿਆਂ ਕੋਲ ਹੈ ਨੀ... ਹੈਂ... ਦਸੋ ਇਹ ਵਿਕਾਸ ਹੋਇਆ ?...।'

ਸੁਮਨ ਕੌਰ ਨੀਵੀਂ ਪਾ ਕੇ ਬੈਠੀ ਰਹੀ। ਸ਼ਾਇਦ ਉਸ ਕੋਲ ਕੋਈ ਜਵਾਬ ਨਹੀਂ ਸੀ ਜਾਂ ਉਹ ਜਵਾਬ ਵਰਗਾ ਕੁਝ ਕਹਿ ਕੇ ਸੁਲ੍ਹਾ ਦੀ ਖੇਡ ਵਿਗਾੜਣੀ ਨਹੀਂ ਸੀ ਚਾਹੁੰਦੀ।

'ਸਾਡੀਆਂ ਰੂੜੀਆਂ ਖੋਹ ਕੇ ਪੰਚਾਇਤ ਨੇ ਜੇ ਉਥੇ ਸਕੂਲ, ਹਸਪਤਾਲ ਜਾਂ ਬਿਜਲੀ ਘਰ ਬਣਾਉਣੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ। ਪਰ ਉਥੇ ਖੁੱਲ੍ਹੂ ਸ਼ਰਾਬ ਦਾ ਠੇਕਾ... ਕਿ ਨੀਂ ... ਨਾਲੇ ਅਸਲ ਗੱਲ ਇਹ ਆ ਬਈ ਜਰਿਆ ਨਹੀਂ ਜਾਂਦਾ ਬਈ ਇਹ ਜਗ੍ਹਾ ਚੂਹੜਿਆਂ ਦੀ ਮਾਲਕੀ ਹੋਵੇ। ਲੱਤ ਥੱਲੇ ਰੱਖਣਾ ਚਾਹੁੰਦੇ ਆ ਸਾਨੂੰ ... ਓਏ ਆਪ ਤਾਂ ਹਰ ਵਰ੍ਹੇ ਕਿਲਿਆਂ ਦੇ ਕਿਲੇ ਪੈਲੀ ਖਰੀਦੀ ਜਾਣੇ ਓਂ ਤੇ ਸਾਡੀ ਰੂੜੀ ਵੀ ਜਰੀ ਨੀਂ ਜਾਂਦੀ... ਮੇਰਾ ਦਾਦਾ ਤੇ ਸਰਪੰਚ ਦਾ ਦਾਦਾ ਮਲਾਗਰ ਸਿਓਂ 'ਕੱਠੇ ਹੱਲ ਵਾਹੁੰਦੇ ਸੀ। ਦੋਵਾਂ ਘਰਾਂ ਦਾ ਮਸਾਂ ਗੁਜ਼ਾਰਾ ਹੁੰਦਾ ਸੀ। ਫੇਰ ਮਲਾਗਰ ਦੇ ਪੁੱਤ ਹਰਨੇਕ ਨੇ ਭੁੱਕੀ ਵੇਚਣ ਦਾ ਧੰਦਾ ਸ਼ੁਰੂ ਕਰ ਲਿਆ, ਨਿੱਤ ਉਹਦਾ 'ਜਹਾਜ਼' ਉਤਰਦਾ, ਪੰਜਾਹ ਕਿਲੇ ਪੈਲੀ ਬਣਾ ਲੀ, ਮੇਰੇ ਪਿਓ ਤੋਂ ਕੋਠਾ ਵੀ ਨਾ ਛੱਤ ਹੋਇਆ। ਫੇਰ ਮਲਾਗਰ ਦਾ ਪੋਤਾ ਭੂੰ ਮਾਫੀਏ ਨਾਲ ਰਲ ਗਿਆ, ਨਜਾਇਜ਼ ਕਾਲੋਨੀਆਂ ਦੀ ਉਸਾਰੀ ਤੇ ਜਾਇਦਾਦਾਂ 'ਤੇ ਕਬਜ਼ੇ ਕਰਨ ਲੱਗਿਆ, ਸ਼ਹਿਰ ਸ਼ੈਲਰ, ਕਾਟਨ ਫੈਕਟਰੀ ਲਾ ਲਈ, ਭੱਠਾ ਬਣਾ ਲਿਆ ਤੇ ਮੈਂ ਦਾਦੇ ਵਾਲੇ ਘਰ ਦਾ ਬੂਹਾ ਵੀ ਨਾ ਲਾ ਸਕਿਆ। ਲੈ ਦੇ ਕੇ ਸਾਡੇ ਕੋਲ ਜਾਇਦਾਦ ਦੇ ਨਾਂ 'ਤੇ ਇਹ ਰੂੜੀਆਂ ਨੇ, ਉਹਨੂੰ ਵੀ ਖੋਹਣ ਨੂੰ ਫਿਰਦੇ ਆ... ਪਰ ਹੁਣ ਇਹ ਹੋਣ ਨੀਂ ਦੇਣਾ...।' ਬਲਰਾਜ ਖਫ਼ਾ-ਖੂਨ ਹੋਇਆ ਪਿਆ ਸੀ।

'ਮਾਰ ਸਰਪੰਚ ਦੇ ਕੁਹਾੜੀ... ਲਾਹ ਦੇ ਗਾਟਾ ਸਾਲੇ ਦਾ... ਸਾਰੇ ਵਿਹੜੇ ਦੀ ਜੂਨ ਸੌਰ ਜੂ... ਤੂੰ ਸਿੱਧਾ ਕਿਉਂ ਨਹੀਂ ਮੱਥਾ ਲਾਉਂਦਾ, ਚੱਕ ਲਾ ਬੰਦੂਕ, ਰਗੜ ਦੇ... ਅਸੀਂ ਨਾਲ ਆਂ ਤੇਰੇ... ਐਨੇ ਬਿਨਾਂ ਨੀਂ ਇਹ ਲੋਟ ਆਉਣੇ... ਇਨ੍ਹਾਂ ਵੱਡਿਆਂ ਸਰਦਾਰਾਂ ਦੀ ਤਾਂ 'ਕੱਲੀ ਸਿਰੀ ਵੱਢੀਏ ਤੇ ਓਨਾ ਚਿਰ ਮਰਿਆ ਨਾ ਜਾਣੀਏ, ਜਿੰਨਾ ਚਿਰ ਭੋਗ ਨਾ ਪੈ ਜੇ... ਵੋਟਾਂ ਵਾਟਾਂ ਨਾਲ ਨੀਂ ਇਥੇ ਕੁਝ ਸੌਰਣਾ... ਹੁਣ ਤਾਂ...।' ਬਲਰਾਜ ਦੇ ਨਾਲ ਧਰਨੇ 'ਤੇ ਬੈਠੇ ਇਕ ਮੁੱਛ ਫੁੱਟ ਕਾਲੇ ਤੇ ਸੁੱਕੇ ਜਿਹੇ ਮੁੰਡੇ ਨੇ ਦੰਦ ਪੀਹਦਿਆਂ ਕਿਹਾ।

'ਓਏ ਥੋਨੂੰ ਆਹੀ ਤਾਂ ਸਮਝ ਨੀਂ... ਵੈਦ ਗੁਰਭਗਤ ਸਿਓਂ ਕਹਿੰਦਾ ਹੁੰਦੈ ਕਿ ਮੇਰੇ ਕੋਲ ਖੁਰਕ ਆਲੇ ਮਰੀਜ਼ ਆ ਕੇ ਕਹਿਣਗੇ ਵੈਦ ਜੀ, ਮਰਦੇ ਜਾਨੇ ਆਂ, ਚੰਮ ਲਾਹ ਦਿਓ ਤਾਂ ਸ਼ਾਂਤੀ ਮਿਲੂ... ਅੱਗੋਂ ਵੈਦ ਕਹੂ, ਓ ਭਾਈ ਮੈਂ ਤਾਂ ਦਵਾਈ ਨਾਲ ਖੁਰਕ ਠੀਕ ਕਰਨੀ ਆ... ਚੰਮ ਲਾਹ ਕੇ ਨੀਂਅ... ਮੈਂ ਵੀ ਵੈਦ ਗੁਰਭਗਤ ਸਿਓਂ ਵਾਂਗੂੰ ਖੁਰਕ ਦਾ ਇਲਾਜ ਦਵਾਈ ਨਾਲ ਕਰਦਾਂ ... ਓਏ ਮੈਂ ਇਕ ਸਰਪੰਚ ਨੀਂ ਮਾਰਨਾ... ਮੈਂ ਇਹੋ ਜਿਹੇ ਸਰਪੰਚਾਂ ਦੀ ਨਸਲ ਖਤਮ ਕਰਨੀ ਆ... ਐਸ ਲਈ ਮੈਨੂੰ ਕਿਸੇ ਨੂੰ ਮਾਰਨ ਦੀ ਨੀਂ ਸਗੋਂ ਥੋਡੇ ਅਰਗਿਆਂ 'ਚ ਜਾਨ ਫੂਕਣ ਦੀ ਲੋੜ ਆ... ਕਿ ਨੀਂ... ਕਈ ਕਹਿਣਗੇ ਅਖੈ ਭਗਤ ਸਿੰਘ ਤਾਂ ਕਹਿੰਦਾ ਸੀ ਵੋਟਾਂ ਨਾਲ ਜਿੱਤਗੇ ਤਾਂ ਵੀ ਰਾਜ ਤਾਂ ਵੱਡਿਆਂ ਨੇ ਈ ਕਰਨਾ, ਸਾਡੀ ਵਾਰੀ ਨੀਂ ਆਉਣੀ... ਪਤਾ ਨੀਂ ਉਹ ਕਿਹੜੇ ਭਗਤ ਸਿਓਂ ਦੀ ਗੱਲ ਕਰਦੇ ਆ...ਆਹ ਮਾਇਆਵਤੀ ਨੀਂ ਬਣੀ ਬੈਠੀ ਰਾਣੀ... ਜੱਟ, ਬਾਹਮਣ, ਬਾਣੀਏ ਸਭ ਮੂਤਦੇ ਫਿਰਦੇ ਆ ਉਹਦੇ ਮਗਰ ਮਗਰ... ਬਰਾਕ 'ਬਾਮੇ ਨੂੰ ਕੀ ਲੂਲਾਂ ਲੱਗੀਆਂ... ਜਿਵੇਂ ਐਥੇ ਗਰੀਬਾਂ ਦੀ ਦੁਰਦਸ਼ਾ ਉਥੇ 'ਮਰੀਕਾ 'ਚ ਕਾਲਿਆਂ ਦੀ ਆ... ਕਿ ਨੀਂ... ਪਰ ਵੋਟਾਂ ਨੇ ਬਣਾਤਾ ਨਾ ਬਾਮੇ ਨੂੰ 'ਮਰੀਕਾ ਦਾ ਰਾਜਾ... ਤੁਸੀਂ ਵੀ ਪਛਾਣੋ ਆਪਣੀ ਤਾਕਤ ... ਖੁਦ ਰਾਜੇ ਬਣੋ...।'

ਬਲਰਾਜ ਦੀ ਗੱਲ ਖ਼ਤਮ ਹੋਈ ਤਾਂ ਨਾਅਰੇ ਲੱਗਣੇ ਸ਼ੁਰੂ ਹੋ ਗਏ। ਬੀ.ਡੀ.ਓ. ਸੁਮਨ ਕੌਰ ਹੱਥ ਜੋੜਦੀ ਚੁੱਪ ਕਰਕੇ ਚਲੀ ਗਈ। ਮਸਲਾ ਕਿਸੇ ਤਨ ਪੱਤਣ ਨਾ ਲੱਗਿਆ। ਨਿਸ਼ੀ ਹੋਰਾਂ ਨੇ ਅਖਬਾਰਾਂ 'ਚ ਪ੍ਰਸ਼ਾਸਨ ਦੀ ਨਕਾਮੀ ਨੂੰ ਖੂਬ ਭੰਡਿਆ।

ਭਾ ਜੀ, ਕਮਾਲ ਕਰਤੀ, ਕਹਿਣਾ ਸੌਖਾ, ਚਾਲੀ ਦਿਨ ਲਗਾਤਾਰ ਧਰਨਾ ਚੱਲਿਆ। ਸਰਕਾਰ ਦੀਆਂ ਚੂਲਾਂ ਹਿੱਲਗੀਆਂ। ਮਾਰ ਮੁੱਖ ਮੰਤਰੀ ਦਾ ਸਾਰਾ ਦਿਨ ਪਿੱਟ ਸਿਆਪਾ ਹੋਵੇ। ਸਰਕਾਰ ਪੱਖੀ ਸਿਆਣੇ ਬੰਦਿਆਂ ਨੇ ਮੁੱਖ ਮੰਤਰੀ ਨੂੰ ਸਮਝਾਇਆ ਬਈ ਐਹੋ ਜਿਹਾ ਰਾਜ ਕਰਨ ਦਾ ਕੀ ਫੈਦਾ ਬਈ ਲੋਕ ਨਿੱਤ ਦਿਨ ਸੜਕਾਂ 'ਤੇ ਆ ਕੇ ਪੁਤਲੇ ਫੂਕਣ ਤੇ ਸਿਆਪਾ ਕਰਨ। ਅਖ਼ੀਰ ਉਤੋਂ ਤਾਰ ਹਿੱਲੀ। ਡੀ.ਸੀ. ਤੇ ਐਸ.ਐਸ.ਪੀ. ਨੇ ਬਲਰਾਜ ਹੋਰਾਂ ਨੂੰ ਗੜ੍ਹੇ ਵਾਪਸ ਦਵਾ ਦਿੱਤੇ। ਪਰ ਸ਼ਰਤ ਲਾ ਦਿੱਤੀ ਕਿ ਉਥੇ ਸਿਰਫ਼ ਰੂੜੀਆਂ ਹੀ ਲਾਈਆਂ ਜਾਣ, ਉਸ ਜਗ੍ਹਾ ਨੂੰ ਕਿਸੇ ਹੋਰ ਕੰਮ ਲਈ ਨਾ ਵਰਤਿਆ ਜਾਵੇ। ਅਸਲ ਵਿਚ ਸਰਪੰਚ ਆਪਣੀ ਹਾਰ ਤੋਂ ਖਿੱਝਿਆ ਹੋਇਆ ਸੀ। ਉਹ ਨਹੀਂ ਸੀ ਚਾਹੁੰਦੇ ਵਿਹੜੇ ਵਾਲੇ ਉਥੇ ਦੁਕਾਨਾਂ ਬਣਾ ਕੇ ਕਮਾਈ ਕਰਨ। ਓਧਰ ਬਲਰਾਜ ਨੇ ਸਾਰੇ ਵਿਹੜੇ ਨੂੰ ਕਹਿਤਾ ਬਈ ਆਪਣੇ ਕੋਲ ਪਸ਼ੂ ਤਾਂ ਹੈ ਨੀ ਜਿਹਨਾਂ ਦਾ ਗੋਹਾ ਰੂੜੀ 'ਤੇ ਸਿੱਟਣਾਂ... ਜਵਾਕਾਂ ਨੂੰ ਕਹੋ ਬਈ ਜਿਹੜਾ ਕੰਮ ਨਿਆਈਆਂ 'ਚ ਕਰਦੇ ਆ ਉਹ ਰੂੜੀਆਂ 'ਤੇ ਜਾ ਕੇ ਕਰਿਆ ਕਰਨ। ਹੁਣ ਵਿਹੜੇ ਆਲਿਆਂ ਦੇ ਜਵਾਕ ਸਾਰਾ ਦਿਨ ਉਥੇ ਟੱਟੀ ਪਿਸ਼ਾਬ ਕਰਦੇ ਨੇ।

ਭਾ ਜੀ, ਇਕ ਦਿਨ ਮੈਂ, ਯਾਨੀ ਉਹ ਮੈਂ ਤੁਸੀਂ ਵੀ ਹੋ ਸਕਦੇ ਹੋਂ... ਕੋਈ ਹੋਰ ਵੀ ਹੋ ਸਕਦੈ... ਕਿਉਂਕਿ ਇਹ ਸਵਾਲ ਕਿਸੇ ਦੇ ਮਨ 'ਚ ਵੀ ਉਠ ਸਕਦੈ... ਬਲਰਾਜ ਨੂੰ ਪੁੱਛਿਆ, 'ਤੈਨੂੰ ਇਹ ਨਹੀਂ ਲੱਗਦਾ ਕਿ ਤੇਰੇ ਅੰਦਰ ਇਕ ਖਾਸ ਵਰਗ ਲਈ ਸਿਰਫ਼ ਵਿਰੋਧ ਹੀ ਭਰਿਆ ਹੋਇਆ। ਤੈਨੂੰ ਉਨ੍ਹਾਂ ਦੀ ਹਰ ਗੱਲ ਪੁੱਠੀ ਲੱਗਦੀ ਆ। ਤੂੰ ਆਪਣੀ ਇਸ ਸੋਚ ਨੂੰ ਥੋੜ੍ਹਾ ਜਿਹਾ ਬਦਲ ਕੇ ਵੇਖ। ਸਾਰੇ ਲੋਕ ਕੋਈ ਇਕੋ ਜਿਹੇ ਨਹੀਂ ਹੁੰਦੇ...।'

ਬਲਰਾਜ ਮੇਰੀ ਗੱਲ ਵਿਚੋਂ ਕੱਟ ਕੇ ਕਹਿਣ ਲੱਗਿਆ, 'ਬਾਈ ਜੀ, ਮੈਂ ਤੁਹਾਡਾ ਇਸ਼ਾਰਾ ਸਮਝਦਾਂ... ਇਹ ਸੋਚ ਮੇਰੀ ਨਹੀਂ, ਸਰਮਾਏਦਾਰਾਂ ਦੀ ਆ ਜਿਹੜੇ ਗਰੀਬਾਂ ਨੂੰ ਜੁੱਤੀ ਹੇਠਾਂ ਰੱਖਣਾ ਚਾਹੁੰਦੇ ਆ... ਥੋੜ੍ਹੇ ਦਿਨ ਹੋਏ, ਸਾਡੇ ਗੁਆਂਢੀ ਚਿੰਤੂ ਰਾਮਦਾਸੀਏ ਦੀ ਕੁੜੀ ਮਿਲਣ ਆਈ। ਉਸਦੇ ਤਿੰਨ ਜਵਾਕ ਨਾਲ ਸੀ। ਨਿਆਣੇ ਖੇਤ 'ਚ ਜੰਗਲ ਪਾਣੀ ਗਏ ਤਾਂ ਖੇਤ ਆਲੇ ਨੇ ਉਨ੍ਹਾਂ ਨੂੰ ਬਹੁਤ ਕੁੱਟਿਆ, ਮਰਨਹਾਲ ਕਰ ਦਿੱਤਾ, ਨਾਲੇ ਗੰਦ ਹੱਥਾਂ 'ਚ ਚੁਕਵਾ ਕੇ ਘਰ ਨੂੰ ਤੋਰਤਾ...ਬਾਈ ਜੀ ਹੁਣ ਜਵਾਕ ਰੋਈ ਜਾਂਦੇ ਨੇ... ਕਹਿੰਦੇ ਇਹਨਾਂ ਹੱਥਾਂ ਨਾਲ ਰੋਟੀ ਖਾਂਦਿਆ ਲੱਗਦਾ ਮੂੰਹ 'ਚ ਗੰਦ ਵੜ ਗਿਆ... ਦੱਸੋ ਹੁਣ ਉਨ੍ਹਾਂ ਨੂੰ ਨਵੇਂ ਹੱਥ ਕਿਥੋਂ ਲਿਆ ਦਈਏ... ਹੋਰ ਦੱਸਦਾਂ... ਬੋਰੀਆਂ ਦਾ ਮੁੰਡਾ ਜੱਗਾ, ਸ਼ਹਿਰ ਦਿਹਾੜੀ ਕਰਨ ਜਾਂਦੈ। ਦੁਪਹਿਰੇ ਪਾਰਕ 'ਚ ਜਾ ਕੇ ਰੋਟੀ ਖਾ ਕੇ ਸੌਂ ਜਾਂਦਾ ਸੀ ਘੜੀ ਬਿੰਦ। ਵਰਦੀ ਅੱਗ 'ਚ ਦਰਖਤਾਂ ਦਾ ਈ ਸਹਾਰਾ। ਹੋਰ ਵੀ ਕਈ ਮਜ਼ਦੂਰ ਹੁੰਦੇ ਨੇ। ਪਰ ਹੁਣ ਕਮੇਟੀ ਵਾਲੇ ਦੁਪਹਿਰੇ ਪਾਰਕ ਨੂੰ ਜਿੰਦਾ ਮਾਰ ਦਿੰਦੇ ਆ, ਕਹਿੰਦੇ ਮਜ਼ਦੂਰ ਘਾਹ ਖਰਾਬ ਕਰਦੇ ਨੇ... ਦਸੋ ਹੁਣ ਮਜ਼ਦੂਰ ਸਿਖ਼ਰ ਦੁਪਹਿਰਾ ਕਿਥੇ ਕੱਟਣ? ਗੁੱਸੇ 'ਚ ਆਇਆ ਜੱਗੇ ਨੇ ਕਮੇਟੀ ਦੇ ਸੈਕਟਰੀ ਦਾ ਸਿਰ ਪਾੜ 'ਤਾ।

ਬਾਈ ਜੀ... ਚਲੋਂ ਨਿੱਜੀ ਗੱਲਾਂ ਤੋਂ ਉਪਰ ਉਠ ਸਿਸਟਮ ਦੀ ਗੱਲ ਕਰਦੇ ਆਂ... ਪਹਿਲਾਂ ਗਰੀਬ ਲੋਕ ਹਾੜੀਆਂ ਵੱਢ ਕੇ ਸਾਲ ਭਰ ਦੇ ਦਾਣੇ 'ਕੱਠੇ ਕਰ ਲੈਂਦੇ ਸੀ। ਹੁਣ ਕੰਬਾਇਨਾਂ ਆ ਗਈਆਂ। ਵਾਢੀਆਂ ਦਾ ਕੰਮ ਮੁੱਕ ਗਿਆ। ਨਰਮਾ ਉਂ ਈ ਹੋਣੋ ਹੱਟ ਗਿਆ। ਕਮਾਦ ਕੋਈ ਬੀਜਦਾ ਨਹੀਂ। ਰੋੜੀ ਕੁੱਟਣ ਵਾਲੀ ਵੀ ਮਸ਼ੀਨ ਆ ਗਈ ਤੇ ਲੈਂਟਰ ਪਾਉਣ ਵਾਲੀ ਵੀ। ਮਜ਼ਦੂਰ ਕਿਹੜੀ ਮਜ਼ਦੂਰੀ ਕਰੇ। ਅਈਂ ਝੋਨੇ ਵਾਰੀ ਹੁੰਦੈ... ਹੁਣ ਤਾਂ ਵੱਟਾਂ ਤੋਂ ਘਾਹ ਖੋਤਣ ਬਦਲੇ ਵੀ ਇੱਜ਼ਤ ਦਾ ਸੌਦਾ ਕਰਨਾ ਪੈਂਦਾ... ਆਪਣੇ ਗਿੰਦਰ ਨੂੰ ਘਾਹ ਖੋਤਣ ਤੋਂ ਰੋਕ ਤਾ... ਅਖੈ ਤੂੰ ਤਾਂ ਯੂਨੀਅਨ ਨਾਲ ਜਾਨਾਂ ਵਾਂ... ਕੀ ਕਰਦਾ ਵਿਚਾਰਾ, ਅਖ਼ੀਰ ਮੱਝਾਂ ਵੇਚਤੀਆਂ... ਕਹਿੰਦਾ ਦੱਸੋ ਹੁਣ ਮੇਰਾ ਕੀ ਫੱਨੂ ਪੱਟੋਂਗੇ... ਯੂਨੀਅਨ ਦਾ ਪੱਕਾ ਮੈਂਬਰ ਬਣ ਗਿਆ... ਬਾਈ ਜੀ ਦੁੱਖਾਂ ਦੀ ਬੜੀ ਲੰਬੀ ਕਹਾਣੀ ਆ... ਸਰਕਾਰਾਂ ਆਟਾ ਦਾਲ ਦੇ ਲਾਰੇ ਲਾਈ ਜਾਂਦੀਆਂ ਆ, ਪੱਲੇ ਕੱਖ ਨੀਂ ਪੈਂਦਾ। ਮੈਨੂੰ ਇਹ ਵੀ ਪਤਾ ਬਈ ਇਹ ਇਕ ਦੋ ਆਦਮੀਆਂ ਦੀ ਗੱਲ ਨਹੀਂ ਇਸ ਪਿੱਛੇ ਬੜੀ ਵੱਡੀ ਸਰਮਾਏਦਾਰ ਲਾਬੀ ਕੰਮ ਕਰ ਰਹੀ ਆ... ਉਹ ਬਲਰਾਜ ਤੋਂ ਨਹੀਂ ਡਰਦੇ, ਬਲਰਾਜ ਦੀਆਂ ਗੱਲਾਂ ਤੋਂ ਡਰਦੇ ਨੇ... ਕਿ ਨੀਂ... ਬਾਈ ਜੀ ਹੋਰ ਗੱਲ ਸੁਣ ਲੋ... ਸਾਡੇ ਪਿੰਡ ਕਲੱਬ ਆਲੇ ਸ਼ਹੀਦ ਭਗਤ ਸਿੰਘ ਦਾ ਸ਼ਰਧਾਂਜਲੀ ਸਮਾਰੋਹ ਮਨਾਉਣ ਲੱਗਪੇ... ਆਹ ਸ਼ਾ-ਮਆਣਾ ਲਾਇਆ ਕੇਰਾਂ ਦੋ ਕਿਲਿਆਂ 'ਚ... ਸਟੇਜ ਤੇ ਮੋਟੀਆਂ ਗੱਦੀਆਂ ਆਲੇ ਸੋਫੇ... ਤੇ ਭਗਤ ਸਿੰਘ ਦੀ ਫੋਟੋ ਡੂਢ ਗਿੱਠ ਦੀ... ਸਟੇਜ ਦੀ ਇਕ ਨੁਕਰੇ ਰੱਖਤੀ... ਮੰਤਰੀ ਦੇ ਹਾਰ ਪਾਇਆ ਕੁਇੰਟਲ ਫੁੱਲਾਂ ਦਾ ਤੇ ਭਗਤ ਸਿੰਘ ਦੀ ਫੋਟੋ ਕੋਲ ਬੁੱਕ ਕੁ ਪੱਤੀਆਂ... ਮੁਰਝਾਈਆਂ... ਜਿਹੜਾਆਵੇ ਦੋ ਕੁ ਚੁੱਕ ਕੇ ਭਗਤ ਸਿੰਘ ਦੀ ਫੋਟੋ 'ਤੇ ਸੁੱਟ ਦੇਵੇ ਤੇ ਹੱਥ ਜੋੜ ਕੇ ਟੇਡੀ ਜਿਹੀ ਨਿਗ੍ਹਾ ਨਾਲ ਮੰਤਰੀ ਵੱਲ ਵੇਖ ਕੇ ਸਿਰ ਝੁਕਾ ਦੇਵੇ... ਬਈ ਸਾਲਿਓ ਸ਼ਰਧਾਂਜਲੀ ਸਮਾਰੋਹ ਭਗਤ ਸਿੰਘ ਦਾ ... ਉਹਦੀ ਅੱਖ

ਨਾਲ ਅੱਖ ਮਿਲਾਓ ... ਕਿ ਨੀਂ... ਮੰਤਰੀ ਬੋਲਣ ਲੱਗਿਆ ਤਾਂ ਟੈਂਟ ਦੀਆਂ ਸਿਫ਼ਤਾਂ ਕਰੀ ਜਾਵੇ... ਕੁਰਸੀਆਂ ਲਾਉਣ ਵਾਲੇ ਨੂੰ ਸ਼ਬਾਸ਼ੇ ਦਈ ਜਾਵੇ... 'ਕੱਠ ਕਰਨ ਵਾਲਿਆਂ ਦਾ ਗੁੱਡਾ ਬੰਨ੍ਹੀ ਜਾਵੇ... ਆਪਣੀ ਸਰਕਾਰ ਦੇ ਗੁਣ ਗਾਈ ਜਾਵੇ... ਆਪਣਾ ਈ ਟੱਟੂ ਦੱਬੀ ਗਿਆ, ਅੱਧਾ ਘੰਟਾ... ਮੈਥੋਂ ਰਿਹਾ ਨਾ ਗਿਆ... ਮੈਂ ਉਠਿਆ ਭਗਤ ਸਿੰਘ ਦੀ ਫੋਟੋ ਨੂੰ ਹੱਥ ਜੋੜ ਕੇ ਨਮਸਕਾਰ ਕੀਤਾ ਤੇ ਸਾਫ਼ੇ ਦੇ ਲੜ ਵਲੇਟ ਕੇ ਲੈ ਤੁਰਿਆ... ਸਾਰੇ ਝਾਕੀ ਗਏ ਪਰ ਕਿਸੇ ਨੇ ਰੋਕਣ ਦੀ ਹਿੰਮਤ ਨੀ ਕੀਤੀ... ਭਗਤ ਸਿੰਘ ਦਾ ਤਾਂ ਬਹਾਨਾ ਸੀ, ਅਸਲ 'ਚ ਕਲੱਬ ਆਲਿਆਂ ਨੇ ਮੰਤਰੀ ਦੀ ਜੀ ਹਜ਼ੂਰੀ ਕਰਕੇ ਗਰਾਂਟ ਲੈਣੀ ਸੀ, ਲੈ ਲੀ...।' ਬਲਰਾਜ ਨੇ ਮੇਰੀ ਇਕ ਗੱਲ ਦਾ ਅੱਧੇ ਘੰਟੇ 'ਚ ਜਵਾਬ ਦਿੱਤਾ। ਮੇਰੇ ਕੋਲ ਤਾਂ ਹੋਰ ਹਿੰਮਤ ਨੀਂ ਉਹਨੂੰ ਸਵਾਲ ਕਰਨ ਦੀ, ਤੁਹਾਡੇ 'ਚ ਹੈਗੀ ਤਾਂ ਕਰ ਲਓ।

ਭਾ ਜੀ , ਤੁਸੀਂ ਤਾਂ ਅਜੇ ਬਲਰਾਜ ਦਾ ਅਤਾ ਪਤਾ ਨੀਂ ਪੁੱਛਿਆ। ਪਰ 'ਮਜ਼ਦੂਰ ਅਤੇ ਮਜ਼ਦੂਰ ਜਥੇਬੰਦੀਆਂ ਦੀ ਦਸ਼ਾ' ਵਿਸ਼ੇ 'ਤੇ ਪੀ.ਐਚ.ਡੀ. ਕਰ ਰਹੇ ਇਕ ਪਾੜ੍ਹੇ ਨੇ ਮੈਥੋਂ ਉਹਦਾ ਪਤਾ ਪੁੱਛ ਕੇ ਜਾ ਉਹਦੇ ਮੂਹਰੇ ਸਵਾਲਾਂ ਦੀ ਪੰਡ ਖੋਲ੍ਹੀ। ਬਲਰਾਜ ਸਿੰਘ ਨੇ ਆਪਣੇ ਅੰਦਾਜ਼ 'ਚ ਦੱਸਿਆ, 'ਮੇਰੀ ਮਾਂ ਨੇ ਪੰਜਾਹ ਰੁਪਏ ਲਏ ਸੀ ਬਾਪੂ ਦੇ ਸਸਕਾਰ ਵੇਲੇ ਨੰਬਰਦਾਰ ਕਿਆਂ ਤੋਂ... ਵਿਆਜ 'ਚ ਉਹ ਕਈ ਵਰ੍ਹੇ ਪਸ਼ੂਆਂ ਦਾ ਗੋਹਾ ਮੂਤ ਸਿਰ 'ਤੇ ਚੁੱਕਦੀ ਰਹੀ... ਟੱਟੀਆਂ ਸਾਫ਼ ਕਰਦੀ ਰਹੀ... ਜਦੋਂ ਮੈਂ ਵੱਡਾ ਹੋਇਆ ਤਾਂ ਬੇਬੇ ਦੇ ਕਰਜ਼ੇ ਦਾ ਪਤਾ ਲੱਗਿਆ ਤਾਂ ਦਿਹਾੜੀਆਂ ਕਰਕੇ ਹਜ਼ਾਰ ਰੁਪਈਆ ਕਮਾਇਆ ਤੇ ਲਿਆ ਕੇ ਨੰਬਰਦਾਰ ਦੇ ਹੱਥ 'ਤੇ ਰੱਖ ਤਾ... ਕਹਿੰਦਾ ਕਾਹਦੈ... ਮੈਂ ਕਿਹਾ ਕਿ ਪੰਜਾਹ ਰੁਪਏ ਤਾਂ ਮੇਰੀ ਮਾਂ ਦੇ ਜਿਹੜੇ ਥੋਡੇ ਤੋਂ ਕਰਜ਼ਾ ਲਿਆ ਸੀ ਤੇ ਬਾਕੀ ਹੁਣ ਤੱਕ ਦੇ ਵਿਆਜ ਦੇ... ਬਿੱਟ ਬਿੱਟ ਝਾਕੇ ਨੰਬਰਦਾਰ... ਮੈਂ ਕਿਹਾ ਇਹ ਤਾਂ ਹੋਇਆ ਤੇਰੇ ਵਾਲਾ ਹਿਸਾਬ ਆ... ਕਾਨੂੰਨ ਦੇ ਹਿਸਾਬ ਦਾ ਉਦੋਂ ਪਤਾ ਲੱਗੂ ਜਦੋਂ ਮੈਂ ਬੀਬੀ ਦੀਆਂ ਦਿਹਾੜੀਆਂ ਤੇ ਉਹਦੇ ਵਿਆਜ ਦਾ ਹਿਸਾਬ ਜੱਜ ਤੋਂ ਕਰਾ ਕੇ ਤੇਰੀ ਜ਼ਮੀਨ ਕੁਰਕ ਕਰਨ ਆਇਆ... ਕੇਸ ਹੁਣ ਅਦਾਲਤ 'ਚ ਕੀਤਾ ਹੋਇਐ... ਮੈਂ ਤਾਂ ਇਹ ਕਹਿਣਾ ਕਿ ਮਜ਼ਦੂਰ ਨੂੰ ਜਾਗਣ ਦੀ ਲੋੜ ਆ, ਜਦੋਂ ਤੱਕ ਉਹ ਜਾਗਦੇ ਨੀਂ, ਉਨ੍ਹਾਂ ਦਾ ਸੋਸ਼ਣ ਹੋਈ ਜਾਊ... ਚਾਹੇ ਕੋਈ ਦੌਰ ਹੋਵੇ, ਕੋਈ ਸਰਕਾਰ ਹੋਵੇ, ਕੋਈ ਕਾਨੂੰਨ ਹੋਵੇ... ਇਹ ਸੋਸ਼ਣ ਸਿਰਫ਼ ਜਥੇਬੰਦ ਹੋ ਕੇ ਈ ਰੋਕਿਆ ਜਾ ਸਕਦੈ। ਬਾਈ ਜੀ ਜੇ ਐਨੇ ਜੋਗੇ ਨਾ ਹੋਈਏ ਤਾਂ ਇਹ ਸਰਮਾਏਦਾਰ ਤਾਂ ਸਾਡਾ ਹੱਗਣਾ ਮੂਤਣਾ ਬੰਦ ਕਰ ਦੇਣ... ਕਿ ਨੀਂ... ਹੁਣ ਇਸ ਨੂੰ ਚਾਹੇ ਕੋਈ ਡੈਮੋਕ੍ਰੇਸੀ ਕਹੇ, ਚਾਹੇ ਅੱਤਵਾਦ, ਚਾਹੇ ਮਾਓਵਾਦ, ਚਾਹੇ ਨਕਸਲਵਾਦ, ਚਾਹੇ ਕੁਝ ਹੋਰ ... ਕਿ ਨੀਂ...। '

ਪੀ.ਐਚ.ਡੀ. ਵਾਲਾ ਮੁੰਡਾ ਫਟਾਫਟ ਗੱਲਾਂ ਨੋਟ ਕਰੀ ਜਾਂਦਾ ਸੀ ਕਿ ਬਲਰਾਜ ਨੇ ਆਪਣੀ ਆਦਤ ਮੁਤਾਬਿਕ ਉਸ ਨੂੰ ਸਵਾਲ ਦਾਗ 'ਤਾ, 'ਬਾਈ ਜੀ, ਸਰਕਾਰ ਨੇ ਆਹ ਨਵਾਂ ਈ ਕੰਮ ਸ਼ੁਰੂ ਕਰ ਤਾ... ਗਰੀਨ ਹੰਟ ਆਪ੍ਰੇਸ਼ਨ ਦੇ ਨਾਂ ਥੱਲੇ ਗਰੀਬਾਂ ਦਾ ਸ਼ਿਕਾਰ ਕਰੀ ਜਾਂਦੀ ਆ। ਬੜੀ ਮਾੜੀ ਗੱਲ ਆ। ਤੁਸੀਂ ਕੁਝ ਲਿਖੋ ਤਾਂ... ਕਿ ਨੀਂ... ਅਏਂ ਤਾਂ ਲੋਕ ਬਾਗ਼ੀ ਹੋ ਜਾਣਗੇ। ਕਹਿੰਦੇ ਨੇ ਜਿਹੜਾ ਕੋਈ ਗਰੀਨ ਹੰਟ ਦੇ ਖਿਲਾਫ਼ ਬੋਲਦੈ ਪੁਲਸ ਉਸ ਨੂੰ ਮਾਓਵਾਦੀ ਬਣਾ ਕੇ ਮਾਰ ਦਿੰਦੀ ਆ... ਬਾਈ ਜੀ... ਦੱਸਦੇ ਆ ਬਈ ਇਧਰ ਜੰਗਲਾਂ ਆਲੇ 'ਲਾਕੇ ਕੰਨੀਂ ਪਿੰਡਾਂ ਦੇ ਪਿੰਡ ਅੱਗ ਲਾ ਕੇ ਸਾੜਤੇ ਪੁਲਸ ਨੇ... ਬੱਚੇ, ਬੁੱਢੇ ਤੇ ਜਨਾਨੀਆਂ ਨੀਂ ਛੱਡੀਆਂ... ਅਖ਼ੀਰ ਕਈਆਂ ਨੇ ਬੰਦੂਕਾਂ ਵੀ ਚੁੱਕ ਲਈਆਂ... ਸਰਕਾਰ ਸੋਚਦੀ ਆ ਬਈ ਇਨ੍ਹਾਂ ਨੂੰ ਪੈਸੇ ਤੇ ਤਾਕਤ ਨਾਲ ਕਾਬੂ ਕਰਲਾਂਗੇ... ਪਰ ਇਹ ਗਲਤ ਹੈ... ਮਾਓਵਾਦੀ ਬਿਮਾਰੀ ਠੀਕ ਪਰ ਇਲਾਜ ਗਲਤ... ਸਰਕਾਰ ਆਪਣੇ ਬਣਾਏ ਹੀ ਕਾਨੂੰਨ ਲਾਗੂ ਨਹੀਂ ਕਰਦੀ...ਵਿਕਾਸ ਦੇ ਨਾਂ 'ਤੇ ਬਾਹਰਲੀਆਂ ਕੰਪਨੀਆਂ ਦਾ ਵਿਕਾਸ ਕੀਤਾ ਜਾਂਦੈ... ਮੁਲਕ 'ਚ ਕੰਪਨੀਆਂ ਫੈਕਟਰੀਆਂ ਵੱਧਦੀਆਂ ਜਾਂਦੀਆਂ ਨੇ ਪਰ ਲੋਕ ਗਰੀਬ ਹੁੰਦੇ ਜਾ ਰਹੇ ਨੇ, ਕਿਉਂ ?... ਬਾਈ ਜੀ ਤੁਸੀਂ ਲਿਖੋ ਕੁਝ... ਜੇ ਅੱਜ ਦਾਂਤੇਵਾੜ ਦਾ ਨੰਬਰ ਆਇਆ ਹੈ ਕੱਲ ਸਾਡਾ ਵੀ ਆਇਆ ਲਓ।'

ਭਾ ਜੀ, ਕਈ ਹਾੜ ਸਿਆਲ ਲੰਘ ਗਏ। ਬਲਰਾਜ ਖੇਤ ਮਜ਼ਦੂਰ ਯੂਨੀਅਨ ਦੀ ਸੂਬਾ ਕਮੇਟੀ ਤੋਂ ਆਪ੍ਰੇਸ਼ਨ ਗਰੀਨ ਹੰਟ ਵਿਰੋਧੀ ਫਰੰਟ ਦਾ ਕਨਵੀਨਰ ਬਣ ਗਿਆ। ਪੂਰੀ ਸਟੇਟ 'ਚ 'ਜਿਸਦਾ ਹਲ ਉਸੇ ਦੀ ਜ਼ਮੀਨ' ਦੀ ਮੁਹਿੰਮ ਚਲਾ ਦਿੱਤੀ। ਸਰਕਾਰ ਤੇ ਸਰਮਾਏਦਾਰਾਂ ਦੇ ਭਾਅ ਦੀ ਬਣ ਗਈ। ਉਧਰ ਨਿਸ਼ੀ ਵੀ ਪੱਤਰਕਾਰ ਤੋਂ ਤਰੱਕੀ ਕਰਕੇ ਸੰਪਾਦਕ ਬਣ ਗਿਆ।

ਅੱਜ ਵੀ ਹਾੜ ਪੂਰਾ ਤਪ ਰਿਹੈ। ਤੇ ਇਹ ਸਾਰੇ ਦ੍ਰਿਸ਼ ਮੇਰੀਆਂ ਅੱਖਾਂ ਮੂਹਰੇ ਉਦੋਂ ਦੇ ਘੁੰਮ ਰਹੇ ਨੇ ਜਦੋਂ ਦੀ ਨਿਸ਼ੀ ਦੀ ਟੇਬਲ 'ਤੇ ਫੀਲਡ ਵਿਚੋਂ ਪਹੁੰਚੀਆਂ ਖਾਸ-ਮ-ਖਾਸ ਰਿਪੋਰਟਾਂ ਫਾਈਨਲ ਕਰਨ ਵਾਸਤੇ ਫਾਈਲ ਪਹੁੰਚੀ ਆ। ਇਹ ਰਿਪੋਰਟਾਂ ਆਪ੍ਰੇਸ਼ਨ ਗਰੀਨ ਹੰਟ ਵਿਰੋਧੀ ਫਰੰਟ ਦੇ ਕਨਵੀਨਰ ਮਾਓਵਾਦੀ ਬਲਰਾਜ ਸਿੰਘ ਤੇ ਉਸਦੀ ਮਾਂ ਦਲੀਪ ਕੌਰ ਦੇ ਪੁਲੀਸ ਮੁਕਾਬਲੇ 'ਚ ਮਾਰੇ ਜਾਣ ਤੇ ਫਰੰਟ ਦੇ ਕਈ ਕਾਰਕੁੰਨਾਂ ਉਪਰ ਪੁਲੀਸ ਵੱਲੋਂ ਕੀਤੇ ਭਾਰੀ ਤਸ਼ੱਦਦ ਅਤੇ ਕਿਸਾਨਾਂ ਮਜ਼ਦੂਰਾਂ ਵੱਲੋਂ ਸਰਕਾਰ ਤੇ ਪੁਲੀਸ ਖਿਲਾਫ਼ ਕੀਤੇ ਜਾ ਰਹੇ ਮੁਜ਼ਾਹਰਿਆਂ ਦੀਆਂ ਹਨ। ਰਿਪੋਰਟਾਂ ਦੇ ਨਾਲ ਬਲਰਾਜ ਤੇ ਕੈਂਸਰ ਨਾਲ ਪੀੜਤ ਸੁੱਕੀ ਸੜੀ ਮਾਤਾ ਦਲੀਪ ਕੌਰ ਦੀਆਂ ਗੋਲੀਆਂ ਨਾਲ ਵਿੰਨ੍ਹੀਆਂ ਤਸਵੀਰਾਂ ਵੀ ਹਨ। ਮੈਨੂੰ ਤਾਂ ਤਸਵੀਰ ਵਿਚ ਮਾਤਾ ਦਲੀਪ ਕੌਰ ਦੇ ਖੁੱਲ੍ਹੇ ਮੂੰਹ 'ਚ ਕੈਂਸਰ ਨਾਲ ਪਾਟੀ ਜੀਭ ਵੀ ਵਿਖਾਈ ਦੇ ਰਹੀ ਹੈ। ਰਿਪੋਰਟਾਂ ਪੜ੍ਹਦੇ ਨਿਸ਼ੀ ਨੂੰ ਤ੍ਰੇਲੀਆਂ ਆ ਰਹੀਆਂ ਹਨ। ਬਿਲਕੁਲ ਓਹੋ ਜਿਹੀਆਂ ਤ੍ਰੇਲੀਆਂ ਜਿਹੜੀਆਂ ਬਲਰਾਜ ਦੀ ਮਾਂ ਨੂੰ ਹੋਏ ਕੈਂਸਰ ਦਾ ਪਤਾ ਲੱਗਣ ਵੇਲੇ ਆਈਆਂ ਸੀ ਜਦੋਂ ਉਹ ਫੀਲਡ ਪੱਤਰਕਾਰ ਸੀ। ਤ੍ਰੇਲੀਆਂ ਪੂੰਝਦੇ ਹੋਏ ਨਿਸ਼ੀ ਨੇ ਫਾਈਲ ਉਪਰ 'ਸਿੰਗਲ ਕਾਲਮ, ਲੋਕਲ ਐਡੀਸ਼ਨ' ਲਿਖ ਕੇ ਫਾਈਲ ਨਿਊਜ਼ ਰੂਮ 'ਚ ਭੇਜ ਦਿੱਤੀ। ਫੇਰ ਕੁਝ ਪਲਾਂ ਬਾਅਦ ਉਹ ਆਪ 'ਗਰੀਨ ਹੰਟ ਵਿਰੋਧੀ ਫਰੰਟ ਫੇਲ੍ਹ:ਮਾਓਵਾਦੀ ਆਗੂ ਹਲਾਕ' ਸਿਰਲੇਖ ਹੇਠ ਸੰਪਾਦਕੀ ਤਿਆਰ ਕਰਨ ਲੱਗਿਆ। ਪਰ ਉਹ ਅਜੇ ਵੀ ਤ੍ਰੇਲੀਓਂ ਤ੍ਰੇਲੀ ਹੋਇਆ ਪਿਆ ਸੀ। ਬੱਸ ਉਦੋਂ ਦੀ ਹੀ ਮੇਰੀਆਂ ਅੱਖਾਂ ਮੂਹਰੇ ਮਾਤਾ ਦਲੀਪ ਕੌਰ ਦੀ ਕੈਂਸਰ ਨਾਲ ਪਾਟੀ ਤੇ ਲਾਲ ਫਾੜੀਆਂ ਵਰਗੀ ਘੁੰਮਦੀ ਜੀਭ ਨਿਸ਼ੀ ਦੇ ਚਿਹਰੇ 'ਚ ਬਦਲਦੀ ਜਾ ਰਹੀ ਹੈ।

ਭਾ ਜੀ, ਪਲੀਜ਼ ਦੱਸਣਾ ਇਹ ਕਿਉਂ ਹੋ ਰਿਹੈ ?

ਮੋਬਾਈਲ : 94173 58073
Email : gursewak3@gmail.com









# ਸਮਾਜ ਸ਼ਾਇਰੀ ਨੂੰ ਵੱਡਾ ਬਣਾ ਦਿੰਦੈ : ਸ਼ਹਰਯਾਰ

## ਮੁਲਾਕਾਤੀ : ਪ੍ਰੇਮ ਕੁਮਾਰ, ਪੰਜਾਬੀ ਅਨੁਵਾਦ : ਨਵ ਸੰਗੀਤ ਸਿੰਘ

*ਕੁੰਵਰ ਅਖ਼ਲਾਕ ਮੁਹੰਮਦ ਖਾਂ ਉਰਫ਼ ਸ਼ਹਰਯਾਰ ਦਾ ਜਨਮ 06 ਜੂਨ 1936 ਨੂੰ ਆਂਵਲਾ ਵਿਖੇ ਬਰੇਲੀ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਪੁਲਸ ਅਫ਼ਸਰ ਸਨ। 1961 ਵਿੱਚ ਸ਼ਹਿਰਯਾਰ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਐਮ ਏ ਕੀਤੀ। 1966 ਵਿੱਚ ਅਲੀਗੜ੍ਹ ਯੂਨੀਵਰਸਿਟੀ ਵਿਖੇ ਹੀ ਉਹ ਪੜ੍ਹਾਉਣ ਲੱਗ ਪਏ। ਸ਼ਹਰਯਾਰ ਇੱਕੋ ਵੇਲੇ ਹਿੰਦੀ ਤੇ ਉਰਦੂ ਦੋਹਾਂ ਭਾਸ਼ਾਵਾਂ ਦੇ ਬੁਲੰਦ ਸ਼ਾਇਰ ਹਨ। ਹਿੰਦੀ ਦੇ ਪ੍ਰਸਿੱਧ ਵਿਦਵਾਨ ਕਮਲੇਸ਼ਵਰ ਸ਼ਹਰਯਾਰ ਨੂੰ ਇੱਕ ਖ਼ਾਮੋਸ਼ ਸ਼ਾਇਰ ਮੰਨਦੇ ਹਨ। ਇੱਕ ਅਜਿਹਾ ਖ਼ਾਮੋਸ਼ ਸ਼ਾਇਰ ਕਿ ਉਹ ਜਦੋਂ ਇਸ ਕਠਿਨ ਦੌਰ ਅਤੇ ਖ਼ਾਮੋਸ਼ੀ ਨਾਲ ਜੁੜਦਾ ਹੈ ਤਾਂ ਇੱਕ ਸਾਂਝੀ ਚੀਕਦੀ ਆਵਾਜ਼ ਵਿਚ ਬਦਲ ਜਾਂਦਾ ਹੈ। ਬੜੇ ਅਨਕਹੇ ਤਰੀਕੇ ਨਾਲ ਆਪਣੀ ਖਾਮੋਸ਼ੀ ਭਰੀ ਨਿਮਰ ਆਵਾਜ਼ ਨੂੰ ਰਚਨਾਤਮਕ ਚੀਕ ਵਿਚ ਬਦਲ ਦੇਣ ਦੀ ਇਹ ਕਲਾ ਸ਼ਹਰਯਾਰ ਦੀ ਮਹੱਤਵਪੂਰਨ ਕਲਾਤਮਕ ਪ੍ਰਾਪਤੀ ਹੈ। ਉਹ ਮੰਨਦਾ ਹੈ ਕਿ ਸ਼ਹਰਯਾਰ ਦੀ ਸ਼ਾਇਰੀ ਹੈਰਾਨਕੁੰਨ ਆਤਿਸ਼ਬਾਜ਼ੀ ਅਤੇ ਸ਼ਿਕਾਇਤੀ ਅੰਦਾਜ਼ ਤੋਂ ਵਖਰੀ ਬੜੀ ਡੂੰਘੀ ਸਭਿਆਚਾਰਕ ਸੋਚ ਦੀ ਸ਼ਾਇਰੀ ਹੈ ਅਤੇ ਉਹ ਦਿਲੋ ਦਿਮਾਗ ਦੀ ਬੰਜਰ ਬਣਾ ਦਿੱਤੀ ਗਈ ਜ਼ਮੀਨ ਹੈ। ਅਕਾਦਮੀ ਪੁਰਸਕਾਰ ਤੋਂ ਇਲਾਵਾ ਵਿਭਿੰਨ ਪੱਧਰਾਂ 'ਤੇ ਦੇਸ਼-ਵਿਦੇਸ਼ ਵਿਚ ਸਨਮਾਨ ਅਤੇ ਪ੍ਰਸਿੱਧੀ ਪ੍ਰਾਪਤ ਸ਼ਹਰਯਾਰ ਦੇ ਉਰਦੂ ਵਿਚ 'ਇਸਮੇ ਆਜ਼ਮ', 'ਸਾਤਵਾਂ ਦਰ', 'ਹਿਜਰ ਕੇ ਮੌਸਮ', 'ਖ੍ਵਾਬ ਕਾ ਦਰ ਬੰਦ ਹੈ', 'ਨੀਂਦ ਕੀ ਕਿਰਚੇ' ਅਤੇ 'ਮੇਰੇ ਹਿੱਸੇ ਕੀ ਜ਼ਮੀਨ' ਸਿਰਲੇਖਾਂ ਵਾਲੇ ਕਾਵਿ ਸੰਗ੍ਰਹਿ ਕਾਫੀ ਚਰਚਿਤ ਅਤੇ ਸਲਾਹੇ ਗਏ ਹਨ। 'ਖ੍ਵਾਬ ਕਾ ਦਰ ਬੰਦ ਹੈ', ਹਿੰਦੀ ਅਤੇ ਅੰਗਰੇਜ਼ੀ ਵਿਚ ਵੀ ਛਪ ਚੁੱਕਾ ਹੈ ਅਤੇ 'ਕਾਫਿਲੇ ਯਾਦੋਂ ਕੇ', 'ਧੂਪ ਕੀ ਦੀਵਾਰੇਂ,' 'ਮੇਰੇ ਹਿੱਸੇ ਦੀ ਜ਼ਮੀਨ' ਅਤੇ 'ਕਹੀ ਕੁਛ ਕਮ ਹੈ' ਸਿਰਲੇਖਾਂ ਹੇਠ ਉਸ ਦੇ ਕਾਵਿ-ਸੰਗ੍ਰਹਿ ਹਿੰਦੀ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ। 'ਸੈਰੇ ਜਹਾਂ' ਛੇਤੀ ਹੀ ਹਿੰਦੀ ਵਿਚ ਛਪ ਰਿਹਾ ਹੈ। 'ਉਮਰਾਉ ਜਾਨ' ਦੀਆਂ ਗਜ਼ਲਾਂ ਤੋਂ ਸ਼ਹਰਯਾਰ ਨੂੰ ਜੋ ਪ੍ਰਸਿੱਧੀ, ਜੋ ਸਨਮਾਨ ਮਿਲਿਆ, ਉਹਨੂੰ ਉਹ ਆਪਣੀ ਪ੍ਰਾਪਤੀ ਅਤੇ ਖੁਸ਼ਕਿਸਮਤੀ ਸਮਝਦਾ ਹੈ। ਫਿਲਮਾਂ ਨੂੰ ਅੱਜ ਦੇ ਪ੍ਰਸੰਗ ਵਿਚ ਉਹ ਕਾਫੀ 'ਇਫੈਕਟਿਵ ਮੀਡੀਆ' ਮੰਨਦਾ ਹੈ।*



*? ਉਰਦੂ ਵਿਚ ਸ਼ਾਇਰੀ ਦੀ ਤਾਕਤ ਦੇ ਨਾਂ 'ਤੇ ਅਕਸਰ ਗ਼ਜ਼ਲ ਦਾ ਜ਼ਿਕਰ ਕੀਤਾ ਜਾਣ ਲੱਗਿਆ ਹੈ। ਤੁਸੀਂ ਵੀ ਪਹਿਲਾਂ ਨਜ਼ਮ ਦੀ ਤੁਲਨਾ ਵਿਚ ਗਜ਼ਲ ਦੇ ਰੂਪ ਨੂੰ ਬਿਹਤਰ ਮੰਨਦੇ ਰਹੇ ਹੋ। ਗ਼ਜ਼ਲ ਅਤੇ ਨਜ਼ਮ ਦੇ ਪੱਧਰ 'ਤੇ ਅੱਜ ਤੁਸੀਂ ਸ਼ਾਇਰੀ ਜਾਂ ਸ਼ਾਇਰ ਨੂੰ ਕਿਸ ਤਰ੍ਹਾ ਅਲੱਗ ਜਾਂ ਬਿਹਤਰ -ਘਟੀਆ ਮੰਨਦੇ ਹੋ?*

- ਪਹਿਲਾਂ ਮੇਰਾ ਇਸ ਬਾਰੇ ਰੁਖ ਦੂਜਾ ਸੀ। ਮੈਂ ਆਪਣੀ ਰਾਏ ਨੂੰ ਹੁਣ ਚੇਂਜ ਕੀਤਾ ਹੈ। ਹੁਣ ਦੋਹਾਂ ਵਿਚ ਸਭ ਤਰ੍ਹਾਂ ਦੀਆਂ ਪ੍ਰਾਬਲਮਜ਼ ਫੇਸ ਕਰਦਾ ਹਾਂ। ਗ਼ਜ਼ਲ ਵਿਚ ਜੋ ਵੀ ਟਰੁਥ ਹੁੰਦਾ ਹੈ ਉਹ ਜਨਰਲ ਬਣ ਜਾਂਦਾ ਹੈ, ਉਸ ਦੀ ਡਿਟੇਲਜ਼ ਮੌਜੂਦ ਨਹੀਂ ਹੁੰਦੀ, ਇਸ ਲਈ ਸ਼ੇਅਰ ਕਈ ਥਾਈਂ ਕਈ ਗੱਲਾਂ ਨੂੰ ਕੱਢਦੇ ਹੋਏ ਆਉਂਦਾ ਹੈ। ਇਹ ਉਸ ਦੀ ਤਾਕਤ ਵੀ ਹੈ, ਕਮਜ਼ੋਰੀ ਵੀ। ਤੁਸੀ ਚਾਹੁੰਦੇ ਹੋ ਕਿ ਕਿਸੇ ਪਰਟੀਕੁਲਰ ਚੀਜ਼ ਉਤੇ ਨਜ਼ਰਾਂ ਰੱਖਣ ਲੋਕ, ਪਰ ਜਨਰਲ ਹੋਣ ਕਰ ਕੇ ਸੁਣਨ ਪੜ੍ਹਨ ਵਾਲਾ ਆਪਣੀ ਤਰ੍ਹਾਂ ਨਾਲ ਅਰਥ ਕੱਢਦਾ ਹੈ। ਨਜ਼ਮ ਵਿਚ ਜਿਵੇਂ ਤੁਸੀਂ ਆਪਣੀ ਗੱਲ ਕਹਿੰਦੇ ਹੋ, ਉਸ ਵਿਚ ਪੜ੍ਹਨ ਸੁਣਨ ਵਾਲਾ ਪੂਰੀ ਤਰ੍ਹਾਂ ਨਹੀਂ, ਤਾਂ ਕਾਫੀ ਵੱਡੀ ਹੱਦ ਤਕ ਤੁਹਾਡੀ ਸੋਚ ਦੇ ਆਸ ਪਾਸ ਰਹਿੰਦਾ ਹੈ। ਗਜ਼ਲ ਕਹਿੰਦੇ ਸਮੇਂ ਉਸ ਫਾਰਮ ਦੀਆਂ ਕੁੱਝ ਬੰਦਸ਼ਾਂ ਹਨ, ਜਿਨ੍ਹਾਂ ਕਰ ਕੇ ਕਦੇ ਕਦੇ ਕੁੱਝ ਜ਼ਿਆਦਾ ਕਹਿ ਜਾਂਦੇ ਹਨ ਜਾਂ ਕੁੱਝ ਘੱਟ ਰਹਿ ਜਾਂਦਾ ਹੈ। ਜ਼ਰੂਰੀ ਨਹੀਂ ਕਿ ਸ਼ਾਇਰ ਨਜ਼ਮ ਵਿਚ ਸੌ ਪ੍ਰਤੀਸ਼ਤ ਕਾਮਯਾਬ ਹੋਣ, ਪਰ ਗ਼ਜ਼ਲ ਦੇ ਮੁਕਾਬਲੇ ਵਿਚ ਲਿਖਣ ਵਾਲੇ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਹ ਆਪਣੀ ਗੱਲ ਦੂਜਿਆਂ ਤਕ ਪਹੁੰਚਾ ਸਕਿਆ ਹੈ।

ਗ਼ਜ਼ਲ ਦੀ ਤਾਕਤ ਜਾਂ ਕਮਜ਼ੋਰੀ ਦੀ ਗੱਲ ਨਹੀਂ ਹੈ। ਉਹਦੀ ਫਾਰਮ ਵਿਚ ਨਾ ਖੂਬੀ ਹੈ, ਨਾ ਖਾਮੀ ਹੈ। ਇਸਤੇਮਾਲ ਕਰਨ ਵਾਲੇ 'ਤੇ ਹੈ। ਸਾਡੇ ਇਥੇ ਇਹਦੀ ਬਹੁਤ ਵਰਤੋਂ ਰਹੀ ਹੈ। ਇਹਦੇ ਜ਼ਰੀਏ ਜੋ ਕਿਹਾ ਜਾਂਦਾ ਹੈ, ਉਹ ਬੜੀ ਛੇਤੀ ਅਤੇ ਬਹੁਤ ਸਾਰੇ ਲੋਕਾਂ ਤਕ ਪਹੁੰਚਦਾ ਹੈ। ਹਰ ਜ਼ਮਾਨੇ ਵਿਚ ਉਂਜ ਤਾਂ ਨਕਲਚੀ ਅਤੇ ਮਾਮੂਲੀ ਲੋਕ ਜਿਆਦਾ ਰਹੇ ਹਨ, ਜਿਨ੍ਹਾਂ ਦੀ ਪਕੜ ਵਿਚ ਕੁੱਝ ਨਹੀਂਹੁੰਦਾ। ਗਜ਼ਲ ਬਾਰੇ ਹਰ ਵਾਰ ਕਿਹਾ ਗਿਆ ਹੈ ਕਿ ਆਪਣੇ ਜ਼ਮਾਨੇ ਦਾ ਸਾਥ ਨਹੀਂ ਦੇ ਸਕਦੀ ਪਰ ਇਕਬਾਲ, ਫੈਜ਼ ਸਾਰਿਆਂ ਨੇ ਸਾਬਤ ਕੀਤਾ ਹੈ ਕਿ ਦੇ ਸਕਦੀ ਹੈ। ਮੁਸ਼ਾਇਰੇ ਦੀ ਸ਼ਾਇਰੀ ਤੋਂ ਹਿੰਦੀ, ਉਰਦੂ ਜਾਂ ਪੰਜਾਬੀ ਵਿਚ ਅੰਦਾਜ਼ਾ ਨਹੀਂ ਲਾਉਣਾ ਚਾਹੀਦਾ। ਉਥੇ ਜਜ਼ਬਾਤ ਨੂੰ ਉਕਸਾਉਣ ਵਾਲੀ ਸ਼ਾਇਰੀ ਹੁੰਦੀ ਹੈ। (ਜਿਵੇਂ ਰਾਜਨੀਤੀ ਵਿਚ ਨੇਤਾ ਫਾਲੋਅਰਜ਼ ਦੇ ਚਾਹੁਣ ਦੇ ਆਧਾਰ 'ਤੇ ਚਲਦਾ ਹੈ, ਉਹ ਰਸਤਾ ਨਹੀਂ ਵਿਖਾਉਂਦਾ, ਇਕ ਅੱਧ ਨੂੰ ਛੱਡ ਦੇਈਏ ਤਾਂ ਕਵੀ ਦਰਬਾਰਾਂ ਅਤੇ ਮੁਸ਼ਾਇਰਿਆਂ ਵਿਚ ਅਜਿਹੇ ਹੀ ਸ਼ਾਇਰ ਹੁੰਦੇ ਹਨ। ਅਜਿਹੀ ਸੁਸਾਇਟੀ ਸੀਰੀਅਸ ਲਿਟਰੇਚਰ ਦਾ ਸ਼ੀਸ਼ਾ ਵਿਖਾਉਣ ਵਾਲਿਆਂ ਨੂੰ ਪਸੰਦ ਨਹੀਂ ਕਰ ਸਕਦੀ। ਪਲੈਟੋ ਨੇ ਸ਼ਾਇਰਾਂ ਨੂੰ ਇਸੇ ਲਈ ਆਪਣੀ ਰਿਪਬਲਿਕ ਤੋਂ ਕੱਢਿਆ ਸੀ ਕਿ ਉਹ ਬੇਚੈਨੀ ਪੈਦਾ ਕਰਦੇ ਹਨ, ਪ੍ਰਸ਼ਨ ਕਰਦੇ ਹਨ।)

ਸਾਡੇ ਇਥੇ ਬਹੁਤ ਸਾਰੇ ਅਜਿਹੇ ਸ਼ਾਇਰ ਹਨ - ਚੰਗੇ ਸ਼ਾਇਰ, ਜਿਨ੍ਹਾਂ ਨੇ ਗ਼ਜ਼ਲ ਬਿਲਕੁਲ ਨਹੀਂ ਲਿਖੀ ਪਰ ਉਨ੍ਹਾਂ ਦੀ ਸ਼ਾਇਰੀ ਕੁੱਝ ਖਾਸ ਲੋਕਾਂ ਦੀ ਸ਼ਾਇਰੀ ਹੈ। ਸ਼ਾਇਰੀ ਵਿਚ ਸ਼ਾਇਰ ਦੀ ਆਪਣੀ ਸੋਚ ਹੋਣੀ ਚਾਹੀਦੀ ਹੈ, ਪਹਿਚਾਣ ਹੋਣੀ ਚਾਹੀਦੀ ਹੈ, ਕੁੱਝ ਖਾਸ ਗੱਲਾਂ ਉਸ ਦੀਆਂ ਹੋਣੀਆਂ ਚਾਹੀਦੀਆਂ ਹਨ, ਪਰ ਉਸ ਦੀ ਪਹੁੰਚ ਖਾਸ ਤੇ ਆਮ ਲੋਕਾਂ ਤਕ ਵੀ ਹੋਵੇ। ਤਾਂ ਹੀ ਉਹ ਇਕ ਸੱਚੀ ਅਤੇ ਚੰਗੀ ਸ਼ਾਇਰੀ ਹੁੰਦੀ ਹੈ। ਉਰਦੂ ਵਿਚ ਇਹਦੀ ਸਭ ਤੋਂ ਵੱਡੀ ਮਿਸਾਲ ਗ਼ਾਲਿਬ ਹੈ, ਜੋ ਬਹੁਤ ਡੂੰਘੀਆਂ, ਫਿਲਾਸਫੀਕਲ ਗੱਲਾਂ ਕਰਦੇ ਹਨ ਅਤੇ ਜ਼ਿੰਦਗੀ ਦੀਆਂ ਅਜਿਹੀਆਂ ਸਚਾਈਆਂ ਸਾਹਮਣੇ ਲਿਆਉਂਦੇ ਹਨ, ਜੋ ਸਾਨੂੰ ਹੈਰਾਨ ਕਰ ਦਿੰਦੀਆਂ ਹਨ। ਉਨ੍ਹਾਂ ਦੀ ਜ਼ੁਬਾਨ ਵੀ, ਇੰਡੀਅਨ ਕਹੋ, ਉਹ ਆਸਾਨ ਨਹੀਂ ਹੈ, ਪਰ ਇਸ ਦੇ ਬਾਵਜੂਦ ਆਮ ਆਦਮੀ ਵੀ ਉਸ ਤੋਂ ਲੁਤਫਜ਼ਦਾ ਹੁੰਦਾ ਹੈ, ਮਜ਼ਾ ਲੈਂਦਾ ਹੈ।

ਗ਼ਜ਼ਲ ਅਤੇ ਨਜ਼ਮ ਦੀ ਜਿਥੋਂ ਤਕ ਗੱਲ ਹੈ, ਸਾਡਾ ਉਰਦੂ ਵਾਲਿਆਂ ਦਾ ਮਿਜਾਜ਼ ਗ਼ਜ਼ਲ ਵਿਚ ਇੰਨਾ ਰਚਮਿਚ ਗਿਆ ਹੈ ਕਿ ਉਹ ਨਜ਼ਮ ਨੂੰ ਓਨਾ ਪਸੰਦ ਨਹੀਂ ਕਰਦਾ। ਇਹੋ ਵਜ੍ਹਾ ਹੈ ਕਿ ਉਰਦੂ ਵਿਚ ਉਹ ਸ਼ਾਇਰ ਨੁਕਸਾਨ ਵਿਚ ਰਹੇ, ਜਿਨ੍ਹਾਂ ਨੇ ਸਿਰਫ ਨਜ਼ਮਾਂ ਲਿਖੀਆਂ। ਆਮ ਪ੍ਰਸਿੱਧੀ ਉਨ੍ਹਾਂ ਸ਼ਾਇਰਾਂ ਨੂੰ ਹੀ ਮਿਲੀ, ਜਿਨ੍ਹਾਂ ਨੇ ਗ਼ਜ਼ਲਾਂ ਅਤੇ ਨਜ਼ਮਾਂ ਦੋਵੇਂ ਲਿਖੀਆਂ। ਉਦਾਹਰਣ ਵਜੋਂ ਫ਼ੈਜ਼ ਦੀ ਪ੍ਰਸਿੱਧੀ ਵਿੱਚ ਉਨ੍ਹਾਂ ਦੀਆਂ ਗ਼ਜ਼ਲਾਂ ਦਾ ਵੱਡਾ ਹੱਥ ਹੈ। ਬੇਸ਼ੱਕ ਅਦਬ ਦੇ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਉਨ੍ਹਾਂ ਦੀ ਅਸਲੀ ਕੰਟ੍ਰੀਬਿਊਸ਼ਨ ਉਨ੍ਹਾਂ ਦੀਆਂ ਨਜ਼ਮਾਂ ਵਿੱਚ ਹੈ। ਗ਼ਜ਼ਲਾਂ ਵਿਚ ਉਨ੍ਹਾਂ ਨੇ ਖਾਸੇ ਟ੍ਰੈਡੀਸ਼ਨਲ ਸਿੰਬਲ, ਸਿਮਲੀਜ਼, ਮੈਟਾਫਰਜ਼ ਵਰਤੇ ਹਨ, ਪਰ ਉਹ ਤਰੱਕੀਪਸੰਦ ਸ਼ਾਇਰ ਹਨ ਅਤੇ ਉਹ ਹੈਸੀਅਤ ਤੋਂ ਮਸ਼ਹੂਰ ਸਨ। ਇਸੇ ਲਈ ਪੜ੍ਹਨ ਵਾਲਿਆਂ ਨੇ ਉਨ੍ਹਾਂ ਦੇ ਅਰਥ ਨਵੇਂ ਕੰਟੈਕਟਸ ਵਿਚ ਕੱਢੇ ਹਨ।

*? ਤੁਸੀਂ ਕਹਿੰਦੇ ਹੋ ਕਿ ਇਹ ਦੌਰ ਵੱਡੀ ਸ਼ਾਇਰੀ ਦਾ ਦੌਰ ਨਹੀਂ ਹੈ। ਆਖ਼ਰ ਕੀ ਕਮੀਆਂ ਜਾਂ ਕਾਰਨ ਤੁਸੀਂ ਇਸ ਦੌਰ ਵਿਚ ਵੇਖਦੇ ਹੋ, ਜਿਹਦੀ ਵਜ੍ਹਾ ਨਾਲ ਵੱਡੀ ਸ਼ਾਇਰੀ ਪੈਦਾ ਨਹੀਂ ਹੋ ਰਹੀ?*

- ਵੱਡੀ ਸ਼ਾਇਰੀ ਜਿਸ ਜ਼ਮਾਨੇ ਵਿੱਚ ਪੈਦਾ ਹੁੰਦੀ ਹੈ, ਉਸ ਵਿੱਚ ਕੁੱਝ ਵੈਲਿਊਜ਼ ਨੂੰ ਸਾਰੇ ਮੰਨਦੇ ਹਨ। ਜਦੋਂ ਐਪਿਕ ਜਾਂ ਵੱਡੀ ਸ਼ਾਇਰੀ ਪੈਦਾ ਹੋਈ, ਸਭ ਵੈਲਿਊਜ਼ ਨੂੰ ਸਾਰਿਆਂ ਨੇ ਮੰਨਿਆ। ਹੁਣ ਵੀ ਪੈਦਾ ਹੋ ਸਕਦੀ ਹੈ ਇਹ ਕੰਡੀਸ਼ਨਜ਼ ਤੋਂ ਤਾਂ ਨਹੀਂ ਲਗਦਾ। ਬਹੁਤ ਸਾਰੇ ਸ਼ਾਇਰ ਮਿਲ ਕੇ ਕੁੱਝ ਪਰਛਾਵਾਂ ਹੋਣ ਵੱਡੀ ਸ਼ਾਇਰੀ ਦਾ। ਇਹ ਜੋ ਛੋਟੀ ਛੋਟੀ ਚੇਂਜ ਆ ਰਹੀ ਹੈ, ਇਹ ਕਿਸੇ ਵੈਲਿਊ 'ਤੇ ਰੁਕਣ ਨਹੀਂ ਦਿੰਦੀ ਸੁਸਾਇਟੀ ਨੂੰ। ਚੰਗਾ, ਮਾੜਾ, ਖੂਬਸੂਰਤ, ਬਦਸੂਰਤ ਹੁਣ ਐਬਸੋਲਿਊਟ ਫਾਰਮ ਵਿਚ ਨਹੀਂ ਹੈ। ਜਦੋਂ ਤਕ ਐਬਸੋਲਿਊਟ ਵੈਲਿਊ ਨਾ ਹੋਵੇ, ਉਦੋਂ ਤਕ ਵੱਡਾ ਕਿੱਥੇ? ਸਾਰੇ ਚੰਗੇ ਚੰਗਾ ਕਹਿਣ, ਚੰਗਾ ਸਮਝਣ। ਅੱਜ ਤਾਂ ਬਦਸੂਰਤ ਵਿਚ ਖੂਬਸੂਰਤ ਵੀ ਮਿਲ ਰਿਹਾ ਹੈ। ਸਭ ਦਾ ਚੰਗਾ-ਮਾੜਾ ਅੱਡ-ਅੱਡ। ਜੰਗ ਦੇ ਨਾਂ 'ਤੇ ਅਮਨ ਅਤੇ ਅਮਨ ਦੇ ਨਾਂ 'ਤੇ ਜੰਗ। ਗੁਲਾਬ ਦੇ ਫੁੱਲ ਨੂੰ ਅੱਜ ਸਾਰੇ ਲੋਕ ਖੂਬਸੂਰਤ ਨਹੀਂ ਮੰਨ ਰਹੇ। ਅੱਜ ਹਰ ਸੱਚ ਦਾ ਝੂਠ ਤੁਸੀਂ ਵੇਖ ਚੁੱਕੇ ਹੋ। ਸੁਸਾਇਟੀ ਕਿਤੇ ਠਹਿਰ ਹੀ ਨਹੀਂ ਰਹੀ। ਛੋਟੀ ਛੋਟੀ ਸਰਕਾਰਾਂ ਬਦਲ ਰਹੀਆਂ ਹਨ। ਚੀਜ਼ਾਂ ਕਿਸ ਪਾਸੇ ਜਾ ਰਹੀਆਂ ਹਨ, ਉਸ ਤੋਂ ਉਮੀਦ ਨਹੀਂ। ਜਦੋਂ ਵੀ ਅਸੀਂ ਹੁਣ ਫੈਸਲੇ ਕਰਨੇ ਹੁੰਦੇ ਹਨ, ਤਾਂ ਅਸੀਂ ਵੇਖਦੇ ਹਾਂ ਕਿ ਕੌਣ ਘੱਟ ਖਰਾ ਅਤੇ ਘੱਟ ਖਤਰਨਾਕ ਹੈ। ਇਸ ਦੌਰ ਵਿਚ, ਅਜਿਹੀ ਸੁਸਾਇਟੀ ਵਿਚ ਚੰਗੀ ਸ਼ਾਇਰੀ ਕਿੱਥੇ? ਇਹ ਮੇਰਾ ਨਹੀਂ ਬਹੁਤੇ ਲੋਕਾਂ ਦਾ ਵਿਚਾਰ ਹੈ। ਪਰ ਚੰਗੀ ਸ਼ਾਇਰੀ ਹੁੰਦੀ ਰਹੇ, ਇਹੋ ਚੰਗਾ ਹੈ। ਵੱਡੇ ਚੱਕਰ ਵਿਚ ਚੰਗੀ ਸ਼ਾਇਰੀ ਵੀ ਬੰਦ ਨਾ ਹੋ ਜਾਵੇ। ਲਾਲਚੀ ਕੁੱਤੇ ਵਾਂਗ ਕਿਤੇ ਹੱਡੀ ਵੀ ਨਾ ਚਲੀ ਜਾਵੇ। ਸ਼ਾਇਰੀ ਕੇਵਲ ਆਪਣੇ ਆਪ ਹੀ ਵੱਡੀ ਨਹੀਂ ਹੁੰਦੀ, ਸੁਸਾਇਟੀ ਵੀ ਕਈ ਵਾਰ ਸ਼ਾਇਰੀ ਨੂੰ ਵੱਡਾ ਬਣਾ ਦਿੰਦੀ ਹੈ। ਫੈਜ਼ ਜਾਂ ਇਕਬਾਲ ਨੂੰ ਜੇ ਅਸੀਂ ਕਹੀਏ ਕਿ ਉਹ ਵੱਡੇ ਨਹੀਂ ਸਨ ਤਾਂ ਸੁਸਾਇਟੀ ਨਹੀਂ ਮੰਨੇਗੀ। ਉਸ ਨੇ ਉਨ੍ਹਾਂ ਨੂੰ ਵੱਡਾ ਮੰਨ ਲਿਆ, ਵੱਡਾ ਬਣਾ ਦਿੱਤਾ ਹੈ। ਵੱਡੀ ਸ਼ਾਇਰੀ ਦਾ ਫ਼ੈਸਲਾ ਵਕਤ ਗੁਜ਼ਾਰਨ ਪਿੱਛੋਂ ਹੁੰਦਾ ਹੈ। ਜੇ ਸ਼ਾਇਰੀ ਆਪਣੇ ਦੌਰ ਦੇ ਬੀਤਣ ਪਿੱਛੋਂ ਵੀ ਵੱਡੀ ਸਾਬਤ ਹੋਵੇ ਤਾਂ ਆਉਣ ਵਾਲੀਆਂ ਨਸਲਾਂ ਉਸ ਨੂੰ ਵੱਡੀ ਸ਼ਾਇਰੀ ਮੰਨਣਗੀਆਂ।

*? ਪਾਕਿਸਤਾਨ ਦੇ ਉਰਦੂ ਅਦਬ ਅਤੇ ਇਥੋਂ ਦੇ ਅਦੀਬਾਂ ਤੋਂ ਤੁਸੀਂ ਜਾਣੂ ਹੋ। ਕਈ ਵਾਰ ਪਾਕਿਸਤਾਨ ਦੀ ਸ਼ਾਇਰੀ ਦੀ ਬਿਹਤਰੀ ਦੀਆਂ ਗੱਲਾਂ ਪਿਛਲੇ ਦਿਨੀਂ ਕੀਤੀਆਂ ਗਈਆਂ ਹਨ। ਹਿੰਦੁਸਤਾਨ ਦੇ ਸ਼ਾਇਰਾਂ ਦੀ ਤੁਲਨਾ ਵਿਚ ਪਾਕਿਸਤਾਨ ਦੀ ਸ਼ਾਇਰੀ ਨੂੰ ਤੁਸੀਂ ਕਿਥੇ ਰੱਖਦੇ ਹੋ?*

- ਵੰਡ ਤੋਂ ਪਹਿਲਾਂ ਤੋਂ ਹੀ ਉਥੇ ਇਹ ਟਰੈਡੀਸ਼ਨ ਹੈ ਕਿ ਉਥੇ ਓਰਲ ਸ਼ਾਇਰੀ ਨਹੀਂ ਹੈ। ਬਹੁਤ ਘੱਟ ਮੁਸ਼ਾਇਰੇ ਹੁੰਦੇ ਨੇ ਉਥੇ। ਉਥੇ ਲਿਖਤੀ ਸ਼ਾਇਰੀ ਹੁੰਦੀ ਹੈ। ਉਥੋਂ ਦੇ ਸ਼ਾਇਰਾਂ ਦੀ ਮਾਤ- ਭਾਸ਼ਾ ਪੰਜਾਬੀ ਰਹੀ ਹੈ। ਉਰਦੂ ਉਨ੍ਹਾਂ ਨੇ ਇਕੁਆਇਰ ਕੀਤੀ ਹੈ ਅਤੇ ਸ਼ੁਰੂ ਤੋਂ ਹੀ ਇਹ ਕੋਸ਼ਿਸ਼ ਰਹੀ ਹੈ ਕਿ ਉਰਦੂ ਜ਼ੁਬਾਨ ਦੇ ਇਲਾਕੇ ਵਾਲਿਆਂ ਦੇ ਬਰਾਬਰ ਉਹ ਕੰਪੀਟੈਂਟ ਹੋ ਜਾਣ। ਉਨ੍ਹਾਂ ਨੇ ਲਿਖਣ- ਪੜ੍ਹਨ 'ਤੇ ਜ਼ੋਰ ਦਿੱਤਾ, ਜਦਕਿ ਹਿੰਦੁਸਤਾਨ ਵਿਚ ਰਹਿਣ ਵਾਲੇ ਸ਼ਾਇਰਾਂ ਨੇ ਪੜ੍ਹਨ ਲਿਖਣ ਵੱਲ ਇੰਨੀ ਤਵੱਕੋਂ ਨਹੀਂ ਦਿੱਤੀ। ਇਥੋਂ ਦੇ ਲੋਕਾਂ ਦੀ ਉਰਦੂ ਮਾਤ- ਭਾਸ਼ਾ ਸੀ। ਪਾਕਿਸਤਾਨੀ ਸ਼ਾਇਰੀ ਨੂੰ ਬਿਹਤਰ ਸਮਝਿਆ ਜਾਂਦਾ ਹੈ, ਪਰ ਇਥੋਂ ਦੇ ਵੀ ਸੀਰੀਅਸ ਸ਼ਾਇਰ ਪਾਕਿਸਤਾਨੀ ਦੇ ਸੀਰੀਅਸ ਸ਼ਾਇਰਾਂ ਤੋਂ ਕਿਤੇ ਘੱਟ ਨਹੀਂ ਹਨ। ਮੁਸ਼ਾਇਰੇ ਜਦੋਂ ਵੀ ਦੁਨੀਆ ਵਿਚ ਕਿਤੇ ਹੁੰਦੇ ਨੇ, ਤਾਂ ਪਾਕਿਸਤਾਨ ਤੋਂ ਉਹ ਸ਼ਾਇਰ ਬੁਲਾਏ ਜਾਂਦੇ ਹਨ, ਜਿਨ੍ਹਾਂ ਦੀ ਲਿਟਰੇਰੀ ਅਹਿਮੀਅਤ ਹੁੰਦੀ ਹੈ। ਦੂਜੇ ਪਾਸੇ ਭਾਰਤ ਤੋਂ ਅੱਸੀ ਪ੍ਰਤੀਸ਼ਤ, ਕਦੇ ਕਦੇ ਸੌ ਪ੍ਰਤੀਸ਼ਤ ਸ਼ਾਇਰ ਬੁਲਾਏ ਜਾਂਦੇ ਹਨ, ਜੋ ਪੱਕੀ ਸਿਆਹੀ ਨਾਲ ਨਾ ਛਪੇ ਹਨ, ਨਾ ਛਪਣ ਦੀ ਖਾਹਿਸ਼ ਹੈ, ਅਦਬ ਅਤੇ ਜ਼ਿੰਦਗੀ ਨਾਲ ਜਿਨ੍ਹਾਂ ਦਾ ਕੁਝ ਲੈਣਾ ਦੇਣਾ ਨਹੀਂ, ਜਿਨ੍ਹਾਂ ਕੋਲ ਕੁੱਝ ਸ਼ਾਇਰੀ ਅਜਿਹੀ ਹੈ, ਜਿਹਨੂੰ ਕਦੇ ਤਰੰਨੁਮ ਵਿਚ, ਕਦੇ ਚੀਕ ਚੀਕ ਕੇ ਪੜ੍ਹਦੇ ਹਨ। ਉਨ੍ਹਾਂ ਨੂੰ ਉਹ ਦਾਦ ਦਿੰਦੇ ਹਨ, ਜੋ ਮੁਸ਼ਾਇਰੇ ਨੂੰ ਗਾਉਣ ਵਜਾਉਣ ਜਾਂ ਮੌਜ ਮਸਤੀ ਦਾ ਜ਼ਰੀਆ ਸਮਝਦੇ ਹਨ। ਪਾਕਿਸਤਾਨ ਵਿਚ ਮੁਸ਼ਕਿਲ ਨਾਲ ਦੋ ਤਿੰਨ ਮੁਸ਼ਾਇਰੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਵੀ ਮੁਹਾਜਿਰ ਆਯੋਜਿਤ ਕਰਦੇ ਹਨ। ਸਵਾ ਸੌ ਸਾਲ ਤੋਂ ਜ਼ਿਆਦਾ ਦੇ ਦੌਰਾਨ ਜੋ ਵੱਡਾ ਅਦਬ ਆਇਆ ਉਹ ਪੰਜਾਬ ਦੇ ਲੋਕਾਂ ਨੇ ਲਿਖਿਆ ਹੈ। ਮੰਟੋ, ਬੇਦੀ, ਫੈਜ਼, ਕਾਜ਼ਮੀ ਸਭ ਪੰਜਾਬ ਦੇ ਲੋਕ ਸਨ। ਇਸ ਲਈ ਪੰਜਾਬ ਵਰਸਿਜ਼ ਇੰਡੀਆ ਕਹਿਣਾ ਚਾਹੀਦਾ ਹੈ। ਪਾਕਿਸਤਾਨ ਵਰਸਿਜ਼ ਇੰਡੀਆ ਨਹੀਂ। ਉਥੇ ਰੋਜ਼ੀ ਰੋਟੀ ਉਰਦੂ ਨਾਲ ਜੁੜੀ ਰਹੀ। ਫ਼ੈਜ਼, ਕਾਜ਼ਮੀ, ਇੰਤਜ਼ਾਰ ਹੁਸੈਨ ਨੇ ਅਖ਼ਬਾਰਾਂ ਵਿਚ ਕੰਮ ਕੀਤਾ। ਜਿਵੇਂ ਇਥੇ ਹਿੰਦੀ ਵਾਲਿਆਂ ਦਾ ਮੀਡੀਆ ਉਤੇ ਹੋਲਡ ਹੈ, ਉਵੇਂ ਉਥੇ ਉਰਦੂ ਵਾਲਿਆਂ ਦਾ। ਪਾਰਟੀਸ਼ਨ ਪਿਛੋਂ ਦੋਹਾਂ ਦੇ ਸੀਰੀਅਸ ਸ਼ਾਇਰਾਂ ਦਾ ਪਲੜਾ ਬਰਾਬਰ। ਪਾਕਿਸਤਾਨ ਦੀ ਫਿਲਾਸਫੀ ਇਹ ਹੈ ਕਿ ਇਥੇ ਨਾ ਉਰਦੂ, ਨਾ ਅਦੀਬ ਹਨ, ਨਾ ਸ਼ਾਇਰ ਹਨ, ਨਾ ਮੁਸਲਮਾਨ। ਵੱਡੇ ਤੋਂ ਵੱਡਾ ਅਦੀਬ ਉਥੇ ਨਾ ਰੇਡੀਓ ਉਤੇ ਆਏਗਾ, ਨਾ ਟੀ.ਵੀ. ਉਤੇ। ਉਥੋਂ ਇਥੇ ਅਦੀਬ ਆਉਂਦੇ ਹਨ ਤਾਂ ਵੇਖੀਏ ਕਿ ਕਿਵੇਂ ਪ੍ਰਾਜੈਕਟ ਕਰਦੇ ਹਨ ਸਭ। ਆਫ਼ਤਾਬ ਹੁਸੈਨ ਦਾ ਮੈਂ ਨਾਂ ਨਹੀਂ ਸੁਣਿਆ ਸੀ ਪਰ ਜਦੋਂ ਭਾਰਤ ਵਿਚ ਹਨ, ਤੁਸੀਂ ਵੇਖ ਲਉ ਕੌਣ ਕੌਣ ਇੰਟਰਵਿਊ ਲੈ ਰਿਹਾ ਹੈ। ਮੀਡੀਆ ਨੇ ਚੁੱਕ ਲਿਆ। ਬਾਵਜੂਦ ਇਸ ਦੇ ਕਿ ਉਹ ਸ਼ਰਨ ਦਿੱਤੇ ਜਾਣ ਨੂੰ ਲੈ ਕੇ ਇੰਡੀਆ ਉਤੇ ਇਲਜ਼ਾਮ ਵੀ ਲਾ ਰਹੇ ਹਨ।

*? ਤੁਹਾਨੂੰ ਮੁਸ਼ਾਇਰਿਆਂ ਵਿਚ ਬੁਲਾਇਆ ਜਾਂਦਾ ਹੈ। ਤੁਸੀਂ ਸ਼ਿਰਕਤ ਵੀ ਕਰਦੇ ਰਹੇ ਹੋ। ਅਜਿਹਾ ਕਿਉਂ ਹੈ ਕਿ ਤੁਹਾਡੀ ਮੁਸ਼ਾਇਰਿਆਂ ਬਾਰੇ ਚੰਗੀ ਰਾਇ ਨਹੀਂ ਹੈ। ਆਪਣੀਆਂ ਕੁੱਝ ਖਾਮੀਆਂ ਦੇ ਬਾਵਜੂਦ ਮੁਸ਼ਾਇਰੇ ਜਾਂ ਕਵੀ ਸੰਮੇਲਨ ਆਪੋ ਆਪਣੀਆਂ ਭਾਸ਼ਾਵਾਂ ਨੂੰ ਲੋਕ ਪ੍ਰਿਯ ਤਾਂ ਬਣਾ ਹੀ ਰਹੇ ਹਨ?*

- ਭਾਰਤ ਵਿਚ ਮੁਸ਼ਾਇਰਿਆਂ ਅਤੇ ਕਵੀ ਦਰਬਾਰਾਂ ਵਿਚ ਸਿਰਫ ਚਾਰ ਗੱਲਾਂ ਵੇਖੀਆਂ ਜਾਂਦੀਆਂ ਹਨ - ਪਹਿਲੀ, ਮੁਸ਼ਾਇਰਾ ਕੰਡਕਟ ਕੌਣ ਕਰੇਗਾ? ਦੂਜੀ - ਉਸ ਵਿਚ ਗਾ ਕੇ ਪੜ੍ਹਨ ਵਾਲੇ ਕਿੰਨੇ ਜਣੇ ਹੋਣਗੇ? ਤੀਜੀ - ਹਸਾਉਣ ਵਾਲੇ ਸ਼ਾਇਰ ਕਿੰਨੇ ਹੋਣਗੇ? ਅਤੇ ਚੌਥੀ ਇਹ ਕਿ ਔਰਤਾਂ ਕਿੰਨੀਆ ਹੋਣਗੀਆਂ? ਮੁਸ਼ਾਇਰਾ ਆਰਗੇਨਾਈਜ਼ਰ- ਪੈਟਰੋਨਾਈਜ਼ ਕਰਨ ਵਾਲੇ ਇਨ੍ਹਾਂ ਚੀਜ਼ਾਂ ਨੂੰ ਹੀ ਵੇਖਦੇ ਹਨ। ਇਸ ਵਿਚ ਸ਼ਾਇਰੀ ਦਾ ਕੋਈ ਜ਼ਿਕਰ ਨਹੀਂ। ਹਰ ਥਾਂ ਉਹੀ ਅਜ਼ਮਾਈਆਂ ਹੋਈਆਂ ਚੀਜ਼ਾਂ ਸੁਣਾਉਂਦੇ ਹਨ। ਭੁੱਲਿਆ-ਭਟਕਿਆ ਕੋਈ ਸੀਰੀਅਸ ਸ਼ਾਇਰ ਫਸ ਜਾਂਦਾ ਹੈ, ਤਾਂ ਸਾਰੇ ਮਿਲ ਕੇ ਉਸ ਨੂੰ ਡਾਊਨ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹਨੂੰ ਤੁਸੀਂ ਪਾਪੂਲਰ ਕਰਨਾ ਕਹਿ ਲਉ। ਪਰ ਬਹੁਤ ਪਾਪੂਲਰ ਕਰਨਾ ਵਲਗਰਾਈਜ਼ ਕਰਨਾ ਵੀ ਹੋ ਜਾਂਦਾ ਹੈ ਬਹੁਤ ਵਾਰੀ। ਇੰਸਟੀਚਿਊਸ਼ਨ ਵਿਚ ਖ਼ਰਾਬੀ ਨਹੀਂ, ਪਰ ਜੋ ਪੈਸਾ ਦਿੰਦੇ ਹਨ, ਉਹ ਆਪਣੀ ਪਸੰਦ ਦੇ ਸ਼ਾਇਰ ਬੁਲਾਉਂਦੇ ਹਨ। ਗਲਫ ਕੰਟਰੀਜ਼ ਵਿਚ ਵੀ ਜੋ ਫਾਈਨਾਂਸ ਕਰਦੇ ਹਨ, ਪਸੰਦ ਉਨ੍ਹਾਂ ਦੀ ਹੀ ਚਲਦੀ ਹੈ। ਉਨ੍ਹਾਂ ਵਿਚ ਸੀਰੀਅਸ ਸ਼ਾਇਰ ਹੋਣਗੇ ਤਾਂ ਮੁਸ਼ਕਿਲ ਨਾਲ ਤਿੰਨ ਚਾਰ ਅਤੇ ਉਨ੍ਹਾਂ ਨੂੰ ਵੀ ਲੱਗੇਗਾ ਜਿਵੇਂ ਉਹ ਉਨ੍ਹਾਂ ਵਿਚ ਆ ਫਸੇ ਹਨ। ਜਿਸ ਤਰ੍ਹਾਂ ਦੀ ਫੀਲਿੰਗ ਮੁਸ਼ਾਇਰਿਆਂ ਦੇ ਸ਼ਾਇਰ ਪੇਸ਼ ਕਰਦੇ ਹਨ, ਗੁਮਰਾਹ ਕਰਨ ਵਾਲੀ, ਤਅੱਸੁਬ (ਪੱਖਪਾਤੀ), ਘੱਟ ਨਜ਼ਰ ਵਾਲੀਆਂ ਚੀਜ਼ਾ ਉਹ ਦਿੰਦੇ ਹਨ, ਸੀਰੀਅਸ ਸ਼ਾਇਰ ਉਸ ਹਾਲਾਤ ਵਿਚ ਖੁਦ ਨੂੰ ਮੁਸ਼ਕਿਲ ਵਿਚ ਪਾਉਂਦਾ ਹੈ।

*? ਕਈ ਵਾਰ ਹਿੰਦੀ ਨੂੰ 'ਥੋਪਣ' ਦੀ ਗੱਲ ਬੜੇ ਜ਼ੋਰ ਸ਼ੋਰ ਨਾਲ ਕੀਤੀ ਗਈ ਹੈ। ਅੱਜ ਦੇ ਹਾਲਾਤ ਵਿਚ ਹਿੰਦੀ, ਉਰਦੂ ਦੇ ਆਪਸੀ ਸਬੰਧਾਂ ਬਾਰੇ ਤੁਸੀਂ ਕੀ ਸੋਚਦੇ ਹੋ? ਹਿੰਦੀ-ਉਰਦੂ ਵਿਚਲੀ ਦੂਰੀ ਨੂੰ ਵਧਾਉਣ ਅਤੇ ਘੱਟ ਕਰਨ ਵਾਲੀਆ ਤਾਕਤਾਂ ਨੂੰ ਤੁਸੀਂ ਕਿਸ ਰੂਪ ਵਿਚ ਵੇਖਦੇ ਹੋ ਅਤੇ ਉਰਦੂ ਦਾ ਭਾਰਤ ਵਿਚ ਤੁਹਾਨੂੰ ਭਵਿੱਖ ਕਿਹੋ ਜਿਹਾ ਜਾਪਦਾ ਹੈ?*

- ਹਿੰਦੀ ਨੂੰ ਕੋਈ ਥੋਪ ਨਹੀਂ ਰਿਹਾ ਕਿਸੇ ਉਤੇ। ਹਿੰਦੀ ਵਾਲਿਆਂ ਦਾ ਐਟੀਟਿਊਡ ਕਾਫੀ ਬਦਲਿਆ ਹੈ ਇਸ ਦੌਰਾਨ। ਇਹ ਟਿਪੀਕਲ ਹਿੰਦੁਸਤਾਨੀ ਜ਼ੁਬਾਨ ਹੈ। ਇਸ ਦਾ ਮੁਸਲਮਾਨਾਂ ਅਤੇ ਪਾਕਿਸਤਾਨ ਨਾਲ ਲੈਣਾ ਦੇਣਾ ਨਹੀਂ ਹੈ। ਸਾਰੇ ਸਾਊਂਡਜ਼ ਹਿੰਦੀ ਦੇ ਸਾਡੇ ਇਥੇ ਹਨ। ਪਰਸ਼ੀਅਨ ਅਤੇ ਅਰਬੀ ਤੋਂ ਜੋ ਸਾਨੂੰ ਸੂਟ ਨਹੀਂ ਕਰਦਾ ਸੀ, ਅਸੀਂ ਨਹੀਂ ਲਿਆ। ਸਾਡੇ ਅਲਫਾਬੈਟਸ ਵਿਚ ਉਨ੍ਹਾਂ ਦਾ ਉਹੀ ਹਿੱਸਾ ਹੈ, ਜੋ ਸਾਨੂੰ ਸੂਟ ਕਰਦਾ ਸੀ। ਆਮ ਲੋਕ ਬੇਸ਼ੱਕ ਗ਼ਲਤ ਹੋਣ, ਕਿਉਂ ਕਿ ਮੈਜੋਰਿਟੀ ਬੋਲਦੀ ਹੈ, ਇਸ ਲਈ ਅਸੀਂ ਉਨ੍ਹਾਂ ਨੂੰ ਐਕਸੈਪਟ ਕੀਤਾ। ਅਸੀਂ ਪਰਸ਼ੀਅਨ ਅਤੇ ਅਰਬੀ ਤੋਂ ਬਿਨਾ ਲਿਖਦੇ ਹਾਂ ਅਤੇ ਕਾਮਯਾਬ ਹੁੰਦੇ ਹਾਂ। ਫਿਲਮ ਵਿਚ ਜੋ ਫਿਲਮਾਇਆ ਜਾਂਦਾ ਹੈ, ਇਥੇ ਹਿੰਦੂ-ਮੁਸਲਮਾਨ ਜੋ ਭਾਸ਼ਾ ਬੋਲਦੇ ਹਨ, ਬਾਦਸ਼ਾਹ ਵਜ਼ੀਰ ਜਾਂ ਆਮ ਆਦਮੀ ਅੱਡ ਅੱਡ ਜ਼ੁਬਾਨ ਬੋਲਦੇ ਹਨ, ਅਜਿਹਾ ਹਕੀਕਤ ਵਿਚ ਨਹੀਂ ਹੋਇਆ ਕਦੇ। ਹਿੰਦੁਸਤਾਨ ਵਿਚ ਜੋ ਸਟੈਂਡਰਡ ਲੈਂਗੁਏਜ਼ ਲਿਆਉਂਦੇ ਹਨ। ਇਹ ਕੋਸ਼ਿਸ਼ ਵੈਲਕਮ ਨਹੀਂ ਹੋਈ। ਹੈਦਰਾਬਾਦ ਵਿਚ ਤੁਸੀਂ ਵੇਖੋ, ਜਿਥੇ ਮਾਤ- ਭਾਸ਼ਾ ਨਹੀਂ ਸੀ ਉਰਦੂ, ਬੁਕਿਸ਼ ਲੈਂਗੁਏਜ਼ ਸੀ, ਉਥੇ ਵੀ ਅਜਿਹੀਆਂ ਕੋਸ਼ਿਸ਼ਾਂ ਹੋਈਆਂ। ਕੁੱਝ ਅਲੱਗ ਬਣਾਉਣਾ ਚਾਹਿਆ ਉਨ੍ਹਾਂ ਨੇ। ਅਸੀਂ ਉਰਦੂ ਵਾਲਿਆਂ ਨੇ ਸਟੇਸ਼ਨ, ਪੋਸਟਮੈਨ, ਕੰਡਕਟਰ ਦਾ ਕਦੇ ਤਰਜਮਾ ਨਹੀਂ ਕੀਤਾ। ਸ਼ਾਮ, ਦਿਨ, ਦੁਪਹਿਰ ਆਦਿ ਜੋ ਹਿੰਦੁਸਤਾਨ ਵਿਚ ਉਪਲਬਧ ਸੀ, ਜੋ ਬੋਲਚਾਲ ਵਿਚ ਆਉਂਦਾ ਸੀ- ਉਹ ਸਭ ਲਿਆ।

ਰਾਤ ਨੂੰ ਰਾਤੀਂ, ਸ਼ਾਮ ਨੂੰ ਸੰਧਿਆ, ਤੁਸੀਂ ਬਣਾਓ, ਇਹ ਅਲੱਗ ਕਰਨ - ਵਿਖਾਉਣ ਨੂੰ ਤਾਂ ਠੀਕ ਹੈ, ਪਰ ਉਂਜ ਕੀ ਜ਼ਰੂਰਤ ਹੈ? ਸ਼ੱਕ, ਦੁੱਖ, ਉਲਝਨ, ਘਬਰਾਹਟ, ਕਾਸ਼ਤਕਾਰ, ਜ਼ਿਮੀਦਾਰ, ਬੈਲਗਾੜੀ, ਗਾਇ, ਬੈਲ, ਭੈਂਸ, ਮਿਠਾਈ, ਨਮਕੀਨ, ਦਾਲ ਭਾਤ ਨੂੰ ਤੁਸੀਂ ਕੁੱਝ ਹੋਰ ਕਹੋ, ਤਾਂ ਇਹਦੀ ਕੀ ਲੋੜ ਹੈ? ਹੁਣ ਹਿੰਦੀ ਵਿਚ ਕਾਫ਼ੀ ਅੰਤਰ ਆਇਆ ਹੈ । ਪਹਿਲੇ ਫੇਜ਼ ਜਾਂ ਉਥੇ ਸ਼ੁਰੂ ਵਿਚ ਅਨਪਾਪੂਲਰ ਸ਼ਬਦਾਂ ਨੂੰ ਲਿਆਉਣ ਦਾ। ਕਮਲੇਸ਼ਵਰ ਵਾਲਾ ਗਰੁੱਪ ਇਸ ਲਈ ਪਾਪੂਲਰ ਹੋਇਆ ਕਿ ਉਨ੍ਹਾਂ ਨੇ ਪਾਪੂਲਰ ਜ਼ਬਾਨ ਇਸਤੇਮਾਲ ਕੀਤੀ। ਹਿੰਦੀ ਵਾਲੇ ਵੀ ਹੁਣ ਬਿੰਦੀ ਲਾਉਂਦੇ ਹਨ।

ਉਰਦੂ ਦੇ ਬਾਰੇ ਕਈ ਵਾਰੀ ਕਿਹਾ ਗਿਆ ਹੈ ਕਿ ਉਰਦ ਮਰ ਰਹੀ ਹੈ। ਪਰ ਉਰਦੂ ਇਥੋਂ ਦੀ ਹੀ ਜ਼ਬਾਨ ਹੈ, ਜਿਉਂ ਜਿਉਂ ਲੋਕ ਸ਼ਹਿਰਾਂ ਵਲ ਜਾਣਗੇ, ਉਰਦੂ ਦਾ ਰਿਵਾਜ ਵਧੇਗਾ। ਉਰਦੂ ਦੀ ਤਾਕਤ ਵਧੇਗੀ। ਉਰਦੂ ਦਾ ਇਸਤੇਮ-ਾਲ ਵਧ ਰਿਹਾ ਹੈ। ਸਕ੍ਰਿਪਟ ਦੀ ਪ੍ਰਾਬਲਮ ਹਿੰਦੀ ਏਰੀਆ ਵਿਚ ਹੈ। ਬਿਹਾਰ, ਮਹਾਂਰਾਸ਼ਟਰ, ਬੰਗਾਲ ਵਿਚ ਉਰਦੂ ਸਪੀਕਿੰਗ ਲੋਕ ਸਕ੍ਰਿਪਟ ਜਾਣਦੇ ਹਨ। ਪੋਲੀਟੀਕਲੀ ਬੈਕਵਰਡ ਜੋ ਮਹਿਸੂਸ ਨਾ ਕਰ ਸਕੇ, ਉਹ ਕੀ ਗ਼ਲਤ ਅਤੇ ਸਹੀ ਸੋਚੇਗਾ?

*? ਉਰਦੂ ਵਿਚ ਬਾਲ- ਸਾਹਿਤ ਦੀ ਸਥਿਤੀ ਕੀ ਹਿੰਦੀ ਵਰਗੀ ਹੀ ਹੈ ਜਾਂ ਉਸ ਨਾਲੋਂ ਕੁੱਝ ਬਿਹਤਰ? ਕੀ ਤੁਸੀਂ ਬੱਚਿਆਂ ਲਈ ਕਵਿਤਾਵਾਂ ਲਿਖੀਆਂ ਹਨ ਅਤੇ ਬੱਚਿਆਂ ਲਈ ਬਿਹਤਰ ਲੇਖਨ ਦੀਆ ਤੁਸੀਂ ਕਿਹੋ ਜਿਹੀਆਂ ਪ੍ਰਸਥਿਤੀਆਂ ਵੇਖ ਰਹੇ ਹੋ? ਇਧਰ ਦਲਿਤ ਅਤੇ ਨਾਰੀ ਲੇਖਨ ਨੂੰ ਲੈ ਕੇ ਹਿੰਦੀ ਵਿਚ ਬਹੁਤ ਸਾਰੀਆਂ ਗੱਲਾਂ ਹੁੰਦੀਆਂ ਹਨ। ਉਰਦੂ ਦੇ ਸੰਦਰਭ ਵਿਚ ਤੁਹਾਡੇ ਅਨੁਭਵ ਅਤੇ ਵਿਚਾਰ ਕੀ ਹਨ?*

- ਬੱਚਿਆਂ ਲਈ ਦੋਹਾਂ ਹੀ ਭਾਸ਼ਾਵਾਂ ਵਿਚ ਧਿਆਨ ਨਹੀਂ ਦਿੱਤਾ ਗਿਆ। ਤੁਸੀਂ ਵੇਖੋ, ਫਿਲਮ ਦੇ ਸਾਰੇ ਗਾਣੇ ਉਥੇ ਹੀ ਕਲਿਕ ਕੀਤੇ ਗਏ ਜੋ ਬੱਚਿਆਂ ਦੇ ਨਜ਼ਰੀਏ ਤੋਂ ਸਨ। ਨਰਸਰੀ ਪੋਇਟਰੀ ਬਹੁਤ ਪਾਪੂਲਰ ਹੋਈ। 'ਏਕ ਦੋ ਤੀਨ ਚਾਰ', 'ਡਫਲੀ ਵਾਲੇ ਡਫਲੀ ਬਜਾ' ਵਰਗੇ ਕਿੰਨੇ ਹੀ ਗਾਣੇ ਹਨ। ਇੱਕ ਜ਼ਮਾਨੇ ਵਿਚ ਜਾਮੀਆਂ ਸਥਾਪਤ ਹੋਈ ਤਾਂ ਬੱਚਿਆਂ ਲਈ ਕਹਾਣੀਆਂ ਲਿਖੀਆਂ ਗਈਆਂ, ਸ਼ਾਇਰੀ ਕੀਤੀ ਗਈ। ਮੁਜੀਬ ਸਾਹਿਬ, ਜ਼ਾਕਿਰ ਸਾਹਿਬ, ਆਬਿਦ ਸਾਹਿਬ ਵਰਗੇ ਲੋਕਾਂ ਨੇ ਬੇਹੱਦ ਕੋਸ਼ਿਸ਼ਾਂ ਕੀਤੀਆਂ। ਮਾਤ- ਭਾਸ਼ਾ ਵਿਚ ਲਿਖਣ ਦਾ ਇਕ ਫੇਜ਼ ਆਇਆ। ਨੰਦਨ, ਚੰਪਕ ਵਰਗੇ ਮੈਗਜ਼ੀਨਾਂ ਦਾ ਬੜਾ ਇੰਪੈਕਟ ਰੋਲ ਰਿਹਾ। ਇਕਬਾਲ ਨੇ ਬੱਚਿਆਂ ਲਈ ਬਹੁਤ ਵਧੀਆ ਨਜ਼ਮਾਂ ਲਿਖੀਆਂ। 'ਸਾਰੇ ਜਹਾਂ ਸੇ ਅੱਛਾ' ਬੱਚਿਆਂ ਲਈ ਹੈ। ਕਈ ਪੱਤ੍ਰਿਕਾਵਾਂ ਵਧੀਆਂ ਨਿਕਲਦੀਆਂ ਸਨ, ਜਿਨ੍ਹਾਂ ਨੂੰ ਉਰਦੂ ਵਾਲੇ ਵੀ ਪੜ੍ਹਦੇ ਸਨ। ਬੱਚਿਆਂ ਦੀ ਭਾਸ਼ਾ ਹੁੰਦੀ ਸੀ। ਇਸ ਪੀਰੀਅਡ ਵਿਚ ਨਿਗਲੈਕਟ ਕੀਤਾ ਗਿਆ ਬੱਚਿਆਂ ਦੇ ਸਾਹਿਤ ਨੂੰ। ਹਿੰਦੀ- ਉਰਦੂ ਦੀ ਬਦਕਿਸਮਤੀ ਕਿ ਫਿਕਸ਼ਨ ਨੂੰ ਪੈਸਾ ਦਿੱਤਾ ਗਿਆ, ਪੋਇਟਰੀ ਨੂੰ ਨਹੀਂ। ਕੁਝ ਨਹੀਂ ਮਿਲਦਾ ਤਾਂ ਕਿਉਂ ਲਿਖੇ ਕੋਈ, ਹਿੰਦੀ ਵਿਚ ਵੀ ਬਹੁਤ ਸਾਰੇ ਸ਼ਾਇਰਾਂ ਨੇ ਲਿਖਿਆ, ਕੋਰਸ ਵਿਚ ਵੀ ਚਲਦੀਆਂ ਹਨ, ਪਰ ਸੀਰੀਅਸ ਸ਼ਾਇਰੀ ਨਾਲੋਂ ਬੱਚਿਆਂ ਦੀ ਸ਼ਾਇਰੀ ਨੂੰ ਵਖਰਾ ਰੱਖਿਆ ਗਿਆ। ਮੈਂ ਕਾਫੀ ਨਜ਼ਮਾਂ ਲਿਖੀਆਂ ਪਰ ਛਪਵਾਈਆਂ ਨਹੀਂ। ਆਪਣੀ ਇਸ ਨੈਗਲੀਜੈਂਸ 'ਤੇ ਸਾਨੂੰ ਸ਼ਰਮਿੰਦਾ ਹੋਣਾ ਚਾਹੀਦਾ ਹੈ। ਬੱਚਿਆਂ ਨੂੰ ਪੜ੍ਹਨ ਲਈ ਇਮੈਜੀਨੇਟਿਕ ਚੀਜ਼ਾਂ ਮਿਲਣੀਆਂ ਚਾਹੀਦੀਆਂ ਹਨ। ਪ੍ਰਾਈਵੇਟ ਸੰਸਥਾ ਇਹ ਨਹੀਂ ਕਰ ਸਕਦੀ। ਸਰਕਾਰ ਸਬਸਿਡਾਈਜ਼ ਕਰਕੇ ਕਰ ਸਕਦੀ ਹੈ। ਹਿੰਦੀ ਉਰਦੂ ਅਕਾਦਮੀ ਨੂੰ ਲੱਖਾਂ ਰੁਪਏ ਮਿਲਦੇ ਹਨ। ਇਨਾਮ ਦੇ ਕੇ, ਕਿਤਾਬਾਂ ਛਪਵਾਉਣ ਨੂੰ ਦੇ ਕੇ, ਐਡ ਦੇ ਕੇ ਤੁਸੀਂ ਕਿੰਨੀ ਵੱਡੀ ਰਕਮ ਬਰਬਾਦ ਕਰ ਰਹੇ ਹੋ? ਚਲੋ, ਤੁਸੀਂ ਬਰਬਾਦ ਵੀ ਕਰੋ, ਪਰ ਜੇ ਭਾਸ਼ਾ ਨੂੰ ਪੜ੍ਹਨ ਲਿਖਣ ਬੋਲਣ ਵਾਲੇ ਨਹੀਂ ਹੋਣਗੇ ਤਾਂ ਤੁਸੀਂ ਕੀ ਕਰੋਗੇ? ਬੱਚਾ ਪ੍ਰੈਜੂਡਿਸ਼ ਨਹੀਂ ਹੁੰਦਾ ਜ਼ਬਾਨ ਤੋਂ। ਤੁਸੀਂ ਪੰਜਾਹ ਜ਼ਬਾਨਾਂ ਦੀ ਕਿਤਾਬ ਉਹਦੇ ਸਾਹਮਣੇ ਰੱਖ ਦਿਉ, ਉਹ ਖੂਬਸੂਰਤ ਨੂੰ ਚੁਣਗੇ। ਇਸ 'ਤੇ ਸਾਨੂੰ ਸੋਚਣ ਚਾਹੀਦਾ ਹੈ। ਅਸੀਂ ਘਰਾਂ ਵਿਚ ਬੱਚਿਆਂ ਨੂੰ ਹਿੰਦੁਸਤਾਨੀ ਬੋਲਦੇ ਵੇਖ ਕੇ ਸ਼ਰਮਾਉਂਦੇ ਹਾਂ। ਸਭ ਦੀ ਕਹਾਣੀ ਇਕੋ ਜਹੀ ਹੈ। ਇਹ ਉਹ ਨਸਲ ਹੈ ਜੋ ਆਈ.ਏ.ਐਸ, ਪੀ.ਸੀ.ਐਸ. ਵਿਚ ਜਾ ਰਹੀ ਹੈ। ਉਸ ਨੂੰ ਹਿੰਦੁਸਤਾਨ ਵਿਚ ਹੜ੍ਹ ਆਵੇ, ਭੁਚਾਲ ਆਵੇ, ਕੋਈ ਫਰਕ ਨਹੀਂ। ਜੋ ਲਿਟਰੇਚਰ ਦੀ ਬੈਕਗਰਾਊਂਡ ਵਾਲੇ ਹਨ, ਹਾਂ, ਉਨ੍ਹਾਂ ਉਤੇ ਅਸਰ ਹੈ। ਪਬਲਿਕ ਸਕੂਲਜ਼ ਨੇ ਜੋ ਰੋਲ ਅਦਾ ਕੀਤਾ ਹੈ, ਉਹ ਵਿਕਣ ਵਿਚ ਸਹਾਇਕ ਹਨ ਭਾਰਤ ਦੇ। ਉਹ ਸੋਚ ਨਹੀਂ ਸਕਦੇ ਕਿ ਗਰਮੀ ਵਿਚ ਆਦਮੀ ਬਿਨਾ ਏ.ਸੀ. ਦੇ ਵੀ ਰਹਿ ਸਕਦਾ ਹੈ। ਧੁੱਪ, ਗਰਮੀ, ਬਰਸਾਤ ਜੋ ਨਾ ਵੇਖਣ, ਰਿਕਸ਼ੇ ਵਿਚ ਲਾ ਜਾਣ, ਉਨ੍ਹਾਂ ਦੇ ਹੱਥ ਵਿਚ ਸੱਤਾ ਹੈ। ਭੁੱਖ ਗਰੀਬੀ ਕੀ ਹੈ, ਉਹ ਕੀ ਜਾਣਨ?

ਦਲਿਤ ਲੇਖਨ ਦੀ ਜਿਥੋਂ ਤਕ ਗੱਲ ਹੈ, ਉਹ ਸਾਡੇ ਇਥੇ ਇੰਨਾ ਨਹੀਂ, ਜਿੰਨਾ ਰੀਜਨਲ ਲੈਂਗੁਏਜਿਜ਼ ਵਿਚ ਆਇਆ ਹੈ, ਇਹ ਨੈਚੂਰਲ ਹੈ। ਆਉਣਾ ਸੀ, ਆਇਆ ਹੈ। ਮੀਡੀਅਮ ਕਲਾਸ ਵਾਲੇ ਹੇਠਾਂ ਨਹੀਂ ਉਤਰਨਾ ਚਾਹੁੰਦੇ, ਉਹ ਸਪਿਰਟ ਨਹੀਂ ਸਮਝਣਾ ਚਾਹੁੰਦੇ। ਇਕ ਪਾਸੇ ਔਰਤਾਂ ਦੀ ਗੱਲ ਹੈ, ਪਰ ਜਿਵੇਂ ਮੀਡੀਆ, ਟੀ.ਵੀ. ਵਿਚ ਆ ਰਿਹਾ ਹੈ, ਉਹ ਐਬਨਾਰਮਲ ਹੈ। ਜੋ ਪਰਦਿਆਂ ਤੇ ਕਾਰਾਂ ਵਿਚ ਨਜ਼ਰ ਆਉਂਦਾ ਹੈ, ਉਹ ਡਾਇਵੋਰਸਡ ਹਨ ਜਾਂ ਫਲਰਟ ਕਰਦੀਆਂ ਹਨ ਜਾਂ ਪਰਲਨਲ ਪ੍ਰਮੋਸ਼ਨ ਲਈ ਕੁੱਝ ਕਰਦੀਆਂ ਵਿਖਾਈਆਂ ਜਾਂਦੀਆਂ ਹਨ - ਇਹ ਲਿਟਰੇਚਰ ਨਹੀਂ ਹੈ, ਸੁਸਾਇਟੀ ਨੂੰ ਭ੍ਰਿਸ਼ਟ ਕਰਨ ਦਾ ਰੋਲ ਹੈ। ਜੋ ਦਲਿਤ ਦੀ ਹਮਾਇਤ ਦੇ ਠੇਕੇ ਲੈ ਰਹੇ ਹਨ, ਉਹ ਹੁਣ ਦਲਿਤ ਕਿਥੇ ਰਹੇ ਹਨ? ਦਲਿਤ ਨਾਰੀ ਦੇ ਨਾਂ 'ਤੇ ਲੋਕ ਫ਼ਾਇਦਾ ਉਠਾਉਣਾ ਚਾਹੁੰਦੇ ਹਨ। ਖੁਸ਼ਾਮਦਾਂ ਕਰਦੇ ਹਨ, ਪਰ ਐਕਸੈਪਟੈਂਸ ਨਹੀਂ ਹੈ - ਨਾ ਮਾਇਨਾਰਿਟੀ ਨੂੰ, ਨਾ ਦਲਿਤ ਨੂੰ, ਨਾ ਔਰਤ ਨੂੰ। ਜ਼ਾਹਿਰ ਹੈ ਇਹ ਸਥਿਤੀ ਚੰਗੀ ਨਹੀਂ ਹੈ। ਨਫ਼ਰਤ ਬੇਸਿਕਲੀ ਡਰ ਦੀ ਪੈਦਾਵਾਰ ਹੈ। ਦੋਵੇਂ ਇਕੱਠੀਆਂ ਰਹਿੰਦੀਆਂ ਹਨ, ਜੌੜੀਆਂ ਭੈਣਾਂ ਹਨ। ਇਨ੍ਹਾਂ ਦੇ ਨਤੀਜੇ ਬੁਰੇ ਹੁੰਦੇ ਹਨ।

*? ਤੁਹਾਡੇ ਬਾਰੇ ਕਿਹਾ ਜਾਂਦਾ ਹੈ ਕਿ ਤੁਸੀਂ ਆਪਣੇ ਲੇਖਨ ਨਾਲ ਹਿੰਦੀ- ਉਰਦੂ ਦਰਮਿਆਨ ਇਕ ਪੁਲ ਬਣਾਇਆ ਹੈ? ਤੁਸੀਂ ਹਿੰਦੀ ਵਿਚ ਵੀ ਕਾਫ਼ੀ ਲੋਕਪ੍ਰਿਯ ਹੋ। ਤੁਹਾਡੀ ਲੋਕ- ਪ੍ਰਿਯਤਾ ਵਿਚ ਫਿਲਮ ਦੇ ਗੀਤਾਂ ਦੀ ਕੀ ਭੂਮਿਕਾ ਹੈ? ਤੁਸੀਂ ਆਪਣੀਆਂ ਪ੍ਰਾਪਤੀਆਂ ਅਤੇ ਦੇਸ਼ ਦੇ ਮੌਜੂਦਾ ਹਾਲਾਤ ਬਾਰੇ ਕੁੱਝ ਕਹਿਣਾ ਚਾਹੋਗੇ?*

- ਮੈਂ ਹਿੰਦੀ ਜਾਂ ਉਰਦੂ ਨੂੰ ਨਹੀਂ ਲਿਖ ਰਿਹਾ, ਸਗੋਂ ਉਨ੍ਹਾਂ ਲੋਕਾਂ ਲਈ ਲਿਖ ਰਿਹਾ ਹਾਂ ਜੋ ਯੂ.ਪੀ. ਵਿਚ ਖਾਸ ਤੌਰ 'ਤੇ ਉਰਦੂ- ਭਾਸ਼ੀ ਹਨ, ਪਰ ਸਕ੍ਰਿਪਟ ਨਹੀਂ ਜਾਣਦੇ। ਉਨ੍ਹਾਂ ਲੋਕਾਂ ਲਈ ਜਿਨ੍ਹਾਂ ਦੀ ਮਾਤ-ਭਾਸ਼ਾ ਉਰਦੂ ਨਹੀਂ ਹੈ, ਪਰ ਮੇਰੀ ਸ਼ਾਇਰੀ ਪਸੰਦ ਕਰਦੇ ਹਨ। ਮੇਰੇ ਸ਼ੇਅਰ ਸੁਣ ਕੇ, ਮੈਨੂੰ ਮਿਲ ਕੇ ਬਹੁਤ ਖ਼ੁਸ਼ ਹੁੰਦੇ ਹਨ, ਮੈਨੂੰ ਪਿਆਰ ਦਿੰਦੇ ਹਨ। ਹਿੰਦੀ ਵਿਚ ਜ਼ਿਆਦਾ ਪਾਪੂਲਰ ਹੋਣ ਦੀ ਗੱਲ ਇਹ ਹੈ ਕਿ ਉਹ ਛਾਪਦੇ ਹਨ, ਪੈਸੇ ਦਿੰਦੇ ਹਨ, ਇੱਜ਼ਤ ਦਿੰਦੇ ਹਨ, ਮੰਨਦੇ ਹਨ। ਉਰਦੂ ਵਿਚ ਖ਼ੁਦ ਛਾਪਣੀਆਂ ਪੈਂਦੀਆਂ ਹਨ ਕਿਤਾਬਾਂ। ਮੇਰੀ ਜ਼ਿੰਦਗੀ ਵਿਚ ਫਿਲਮ ਦੇ ਮੇਰੇ ਗੀਤਾਂ ਨੇ ਬਹੁਤ ਅਹਿਮ ਰੋਲ ਅਦਾ ਕੀਤਾ ਹੈ। ਮੈਂ ਆਪਣੀ ਲਿਟਰੇਰੀ ਅਹਿਮੀਅਤ ਦੀ ਵਜ੍ਹਾ ਨਾਲ ਫਿਲਮ ਵਿਚ ਗਿਆ। ਫਿਰ ਆਮ ਪੱਧਰ 'ਤੇ ਫਿਲਮ ਦੀ ਵਜ੍ਹਾ ਨਾਲ ਲਿਟਰੇਚਰ ਵਿਚ ਮੇਰੀ ਅਹਿਮੀਅਤ ਵਧੀ। ਪਹਿਲਾਂ ਇਸ ਗੱਲ 'ਤੇ ਮੈਂ ਸ਼ਰਮਿੰਦਾ ਹੁੰਦਾ ਸਾਂ, ਹੁਣ ਖੁਸ਼ ਹੁੰਦਾ ਹਾਂ। ਮੈਨੂੰ ਹਰ ਚੀਜ਼ ਸਮੇਂ ਤੋਂ ਪਹਿਲਾਂ ਮਿਲੀ। ਮੈਨੂੰ ਕੋਸ਼ਿਸ਼ ਨਹੀਂ ਕਰਨੀ ਪਈ, ਜਿਸ ਤਰ੍ਹਾਂ ਅਤੇ ਜਿੰਨਾ ਮਿਲਿਆ, ਮੈਂ ਸੈਟਿਸਫ਼ਾਈਡ ਹਾਂ। ਉਂਜ ਕੁਝ ਜ਼ਿਆਦਾ ਹੀ ਮਿਲਿਆ ਹੈ। ਮੈਨੂੰ ਚੀਜ਼ਾਂ ਦੇ ਪਿਛੇ ਦੌੜਨਾ ਨਹੀਂ ਪਿਆ। ਕੋਈ ਹੋਛੀ ਹਰਕਤ ਨਹੀਂ ਕਰਨੀ ਪਈ। ਦੁਨੀਆ ਬਹੁਤ ਚੰਗੀ ਹੈ ਅਤੇ ਉਸ ਵਿਚ ਚੰਗੇ ਲੋਕ ਜ਼ਿਆਦਾ ਹਨ। ਮੁਹੱਬਤ, ਸ਼ੁਹਰਤ, ਦੌਲਤ, ਇੱਜ਼ਤ, ਬੱਚੇ ਆਦਿ ਜੋ ਖਾਹਿਸ਼ ਕਰ ਸਕਦਾ ਹੈ, ਮੈਨੂੰ ਬਹੁਤ ਮਿਲਿਆ। ਉਂਜ ਤੁਸੀਂ ਇਹ ਜਾਣਦੇ ਹੋ ਕਿ ਪੂਰੀ ਤਰ੍ਹਾਂ ਕੋਈ ਸੰਤੁਸ਼ਟ ਨਹੀਂ ਹੁੰਦਾ। ਸ਼ਾਇਦ ਆਦਮੀ ਦੇ ਜ਼ਿੰਦਾ ਰਹਿਣ ਲਈ ਜ਼ਰੂਰੀ ਹੈ ਕਿ ਉਹ ਕਿਸੇ ਚੀਜ਼ ਦੀ ਖਾਹਿਸ਼ ਕਰਦਾ ਰਹੇ, ਕਿਸੇ ਚੀਜ਼ ਦੀ ਕਮੀ ਮਹਿਸੂਸ ਕਰਦਾ ਰਹੇ -

*ਨਾ ਜਿਸਕੀ ਸ਼ਕਲ ਹੈ ਕੋਈ, ਨਾ ਜਿਸਕਾ ਨਾਮ ਹੈ ਕੋਈ,*
*ਇਕ ਐਸੀ ਸ਼ੈ ਕਾ ਕਿਉਂ ਹਮੇਂ ਅਜ਼ਲ ਸੇ ਇੰਤਜ਼ਾਰ ਹੈ।*

ਜਿੱਥੋਂ ਤਕ ਤਰੱਕੀ ਦਾ ਸੁਆਲ ਹੈ, ਤਾਂ ਜਿਵੇਂ ਮੁਲਕ ਦਾ ਫਿਊਚਰ ਤੈਅ ਹੋ ਰਿਹਾ ਹੈ। ਫ਼ਾਰਮਜ਼ ਦੇ ਨਾਂ 'ਤੇ ਜਿਵੇਂ ਜੋ ਹੋ ਰਿਹਾ ਹੈ ਅਤੇ ਆਮ ਆਦਮੀ ਨੂੰ ਕੁੱਝ ਨਹੀਂ ਮਿਲ ਰਿਹਾ, ਅਸੀਂ ਖੁਲ੍ਹੀਆਂ ਅੱਖਾਂ ਨਾਲ ਵੇਖ ਰਹੇ ਹਾਂ ਅਤੇ ਖੁਦ ਨੂੰ ਬੇਬਸ ਮਹਿਸੂਸ ਕਰਦੇ ਹਾਂ। ਈਸਟ ਇੰਡੀਆ ਕੰਪਨੀ ਦੂਜੇ ਪਾਸੇ ਤੋਂ ਆ ਰਹੀ ਹੈ। ਆਮ ਆਦਮੀ ਨੂੰ ਸਚਾਈਆਂ ਤੋਂ ਦਿਨ-ਬ-ਦਿਨ ਦੂਰ ਕੀਤਾ ਜਾ ਰਿਹਾ ਹੈ। ਪਰ ਹਿੰਦੁਸਤਾਨ ਦੇ ਬਾਰੇ ਮੇਰਾ ਜੋ ਅਨੁਭਵ ਹੈ ਉਹ ਇਹ ਕਿ ਉਹ ਪਾਖੰਡ ਨੂੰ ਬਹੁਤ ਦਿਨਾਂ ਤਕ ਬਰਦਾਸ਼ਤ ਨਹੀਂ ਕਰਦਾ। ਇਥੇ ਲੋਕ ਰੌਲਾ ਪਾਉਂਦੇ ਹਨ, ਪਰ ਜਦੋਂ ਫ਼ੈਸਲੇ ਦਾ ਵਕਤ ਆਉਂਦਾ ਹੈ ਤਾਂ ਸੱਚੇ ਤੇ ਚੰਗੇ ਫੈਸਲੇ ਕਰਦੇ ਹਨ। ਮੇਰਾ ਇਹ ਈਮਾਨ ਮੈਨੂੰ ਫਿਊਚਰ ਤੋਂ ਮਾਯੂਸ ਨਹੀਂ ਹੋਣ ਦਿੰਦਾ। ਮੈਨੂੰ ਯਕੀਨ ਹੈ ਕਿ ਆਉਣ ਵਾਲੀ ਜਨਰੇਸ਼ਨ ਨੂੰ ਉਹ ਕੁੱਝ ਨਹੀਂ ਵੇਖਣਾ ਪਵੇਗਾ, ਜੋ ਅਸੀਂ ਵੇਖ-ਸਹਿ ਰਹੇ ਹਾਂ -

*ਆਜ ਕਾ ਦਿਨ ਬਹੁਤ ਅੱਛਾ ਨਹੀਂ ਤਸਲੀਮ ਹੈ,*
*ਆਨੇ ਵਾਲਾ ਦਿਨ ਬਹੁਤ ਬਿਹਤਰ ਹੈ, ਮੇਰੀ ਰਾਇ ਹੈ।*

*? ਤੁਹਾਨੂੰ 'ਉਮਰਾਓ ਜਾਨ' ਦੇ ਗੀਤਾਂ ਕਰ ਕੇ ਬਹੁਤ ਪ੍ਰਸਿੱਧੀ ਮਿਲੀ ਸੀ। ਉਸ ਤੋਂ ਬਾਅਦ ਤੁਸੀਂ ਕੁੱਝ ਹੋਰ ਫਿਲਮਾਂ ਲਈ ਵੀ ਗੀਤ ਲਿਖੇ। ਫਿਲਮ ਜਗਤ ਦੇ ਤੁਹਾਡੇ ਅਨੁਭਵ ਕਿਹੋ ਜਿਹੇ ਰਹੇ ਹਨ ਅਤੇ ਭਵਿੱਖ ਵਿਚ ਕੀ ਕੁੱਝ ਹੋਰ ਫਿਲਮਾਂ ਲਈ ਗੀਤ ਲਿਖਣ ਦੇ ਪ੍ਰਸਤਾਵ ਜਾਂ ਕੋਈ ਯੋਜਨਾ ਤੁਹਾਡੇ ਕੋਲ ਹੈ? ਫਿਲਮਾਂ ਲਈ ਲਿਖਦੇ ਸਮੇਂ ਤੁਸੀਂ ਖੁਦ ਨੂੰ ਕਿੰਨਾ ਸਮਰੱਥ ਅਤੇ ਅਨੁਕੂਲ ਮੰਨਦੇ ਹੋ?*

- ਮੈਨੂੰ ਜ਼ਿੰਦਗੀ ਵਿਚ ਬਹੁਤ ਸਾਰੀਆਂ ਚੀਜ਼ਾਂ ਫਿਲਮਾਂ ਦੇ ਗਾਣਿਆਂ ਦੀ ਪ੍ਰਸਿੱਧੀ ਕਾਰਨ ਮਿਲੀਆਂ। 'ਉਮਰਾਓ ਜਾਨ' ਦੇ ਗੀਤਾਂ ਨੇ ਹਮੇਸ਼ਾ ਮੇਰੀ ਮਦਦ ਕੀਤੀ ਹੈ। ਦੂਰ-ਦਰਾਜ਼ ਦੇ ਦੇਸ਼ਾਂ ਵਿਚ ਜੋ ਮੁਸ਼ਾਇਰਿਆਂ ਤੇ ਬੁਲਾਇਆ ਜਾਂਦਾ ਹੈ ਤਾਂ ਉਸ ਵਿਚ ਇਹੋ ਇੰਟ੍ਰੋਡਕਸ਼ਨ ਕਾਫ਼ੀ ਹੁੰਦੀ ਹੈ ਕਿ ਇਹ 'ਉਮਰਾਓ ਜਾਨ' ਦੇ ਗੀਤਾਂ ਦੇ ਲੇਖਕ ਹਨ। ਮੇਰੇ ਬੱਚਿਆਂ ਨਾਲ ਅਕਸਰ ਹਰ ਥਾਂ ਇਹ ਸੁਆਲ ਕੀਤਾ ਜਾਂਦਾ ਹੈ ਕਿ ਤੁਸੀਂ ਉਸੇ ਸ਼ਹਰਯਾਰ ਦੇ ਬੇਟੇ ਹੋ, ਜਿਨ੍ਹਾਂ ਨੇ 'ਉਮਰਾਓ ਜਾਨ' ਦੇ ਗੀਤ ਲਿਖੇ ਹਨ। ਮੈਂ ਲੋਕਾਂ ਦੀ ਪਸੰਦ ਦੀ, ਪ੍ਰਸਿੱਧੀ ਦਾ ਹਮੇਸ਼ਾ ਕਾਇਲ ਰਿਹਾ ਹਾਂ। ਜੇ ਕੋਈ ਕਿਸੇ ਨੂੰ ਪਸੰਦ ਕਰਦਾ ਹੈ ਤਾਂ ਉਸ ਵਿਚ ਕੁਝ ਨਾ ਕੁਝ ਚੰਗਾ ਜ਼ਰੂਰ ਹੈ। ਨਾਸਿਰ ਕਾਜ਼ਮੀ ਦਾ ਇਕ ਮਿਸਰਾ ਹੈ - 'ਕੁਛ ਹੋਤਾ ਹੈ ਜਬ ਫਲਕੇ ਖੁਦਾ ਕੁਛ ਕਹਿਤੀ ਹੈ।' ਮਕਬੂਲੀਅਤ ਦੀ ਆਪਣੀ ਥਾਂ ਹੈ।

'ਉਮਰਾਓ ਜਾਨ' ਪਿੱਛੋਂ ਮੁਜ਼ੱਫਰ ਦੀ 'ਅੰਜੁਮਨ' ਲਈ ਗੀਤ ਲਿਖੇ। ਫਿਲਮ ਬਣੀ ਜਿਹਦੀ ਵੀਡੀਓ ਕੈਸਿਟ ਰਿਲੀਜ਼ ਹੋਈ, ਸਿਨੇਮਾ ਹਾਲ 'ਤੇ ਰਿਲੀਜ਼ ਨਹੀਂ ਹੋ ਸਕੀ। ਯਸ਼ ਚੋਪੜਾ ਦੀ 'ਫਾਸਲੇ' ਦੇ ਗੀਤ ਲਿਖੇ, ਜੋ ਇਤਫਾਕ ਨਾਲ ਬਾਕਸ ਆਫਿਸ 'ਤੇ ਫਲਾਪ ਹੋ ਗਈ। ਮੁਜ਼ੱਫਰ ਦੀ ਹੀ ਇਕ ਫਿਲਮ ਪੋਇਟੈਸ ਹੱਬਾ ਖ਼ਾਤੂਨ ਦੀ ਜ਼ਿੰਦਗੀ 'ਤੇ 'ਜ਼ੂਨੀ' ਨਾਂ ਨਾਲ ਬਣੀ। ਕਸ਼ਮੀਰ ਦੇ ਹਾਲਾਤ ਅਤੇ ਡਿਸਟਰਬੈਂਸ ਦੀ ਵਜ੍ਹਾ ਕਰਕੇ ਸੱਤ ਰੀਲਾਂ ਬਣੀਆਂ, ਫਿਲਮ ਅੱਗੇ ਨਹੀਂ ਵਧ ਸਕੀ। ਸਾਰੇ ਗਾਣੇ ਮੇਰੇ ਸਨ। 'ਦਾਮਨ' ਵਿਚ ਗੀਤ ਲਿਖੇ ਖਾਸੀ ਚਰਚਾ ਹੋਈ ਸੀ ਉਨ੍ਹਾਂ ਗੀਤਾਂ ਦੀ। ਮੇਰਾ ਇਕ ਅਸੂਲ ਹੈ ਕਿ ਮੈਂ ਕਿਸੇ ਅਜਿਹੀ ਫਿਲਮ ਵਿਚ ਗੀਤ ਨਹੀਂ ਲਿਖ ਸਕਦਾ, ਜਿਸ ਵਿਚ ਗਾਣਾ ਕਹਾਣੀ ਦਾ ਪਾਰਟ ਨਾ ਹੋਵੇ ਅਤੇ ਜਿਸ ਵਿਚ ਪੋਇਟਰੀ ਦੀ ਗੁਜ਼ਾਇੰਸ਼ ਨਾ ਹੋਵੇ। ਮੈਨੂੰ ਉਮੀਦ ਹੈ ਕਿ ਅਜਿਹੀਆਂ ਫਿਲਮਾਂ ਨੇੜ-ਭਵਿੱਖ ਵਿਚ ਬਣਨਗੀਆਂ ਅਤੇ ਮੈਂ ਉਨ੍ਹਾਂ ਵਿੱਚ ਗੀਤ ਲਿਖਾਂਗਾ। ਮੇਰੇ ਪਿਤਾ ਪੁਲਿਸ ਇੰਸਟਪੈਕਟਰ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਤਾਂ ਆਦਮੀ ਨੂੰ ਪਤਾ ਨਹੀਂ ਲੱਗ ਸਕਦਾ ਕਿ ਉਹ ਕੀ ਕਰ ਸਕਦਾ ਹੈ, ਪਰ ਇਹ ਬਹੁਤ ਆਸਾਨੀ ਨਾਲ ਪਤਾ ਲੱਗ ਜਾਂਦਾ ਹੈ ਕਿ ਉਹ ਕੀ ਨਹੀਂ ਕਰ ਸਕਦਾ। ਜਦੋਂ ਇਹ ਪਤਾ ਲੱਗ ਜਾਏ ਤਾਂ ਅਜਿਹਾ ਕੰਮ ਕਰਨ ਪਿਛੋਂ ਸਿਵਾਏ ਬਦਨਾਮੀ ਤੋਂ ਕੁੱਝ ਨਹੀਂ ਮਿਲਦਾ। ਪਤਾ ਹੈ, ਸੌਖਾ ਹੈ ਗਾ ਕੇ ਪੜ੍ਹਨਾ, ਚੀਕ ਕੇ ਗਾਉਣਾ। ਮੈਂ ਉਹਦੇ ਖਿਲਾਫ ਨਹੀਂ ਹਾ, ਪਰ ਮੈਂ ਨਹੀਂ ਲਿਖ ਸਕਦਾ, ਮੈਂ ਨਹੀਂ ਲਿਖਣਾ ਚਾਹੁੰਦਾ। ਇਥੇ 99 ਪ੍ਰਤੀਸ਼ਤ ਗਾਣੇ ਧੁਨਾਂ ਉਤੇ ਲਿਖੇ ਜਾਂਦੇ ਹਨ। ਫੌਰਨ ਉਥੇ। ਮੈਂ ਨਹੀਂ ਲਿਖ ਸਕਦਾ। ਬਹੁਤ ਦਿਨਾਂ ਤੋਂ ਇਹ ਕੰਮ ਹੋ ਰਿਹਾ ਹੈ। ਸਾਹਿਰ ਵਗੈਰਾ ਬਹੁਤ ਲੋਕਾਂ ਨੇ ਲਿਖੇ। ਲਗਦਾ ਹੈ ਜਿਵੇਂ ਕਫਨ ਤਿਆਰ ਹੈ, ਹੁਣ ਮੁਰਦਾ ਤਿਅਰ ਕਰੋ। ਜਦੋਂ ਅਸੀ ਕਹਾਣੀ ਕਰੈਕਟਰ ਦਾ ਹਿੱਸਾ ਨਾ ਬਣਾ ਲਈਏ ਗੀਤ ਨੂੰ, ਤਾਂ ਕਿਵੇਂ ਲਿਖੀਏ? ਅਸੀ ਝਟਪਟ ਧੁਨ 'ਤੇ ਤੁਰੰਤ ਨਹੀਂ ਲਿਖ ਸਕਦੇ।

ਫਿਲਮ ਨੂੰ ਮਨ ਇਸ ਲਈ ਹੁੰਦਾ ਹੈ ਕਿ ਉਸ ਮੀਡੀਅਮ ਦਾ ਇਫੈਕਟ ਹੈ। ਸਾਡੀਆਂ ਬਹੁਤ ਸਾਰੀਆਂ ਗੱਲਾਂ ਜੋ ਉਂਜ ਨਹੀਂ ਪਹੁੰਚ ਰਹੀਆਂ, ਉਧਰੋਂ ਪਹੁੰਚਣ। ਅਸੀਂ ਉਸ ਮੀਡੀਆ ਨੂੰ ਆਪਣੀ ਆਈਡੀਆਲੋਜੀ ਲਈ ਇਸਤੇਮਾਲ ਕੀਤਾ ਹੈ। ਸਾਨੂੰ ਖੜੇ ਹੋਣ ਲਈ ਸਹੀ ਥਾਂ ਮਿਲਣੀ ਚਾਹੀਦੀ ਹੈ। ਅਸੀਂ ਉਨ੍ਹਾਂ ਦੇ ਸਾਰੇ ਰਿਕੁਇਰਮੈਂਟਸ ਪੂਰੇ ਕਰ ਸਕਦੇ ਹਾਂ। ਮੇਰੇ ਅਨੁਭਵ ਬੜੇ ਚੰਗੇ ਰਹੇ ਹਨ ਉਥੋਂ ਦੇ। ਮੈਨੂੰ ਹਮੇਸ਼ਾ ਇਹ ਅਹਿਸਾਸ ਰਿਹਾ ਹੈ ਕਿ ਮੈਂ ਯੂਨੀਵਰਸਿਟੀ ਦਾ ਨੌਕਰ ਹਾਂ। ਮੈਂ ਮੁਸ਼ਾਇਰਿਆਂ, ਫਿਲਮਾਂ ਲਈ ਛੁੱਟੀਆਂ ਗੁਆਉਣੀਆਂ ਜ਼ਰੂਰੀ ਨਹੀਂ ਸਮਝਦਾ। ਬਾਹਰ ਦੇ ਆਫਰਜ਼ ਉਨ੍ਹੀਂ ਦਿਨੀ ਅਵਾਇਡ ਕਰਦਾ ਰਿਹਾ। ਹੁਣ ਰਿਟਾਇਰਮੈਂਟ ਪਿਛੋਂ ਮੈਂ ਵਕਤ ਦੇਣਾ ਅਫੋਰਡ ਕਰ ਸਕਦਾ ਹਾਂ। ਟੀਚਰ ਹੋ ਕੇ ਆਦਮੀ ਬਹੁਤ ਸਾਰੇ ਕੰਮਾਂ ਦਾ ਨਹੀਂ ਰਹਿੰਦਾ। ਹਜ਼ਾਰਾਂ ਸਲਾਮਾਂ ਮਿਲਦੀਆਂ ਹਨ, ਤੁਸੀਂ ਉੱਥੇ ਜਾ ਕੇ ਕੀਹਨੂੰ ਸਲਾਮ ਕਰੋਗੇ?

ਪਬਲਿਕ ਸਾਫ ਸਲੇਟ ਵਾਂਗ ਹੈ। ਉਹਦੇ ਜ਼ਾਤੀ ਪ੍ਰੈਜੁਡਿਸ ਘੱਟ ਹਨ। ਤੁਸੀਂ ਉਹਨੂੰ ਚੰਗੀ ਚੀਜ਼ ਦੇ ਕੇ ਉਪਰ ਚੁੱਕ ਸਕਦੇ ਹੋ। ਹਰ ਥਾਂ - ਵੇਖ ਲਉ- ਫਿਲਮ, ਸਿਆਸਤ, ਖੇਡ- ਸਭ ਵਿਚ ਜਦੋਂ ਚੰਗੀ ਚੀਜ਼ ਆਉਂਦੀ ਹੈ ਤਾਂ ਉਹਨੂੰ ਪਬਲਿਕ ਹੀ ਸਿਰ ਉਤੇ ਚੁਕਦੀ ਹੈ। ਉਹਨੂੰ ਮੌਕਾ ਮਿਲਣਾ ਚਾਹੀਦਾ ਹੈ ਅਤੇ ਇਸ ਗੱਲ ਦਾ ਅਹਿਸਾਸ ਵੀ ਕਿ ਉਹਦੀ ਉਪੀਨੀਅਨ ਨਾਲ ਉਹ ਚੀਜ਼ ਗਵਰਨ ਹੋਵੇਗੀ। ਉਹ ਨਹੀਂ, ਚੰਗੀ, ਅਲੱਗ ਚੀਜ਼ ਨੂੰ ਪਸੰਦ ਕਰਦੀ ਹੈ। ਉਸ ਨਾਲ ਜੇ ਤੁਸੀਂ ਆਪਣਾ ਸਮਝ ਕੇ ਗੱਲਾਂ ਕਰੋਂ ਤਾਂ ਉਹ ਹਰ ਗੱਲ ਸੁਣਦੀ ਹੈ ਪਰ ਤੁਸੀਂ ਡਿਕਟੇਟ ਕਰਨ ਲੱਗੋ, ਉਪਰ ਖੜੇ ਹੋ ਕੇ ਕਹੋ ਕਿ ਅਸੀਂ ਤੈਨੂੰ ਸਿਖਾਉਣ ਆਏ ਹਾਂ, ਦੱਸਣ ਆਏ ਹਾਂ- ਤਾਂ ਅਜਿਹੇ ਲੋਕਾਂ ਨੂੰ ਉਹ ਨਕਾਰਦੀ ਹੈ।

*? ਮੰਚ ਦੀ ਸਥਿਤੀ ਨੂੰ ਲੈ ਕੇ ਬਹੁਤ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ- ਹਿੰਦੀ ਵਿਚ ਵੀ, ਉਰਦੂ ਵਿਚ ਵੀ। ਮੰਚ ਲਈ ਆਏ ਸੱਦੇ 'ਤੇ ਜਾਣ ਤੋਂ ਪਹਿਲਾਂ ਕੀ ਤੁਸੀਂ ਕੁੱਝ ਖਾਸ ਬਿੰਦੂਆਂ- ਸੀਮਾਵਾਂ 'ਤੇ ਵਿਚਾਰ ਕਰਦੇ ਹੋ ਜਾਂ ਹਰ ਕਿਤੇ ਇਉਂ ਹੀ ਚਲੇ ਜਾਂਦੇ ਹੋ?*

- ਥੋੜ੍ਹਾ ਬਹੁਤ ਧਿਆਨ ਰਖਦਾ ਹਾਂ ਮੰਚ ਪ੍ਰੋਗਰਾਮ ਆਉਣ 'ਤੇ। ਅਜਿਹੀ ਥਾਂ ਹੋਣੀ ਚਾਹੀਦੀ ਹੈ ਕਿ ਆਉਣ-ਜਾਣ ਵਿਚ ਸਹੂਲਤ ਹੋਵੇ। ਜਾਨ 'ਤੇ ਖੇਡ ਕੇ, ਦੁੱਖ ਸਹਾਰ ਕੇ ਪੈਸਾ ਵੀ ਮਿਲੇ ਤਾਂ ਮੈਂ ਨਹੀਂ ਜਾਂਦਾ। ਕਿਸੇ ਮਕਸਦ ਲਈ, ਦੋਸਤੀ ਲਈ, ਆਈਡੀਆਲੋਜੀਕਲ ਮਸਲਾ ਹੋਵੇ ਤਾਂ ਚਲਿਆ ਜਾਂਦਾ ਹਾਂ। ਪਰ ਸਿਫਰ ਐਂਟਰਟੇਨਮੈਂਟ ਲਈ ਹੋਵੇ ਤਾਂ ਢੁਕਵਾਂ ਸੇਵਾ-ਫਲ, ਰੁਕਣਾ-ਰਹਿਣ ਦੀ ਸਹੂਲਤ ਹੋਣੀ ਚਾਹੀਦੀ ਹੈ।

ਲਿਟਰੇਰੀ ਹੈਸੀਅਤ ਦੇ ਪ੍ਰੋਗਰਾਮ ਚੰਗੇ ਲਗਦੇ ਹਨ। ਇਹ ਦੁਨੀਆ ਕੁਝ ਖਾਸ ਲੋਕਾਂ ਲਈ ਨਹੀਂ ਬਣੀ, ਹਰ ਤਰ੍ਹਾਂ ਦੇ ਲੋਕ ਉਸ ਵਿਚ ਮੌਜੂਦ ਹਨ ਅਤੇ ਉਨ੍ਹਾਂ ਨੂੰ ਮੌਜੂਦ ਅਤੇ ਜ਼ਿੰਦਾ ਰਹਿਣ ਦਾ ਹੱਕ ਹੈ। ਖੁਦ ਅਸੀਂ ਜਿਨ੍ਹਾਂ ਲੋਕਾਂ ਨੂੰ ਕੰਟੈਕਟ ਨਾਲ ਵੇਖਦੇ ਹਾਂ, ਉਨ੍ਹਾਂ ਦਾ ਇਕ ਰੋਲ ਹੈ। ਉਹ ਜਿਸ ਪੱਧਰ 'ਤੇ ਲੋਕਾਂ ਨੂੰ ਐਂਟਰਟੇਨ ਕਰਦੇ ਹਨ, ਉਹਦੀ ਵੀ ਇਕ ਜ਼ਰੂਰਤ ਹੈ। ਅਸੀਂ ਤੁਸੀਂ ਵੀ ਜੇ ਆਪਣੇ ਆਪ ਨੂੰ ਆਪਣੇ ਬਣਾਏ ਹੋਏ ਜਾਲ ਤੋਂ ਥੋੜ੍ਹਾ ਜਿਹਾ ਕੱਢ ਸਕੀਏ ਤਾਂ ਸਾਨੂੰ ਵੀ ਉਹ ਚੀਜ਼ਾਂ ਚੰਗੀਆਂ ਲਗਦੀਆਂ ਹਨ। ਅਸੀਂ ਇਕ ਖੋਲ ਜਿਹਾ ਪਹਿਨ ਰੱਖਿਆ ਹੈ ਕਿ ਉਸ ਚੀਜ਼ 'ਤੇ ਹੱਸਾਂਗੇ, ਉਸ 'ਤੇ ਨਹੀਂ ਹੱਸਾਂਗੇ। ਮੰਚ ਵਿਚ ਅਤੇ ਸੀਰੀਅਸ ਲਿਟਰੇਚਰ ਵਿਚ ਜੋ ਬਹੁਤ ਵੱਡਾ ਫਾਸਲਾ ਪੈ ਗਿਆ ਹੈ, ਉਹਦੀ ਥੋੜ੍ਹੀ ਬਹੁਤ ਜ਼ਿੰਮੇਵਾਰੀ ਸੀਰੀਅਰ ਰਾਈਟਰਜ਼ 'ਤੇ



ਖੱਬੇ ਤੋਂ ਸੱਜੇ : ਪ੍ਰੋਫ਼ੈਸਰ ਅਬਦੁਸ ਸਮਾਦ, ਪ੍ਰੋ. ਵਾਹਬ ਅਸ਼ਰਫੀ, ਪ੍ਰੋ. ਸ਼ਹਰਯਾਰ ਅਤੇ ਆਲਮ ਖੁਰਸ਼ੀਦ।

ਵੀ ਹੈ। ਉਹ ਉਸ ਈਡੀਅਮ ਨਾਲ ਗੱਲ ਕਰਨ ਲੱਗੇ ਹਨ ਜੋ ਕਿ ਬਹੁਤ ਖਾਸ ਲੋਕਾਂ ਲਈ ਰਹਿ ਗਿਆ ਹੈ। ਇਸ ਦਾ ਮਤਬਲ ਇਹ ਨਹੀਂ ਹੈ ਕਿ ਸਾਨੂੰ ਖੁਦ ਤੋਂ ਹੇਠਾਂ ਉਤਰਨਾ ਚਾਹੀਦਾ ਹੈ। ਪਰ ਅਰਥ ਇਹ ਹੈ ਕਿ ਸਾਨੂੰ ਆਪਣੀ ਗੰਭੀਰ ਗੱਲ ਨੂੰ ਸਹਿਜ ਅੰਦਾਜ਼ ਵਿਚ ਕਹਿਣ ਦਾ ਆਰਟ ਹਾਸਲ ਕਰਨਾ ਚਾਹੀਦਾ ਹੈ। ਅਸੀਂ ਕਦੇ ਕਦੇ ਬਹੁਤ ਹੇਠਾਂ ਉਤਰ ਆਉਂਦੇ ਹਾਂ ਅਤੇ ਸੀਰੀਅਸ ਚੀਜ਼ਾਂ ਦੀ ਡੋਰ ਸਾਥੋਂ ਛੁੱਟ ਜਾਂਦੀ ਹੈ। ਇਸ ਸੂਰਤ ਵਿਚ ਸਾਨੂੰ ਲੋਕ ਮਿਲ ਜਾਂਦੇ ਹਨ, ਪਰ ਅਦਬ ਕਿਤੇ ਛੁੱਟ ਜਾਂਦਾ ਹੈ।

ਮਿਊਜ਼ਿਕ ਵਿਚ ਜਿਵੇਂ ਕੁੱਝ ਚੀਜ਼ਾਂ ਦਾ ਜਾਣਨਾ ਜ਼ਰੂਰੀ ਹੈ, ਉਸੇ ਤਰ੍ਹਾਂ ਸ਼ਾਇਰੀ ਵਿਚ ਵੀ। ਟਰੈਡੀਸ਼ਨ ਵਿਚ ਜੋ ਮਿਲਦਾ ਹੇ, ਉਸ ਤੋਂ ਤੁਸੀਂ ਸਿਖਦੇ ਹੋ। ਤੁਸੀਂ ਸਿਖਦੇ ਹੋ ਕਿ ਕਿਹੜੇ ਟੂਲਜ਼ ਲੋਕ ਇਸਤੇਮਾਲ ਕਰਦੇ ਰਹੇ। ਹਰ ਚੀਜ਼ ਵਿੱਚ ਹੈ ਇਹ ਕਿ ਜੋ ਚੀਜ਼ ਤੁਸੀਂ ਬਣਾਉਂਦੇ ਹੋ, ਉਹਦੇ ਜ਼ਰੀਏ ਨਾਲ ਕੀ ਗੱਲ ਕਹਿਣਾ, ਪਹੁੰਚਾਉਣਾ ਚਾਹੁੰਦੇ ਹਨ ਅਤੇ ਇਹ ਵੀ ਕਿ ਕਿਹਨਾਂ ਲੋਕਾਂ ਤਕ ਪਹੁੰਚਾਉਣਾ ਚਾਹੁੰਦੇ ਹਨ। ਉਨ੍ਹਾਂ ਦੀ ਜ਼ਿੰਦਗੀ ਅਤੇ ਪੋਇਟਰੀ ਦੇ ਬਾਰੇ ਕੀ ਐਜੂਕੇਸ਼ਨ ਹੈ? ਉਨ੍ਹਾਂ ਦਾ ਕੰਪੀਟੈਂਟ ਹੋਣਾ ਜ਼ਰੂਰੀ ਹੈ। ਮਿਸਾਲ ਵਜੋਂ ਉਨ੍ਹਾਂ ਤਕ ਜਦੋਂ ਸ਼ਾਇਰੀ ਪਹੁੰਚੇ ਤਾਂ ਉਨ੍ਹਾਂ ਦੇ ਇਨਬਿਲਡ ਵਿਚ ਇਹ ਮੌਜੂਦ ਹੋਵੇ ਕਿ ਸ਼ਾਇਰੀ ਸਿੰਪਲ ਤਰੀਕੇ ਨਾਲ ਨਹੀਂ ਕਹੀ ਜਾਂਦੀ। ਉਹ ਅਲੱਗ ਤਰੀਕੇ ਨਾਲ ਹੋਵੇਗੀ- ਜੋ ਹੁਣ ਤਕ ਉਨ੍ਹਾਂ ਤਕ ਨਹੀਂ ਪਹੁੰਚੀ ਹੋਵੇਗੀ। ਹੁਣ ਪਹੁੰਚਣ ਵਾਲਿਆਂ ਦਾ ਮਕਸਦ ਉਹ ਨਹੀਂ, ਜੋ ਹੋਰਨਾਂ ਦਾ ਰਿਹਾ ਹੈ। ਇਹਦੇ ਲਈ ਕਿੱਥੇ ਸਿੰਬਲ, ਮੈਟਾਫਰ, ਕਿਸ ਤਰ੍ਹਾਂ ਦਾ ਮੀਟਰ-ਫਾਰਮ ਅਖਿਤਆਰ ਕਰਨਾ ਹੈ- ਟਰੈਡੀਸ਼ਨਲ ਜਾਂ ਫਰੀਵਰਸ ਜਾਂ ਬਲੈਂਕ ਵਰਸ ਜਾਂ ਪਰੋਜ਼ ਜਾਂ ਪੋਇਮ ਲਿਖਣੀ ਹੈ - ਇਹ ਉਹ ਜਾਣਦਾ ਹੈ। ਇਸ ਸਿਲਸਿਲੇ ਵਿਚ ਬਹੁਤ ਕੁਝ ਅਣਜਾਣੇ ਵਿਚ ਆਪਣੇ ਆਪ ਹੁੰਦਾ ਰਹਿੰਦਾ ਹੈ ਕਿ ਕਿਸ ਪਰਪੋਰਸ਼ਨ ਨਾਲ ਕਿਹੜੀ ਚੀਜ਼ ਹੋਵੇਗੀ - ਕਿਸ ਤਰ੍ਹਾਂ ਉਹ ਸ਼ਕਲ ਬਣੇਗੀ ਜੋ ਪੜ੍ਹਨ ਸੁਣਨ ਵਾਲੇ ਨੂੰ ਹੈਰਾਨੀ ਵਿਚ ਪਾਵੇਗੀ। ਉਹ ਹੈਰਾਨੀ ਵਿਚ ਇਸ ਲਈ ਪਾਵੇਗੀ ਕਿ ਉਹ ਅਨੋਖੀ ਹੋਵੇਗੀ- ਆਪਣੀ ਸ਼ਕਲ ਵਿਚ ਵੀ, ਆਪਣੇ ਕੰਟੈਂਟ ਵਿੱਚ ਵੀ। ਹਰ ਰਾਈਟਰ ਦੀ ਖਾਹਿਸ਼ ਹੁੰਦੀ ਹੈ ਕਿ ਉਹ ਆਪਣੀਆਂ ਖਾਸ ਗੱਲਾਂ ਨੂੰ ਲੋਕਾਂ ਤਕ ਪਹੁੰਚਾਏ। ਪਰ ਪਹੁੰਚਾਉਣ ਦੇ ਨਾਲ ਆਮ ਬਣਨ ਦੀ ਤਾਕਤ ਵੀ ਰਖਣੀ ਹੈ। ਬੜਾ ਮਸ਼ਹੂਰ ਫਿਕਰਾ ਹੈ- 'ਉਸ ਨੇ ਯੇ ਜਾਨਾ ਕਿ ਗੋਯਾ ਯੇ ਭੀ ਮੇਰੇ ਦਿਲ ਮੇਂ ਥਾ'- ਪੜ੍ਹਨ ਵਾਲੇ ਨੂੰ ਇਹ ਧੋਖਾ ਹੋਵੇ ਕਿ ਇਹ ਤਾਂ ਮੈਂ ਹੀ ਕਹਿਣਾ ਚਾਹੁੰਦਾ ਹਾਂ ਅਤੇ ਉਹ ਐਸਥੈਟਿਕ ਐਕਸਪੀਰੀਐਂਸ ਉਹਦਾ ਆਪਣਾ ਐਕਸਪੀਰੀਐਂਸ ਬਣ ਜਾਵੇ। ਵੱਡੇ ਅਦਬ ਵਿਚ ਤਾਂ ਇਹ ਯੋਗਤਾ ਹੁੰਦੀ ਹੀ ਹੈ, ਪਰ ਸੱਚੇ ਅਤੇ ਚੰਗੇ ਅਦਬ ਵਿਚ ਵੀ ਇਹ ਖੂਬੀ ਹੁੰਦੀ ਹੈ।

*? ਕਿਨ੍ਹਾਂ ਸ਼ਾਇਰਾਂ ਨੂੰ ਪੜ੍ਹਨਾ ਤੁਹਾਨੂੰ ਪਸੰਦ ਆਉਂਦਾ ਰਿਹਾ? ਕੀ ਕੁਝ ਸ਼ਾਇਰਾਂ ਦੇ ਪੜ੍ਹਨ ਦਾ ਅਸਰ ਤੁਹਾਨੂੰ ਆਪਣੇ ਆਪ 'ਤੇ ਵੀ ਮਹਿਸੂਸ ਹੁੰਦਾ ਹੈ?*

- 'ਤਰੰਨੁਮ' ਵਿਚ ਮਜਰੂਹ ਨੂੰ ਮੈਂ ਪਸੰਦ ਕਰਦਾ ਸਾਂ। ਚੰਗੇ ਲਗਦੇ ਸਨ। ਹੇਠਲੇ ਹਿੱਸੇ ਵਿਚ ਅਖ਼ਤਰੁਲ ਈਮਾਨ, ਮੁਨੀਬੁਰ ਰਹਿਮਾਨ ਦਾ ਅੰਦਾਜ਼ ਪਸੰਦ ਸੀ। ਉਂਜ ਫੈਜ਼ ਜਾਂ ਨਿਸਾਰ ਅਖ਼ਤਰ - ਜਿਨ੍ਹਾਂ ਦੇ ਪੜ੍ਹਨ ਦੇ ਅੰਦਾਜ਼ ਨੂੰ ਲੋਕੀ ਚੰਗਾ ਨਹੀਂ ਕਹਿੰਦੇ ਸਨ, ਮੈਨੂੰ ਉਹ ਵੀ ਚੰਗੇ ਲਗਦੇ ਸਨ। ਬੰਬਈ ਵਿੱਚ ਇਕ ਵਾਰ ਹਸਨ ਕਮਾਲ ਨੇ ਫ਼ੈਜ਼ ਨੂੰ ਇੰਟਰੋਡਿਊਸ ਕਰਾਉਂਦੇ ਸਮੇਂ ਉਨ੍ਹਾਂ ਦੇ ਪੜ੍ਹਨ ਦੇ ਸਿਲਸਿਲੇ ਵਿੱਚ ਕਿਹਾ ਕਿ ਫ਼ੈਜ਼ ਸਾਹਿਬ ਜਿੰਨਾ ਚੰਗਾ ਲਿਖਦੇ ਹਨ, ਕਾਸ਼! ਉਹ ਓਨਾ ਚੰਗਾ ਪੜ੍ਹਦੇ ਵੀ। ਪਤਾ ਹੈ ਇਸ 'ਤੇ ਫ਼ੈਜ਼ ਨੇ ਕੀ ਕਿਹਾ? ਉਨ੍ਹਾਂ ਕਿਹਾ- 'ਸਾਰੇ ਕੰਮ ਮੈਂ ਹੀ ਕਰਾਂ? ਚੰਗਾ ਲਿਖਾਂ ਵੀ ਮੈਂ, ਚੰਗਾ ਪੜ੍ਹਾਂ ਵੀ ਮੈਂ! ਕੁਝ ਤੁਸੀਂ ਵੀ ਤਾਂ ਕਰੋ।' ਦਰਅਸਲ ਸਮਾਜ ਵਿੱਚ ਬਹੁਤ ਸਾਰੇ ਪ੍ਰੈਜੁਡਿਊਸ ਆਦਮੀ ਦੀ ਸ਼ਖਸੀਅਤ ਦਾ ਹਿੱਸਾ ਬਣ ਜਾਂਦੇ ਹਨ। ਮਿਸਾਲ ਵਜੋਂ ਮੁਸ਼ਾਇਰਾ ਬੁਰੀ ਥਾਂ 'ਤੇ ਹੈ, ਸ਼ੇਅਰਾਂ ਨੂੰ ਚੰਗੀ ਤਰ੍ਹਾਂ ਪੜ੍ਹਨਾ ਨਾਟਕ ਹੈ...। ਇਹ ਗ਼ਲਤ ਹੈ। ਮੇਰੇ ਖ਼ਿਆਲ ਵਿੱਚ ਮੰਚ ਦੀ ਇਕ ਅਹਿਮੀਅਤ ਹੈ। ਜੇ ਉਹਦੀ ਗਲਤ ਵਰਤੋਂ ਹੋ ਰਹੀ ਹੈ ਜਾਂ ਉਹ ਗਲਤ ਲੋਕਾਂ ਦੇ ਹੱਥਾਂ ਵਿਚ ਹੈ ਤਾਂ ਇਸ ਵਜ੍ਹਾ ਨਾਲ ਮੰਚ ਨੂੰ ਨਕਾਰਿਆ ਨਹੀਂ ਜਾ ਸਕਦਾ। ਸ਼ਾਇਰ ਨੂੰ, ਉਹਦੀ ਸ਼ਾਇਰੀ ਦੀਆਂ ਜੋ ਕੁਆਲਿਟੀਜ਼ ਹਨ, ਖਾਸ ਤੌਰ 'ਤੇ ਸਾਊਂਡ ਅਤੇ ਮਿਊਜ਼ਿਕ ਦੀਆਂ ਕੁਆਲਿਟੀਜ਼ ਪੜ੍ਹਨ ਸਮੇਂ ਉਨ੍ਹਾਂ ਨੂੰ ਉਭਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੋ ਚੰਗਾ ਲਿਖਦੇ ਅਤੇ ਚੰਗਾ ਪੜ੍ਹਦੇ ਵੀ ਹਨ, ਉਨ੍ਹਾਂ ਦੀ ਕਦਰ ਕਰਨੀ ਚਾਹੀਦੀ ਹੈ।

ਫ਼ੈਜ਼ ਦਾ ਕੀ ਪਸੰਦ ਸੀ... ਬਹੁਤ ਕੁਝ ਇਸ 'ਤੇ ਨਿਰਭਰ ਹੁੰਦਾ ਹੈ ਕਿ ਤੁਸੀਂ ਕੀ ਐਕਸਪੈਕਟ ਕਰਦੇ ਹੋ। ਮੇਰੇ ਕੋਲ ਉਨ੍ਹਾਂ ਦੀ ਕੈਸਿਟ ਹੈ। ਮੈਂ ਇਹਨੂੰ ਅਕਸਰ ਸੁਣਦਾ ਰਹਿੰਦਾ ਹਾਂ। ਉਨ੍ਹਾਂ ਦਾ ਪੜ੍ਹਨ ਦਾ ਆਪਣਾ ਇਕ ਅੰਦਾਜ ਸੀ। ਮੈਨੂੰ ਉਹ ਅੰਦਾਜ਼ ਚੰਗਾ ਲੱਗਦਾ ਸੀ। ਇਸ ਲਈ ਉਹ ਸ਼ਾਇਰ ਮੈਨੂੰ ਚੰਗਾ ਲੱਗਦਾ ਸੀ। ਉਹ ਹੋਰਨਾਂ ਵਾਂਗੂ ਕਿਉਂ ਪੜ੍ਹੇ? ਜਿਸ ਤਰ੍ਹਾਂ ਪੜ੍ਹਦੇ ਸਨ, ਮੈਨੂੰ ਚੰਗੇ ਲਗਦੇ ਸਨ। ਖੁਦ ਵਿਚ ਡੁੱਬ ਕੇ ਪੜ੍ਹਿਆ ਕਰਦੇ ਸਨ। ਫਿਰਾਕ ਸਾਹਿਬ ਨੂੰ ਵੀ ਸ਼ੁਰੂ ਵਿਚ ਲੋਕ ਐਪ੍ਰੀਸ਼ੀਏਟ ਨਹੀਂ ਕਰਦੇ ਸਨ। ਪਰ ਬਾਅਦ ਵਿਚ ਉਹ ਅੰਦਾਜ਼ ਖਾਸ ਆਮ ਸਭ ਨੂੰ ਚੰਗਾ ਲਗਦਾ ਸੀ। ਡਾਂਟ-ਡਾਂਟ ਕੇ, ਅਰਥ ਦੱਸ ਕੇ, ਅੰਗਰੇਜ਼ੀ ਬੋਲ ਕੇ ਉਹ ਪੜ੍ਹ ਰਹੇ ਹੁੰਦੇ, ਸਭ ਸੁਣਦੇ, ਚੰਗਾ ਲਗਦਾ ਸੀ। ਸ਼ਾਇਰ ਚੰਗੇ ਸਨ, ਇਸ ਲਈ ਹਰ ਅਦਾ ਚੰਗੀ ਲਗਦੀ ਸੀ। ਲੋਕਾਂ ਦਾ ਸ਼ਾਇਦ ਇਹ ਖਿਆਲ ਨਾ ਹੋਵੇ। ਨੀਰਜ ਦਾ ਪੜ੍ਹਦੇ ਸਮੇਂ ਜ਼ਿੰਦਗੀ ਦੇ ਬਾਰੇ ਬੋਲਣਾ, ਵਿਆਖਿਆ ਕਰਨਾ, ਅੰਗਰੇਜ਼ੀ ਵਿਚ ਬੋਲਣਾ, ਇਹ ਅਸਰ ਸ਼ਾਇਦ ਉਨ੍ਹਾਂ ਨੇ ਫਿਰਾਕ ਸਾਹਿਬ ਤੋਂ ਲਿਆ ਹੈ। ਅੱਖ, ਮੁਦ੍ਰਾਵਾਂ, ਆਪਣੀ ਬੀਮਾਰੀ ਨੂੰ ਮਸ਼ਹੂਰ ਕਰਨਾ...। ਮੈਨੂੰ ਲਗਦਾ ਹੈ, ਉਨ੍ਹਾਂ ਉਤੇ ਜ਼ਿਕਰ ਅਤੇ ਫਿਰਾਕ ਦਾ ਅਸਰ ਹੈ।

ਸ਼ਾਇਰ ਦੇ ਬਾਰੇ ਜੋ ਰੁਮਾਂਟਿਕ ਤਸੱਵੁਰ ਹੈ, ਉਹ ਆਪਣੇ ਉਤੇ ਲੈਣ ਦੀ ਮੈਂ ਕਦੇ ਕੋਸ਼ਿਸ਼ ਨਹੀਂ ਕੀਤੀ। ਮਿਸਾਲ ਵਜੋਂ- ਗੈਰ ਜ਼ਿੰਮੇਵਾਰ, ਬੇਤੁਕੇ ਵਾਲ ਵਧੇ ਹਨ, ਜਿਸ ਲੜਕੀ ਨੂੰ ਵੇਖਿਆ, ਆਸ਼ਕ ਹੋ ਗਿਆ, ਅਪਾਣੇ ਬਾਰੇ ਇਸ਼ਕ ਦੇ ਝੂਠੇ-ਸੱਚੇ ਕਿੱਸੇ ਮਸ਼ਹੂਰ ਕਰਨਾ, ਵਿਖਾਵਾ, ਆਪਣੇ ਇਰਦ ਗਿਰਦ ਦਾਇਰਾ ਬਣਾਉਣਾ, ਵਗੈਰ ਵਗੈਰਾ! ਸ਼ਾਇਰੀ ਵਿੱਚ ਸ਼ਾਇਰ ਅਲੱਗ ਤਾਂ ਹੁੰਦਾ ਹੀ ਹੈ, ਪਰ ਫਿਜ਼ੀਕਲ ਵੀ ਅਲੱਗ ਦਿਸੇ ਕਿਉਂ? ਆਪਣੀ ਡੇ-ਟੂਡੇ ਜ਼ਿੰਦਗੀ ਵਿਚ ਸ਼ਾਇਰ ਨੂੰ ਵੀ ਉਹੀ ਸਭ ਕੁੱਝ ਕਰਨਾ ਹੁੰਦਾ ਹੈ, ਕਰਨਾ ਵੀ ਚਾਹੀਦਾ ਹੈ। ਉਸ ਵਿੱਚ ਸਮਾਜ ਤੋਂ ਕੁੱਝ ਵਾਧੂ ਲੈਣ ਦੀ ਖਾਹਿਸ਼ ਪੈਦਾ ਨਹੀਂ ਹੋਣੀ ਚਾਹੀਦੀ ਕਿ ਅਸੀਂ ਗਰੀਬ ਰਹੇ ਹਾਂ, ਅਸੀਂ ਸ਼ਾਇਰ ਬਣ ਗਏ ਹਾਂ, ਸ਼ਾਇਰ ਹਾਂ ਇਸ ਲਈ ਬੀਵੀ-ਬੱਚਿਆਂ ਦਾ ਖਿਆਲ ਹੀ ਨਾ ਰੱਖੀਏ - ਇਨ੍ਹਾਂ ਸਭ ਖਿਆਲਾਂ ਦੇ ਮੈਂ ਬਹੁਤ ਖ਼ਿਲਾਫ਼ ਹਾਂ। ਮੇਰੇ ਵਿੱਚ ਜੋ ਕਮਜ਼ੋਰੀਆਂ ਹਨ, ਉਹ ਹਨ। ਉਹ ਇਸ ਲਈ ਨਹੀਂ ਹਨ ਕਿ ਮੈਂ ਸ਼ਾਇਰ ਹਾਂ। ਸ਼ਾਇਰ ਨਾ ਹੁੰਦਾ, ਉਹ ਫਿਰ ਵੀ ਹੁੰਦੀਆਂ। ਉਨ੍ਹਾਂ ਲਈ ਕੋਈ ਐਕਸਕਿਊਜ਼ ਨਹੀਂ।

*? ਤੁਹਾਡੀ ਸ਼ਾਇਰੀ ਵਿੱਚ ਇਹ ਜੋ ਇਕੱਲੇਪਣ ਦਾ ਅਹਿਸਾਸ ਹੈ - ਬਹੁਤ ਸ਼ਿੱਦਤ ਨਾਲ, ਬਹੁਤ ਡੂੰਘਾਈ ਨਾਲ, ਬਹੁਤ ਸੰਘਣਾ ਜਿਹਾ ਹੈ ਅਤੇ ਵਾਰ ਵਾਰ ਹੈ। ਇਉਂ ਹੀ ਰਾਤ, ਹਨੇਰਾ, ਉਦਾਸੀ ਆਦਿ ਕੁਝ ਅਜਿਹੀਆਂ ਅਤੇ ਇਸ ਤਰ੍ਹਾਂ ਹਨ ਕਿ....?*

- (ਵਾਕ ਪੂਰਾ ਨਹੀਂ ਹੋਇਆ, ਪਰ ਜਿਵੇਂ ਮੰਤਵ ਜਾਣ ਲਿਆ ਸੀ) -ਇਹ ਤਾਂ ਸਚਾਈ ਅਤੇ ਹਕੀਕਤ ਦੀ ਗੱਲ ਹੈ ਕਿ ਜੋ ਸੋਚਣ ਵਾਲਾ ਆਦਮੀ ਹੈ, ਉਹ ਇਕੱਲਾ ਹੁੰਦਾ ਹੈ। ਜ਼ਿੰਦਗੀ ਦੇ ਬਾਰੇ ਜਨਤਾ ਜਾਂ ਆਮ ਆਦਮੀ ਜਿਸ ਤਰ੍ਹਾਂ ਸੋਚਦਾ ਹੈ, ਬੁੱਧੀਜੀਵੀ ਉਸ ਤੋਂ ਅੱਗੇ ਵੀ ਸੋਚਦਾ ਹੈ। ਪੈਦਾ ਹੋਣ ਜਾਂ ਹੋਰ ਜ਼ਰੂਰਤਾਂ ਦੇ ਬਾਰੇ ਆਮ ਆਦਮੀ ਵੀ ਠੀਕ ਸੋਚਦਾ ਹੈ, ਪਰ ਬੁੱਧੀਜੀਵੀ ਕੁਝ ਅਲੱਗ ਸੋਚਦਾ ਹੈ। ਇਕ ਤਸੱਵੁਰ ਹੈ ਕਿ ਮਕਾਨ ਹੋਵੇ- ਪਰ ਇਹ ਵੀ ਕਿ ਖੁਲ੍ਹਾ ਹੋਵੇ, ਪ੍ਰਦੂਸ਼ਨ ਨਾ ਹੋਵੇ, ਬਾਗ ਬਗੀਚੇ, ਫੁੱਲ ਹੋਣ...। ਇਸੇ ਤਰ੍ਹਾਂ ਖਾਣ-ਪੀਣ ਨੂੰ ਹੋਵੇ, ਬੱਚਿਆਂ ਦੀ ਮਿਨੀਮਮ ਐਜੂਕੇਸ਼ਨ ਹੋ ਸਕੇ। ਉਸ ਤੋਂ ਅੱਗੇ ਇਹ ਕਿ ਜ਼ਿੰਦਗੀ ਹਸੀਨ ਹੋਵੇ, ਖੂਬਸੂਰਤ ਹੋਵੇ। ਇਹ ਖ਼ਾਬਰ ਆਦਮੀ ਵੇਖਦਾ ਰਿਹਾ ਹੈ। ਤਾਂ ਅਦੀਬ ਅਜਿਹੇ ਖ਼ਾਬਰ ਵੇਖਦਾ ਹੈ ਅਤੇ ਸੋਚਦਾ ਹੈ ਕਿ ਹੋਰ ਵੀ ਜੇਕਰ ਇਉਂ ਹੀ ਵੇਖਣ ਤਾਂ ਦੁਨੀਆ ਹਸੀਨ ਹੋ ਜਾਵੇ। ਐਸਟੈਬਲਿਸ਼ਡ ਸਿਸਟਜ਼ ਨੇ ਅਜਿਹੇ ਲੋਕਾਂ ਨੂੰ ਪਾਗਲ ਕਿਹਾ ਹੈ। ਆਪਣੇ ਰਿਪਬਲਿਕਸ ਤੋਂ ਪਲੈਟੋ ਨੇ ਉਨ੍ਹਾਂ ਨੂੰ ਇਸੇ ਤਰ੍ਹਾਂ ਕੱਢਣ ਨੂੰ ਕਿਹਾ। ਹਾਂ, ਉਹ ਇਕੱਲਾ ਹੀ ਤਾਂ ਹੁੰਦਾ ਹੈ। ਸੋਚਦਾ ਹੈ ਕਿ ਸਾਰੇ ਅਜਿਹੇ ਹੀ ਖ਼ਾਬ ਵੇਖਣ-'ਜਿਧਰ ਅੰਧਰੇ ਹਾ, ਤਨਹਾਈ ਹੈ, ਉਦਾਸੀ ਹੈ। ਸਫ਼ਰ ਕੀ ਹਮਨੇ ਵੋ ਹੀ ਸਮਿਤ ਕਿਉਂ ਮੁੱਕਰਰ ਕੀ ਹੈ।' - ਇਸ ਸ਼ੇਅਰ ਵਿਚ ਪੈਸੀਵਿਜ਼ਮ ਨਹੀਂ ਹੈ। ਇਹ ਬਹੁਤ ਰੀਅਲਿਸਟਿਕ ਸ਼ੇਅਰ ਹੈ। ਜਦੋਂ-ਜਦੋਂ ਜਿਥੇ ਜਿਥੇ ਕਿਸੇ ਸਖ਼ਸ ਨੇ ਕਿਸੇ ਆਈਡੀਅਲ ਨੂੰ ਸਾਹਮਣੇ ਰੱਖਿਆ ਅਤੇ ਉਹਦੇ ਮੁਤਾਬਕ ਜ਼ਿੰਦਗੀ ਗੁਜ਼ਾਰਨ ਦੀ ਕੋਸ਼ਿਸ਼ ਕੀਤੀ-ਤਾਂ ਉਹਨੂੰ ਇਨ੍ਹਾਂ ਮੰਜ਼ਿਲਾਂ ਦਾ ਸਾਹਮਣਾ ਕਰਨਾ ਪਿਆ। ਇਹਦਾ ਮਤਲਬ ਇਹ ਨਹੀਂ ਹੈ ਕਿ ਲੋਕ ਆਈਡੀਅਲ ਦੇ ਮੁਤਾਬਕ ਜ਼ਿੰਦਗੀ ਨਾ ਗੁਜ਼ਾਰਨ। ਹਾਂ, ਆਈਡੀਅਲ ਦੀ ਸਿਲੈਕਸ਼ਨ ਕਰਦੇ ਸਮੇਂ ਇਹਦੇ ਲਈ ਤਿਆਰ ਰਹਿਣ ਕਿ ਇਸ 'ਤੇ ਚੱਲਣਾ ਮੁਸੀਬਤਾਂ ਨੂੰ ਸੱਦਾ ਦੇਣਾ ਹੈ ਅਤੇ ਜ਼ਿੰਦਗੀ ਨਾਮ ਆਪਣੇ ਲਈ ਨਹੀਂ ਤਾਂ ਦੂਸਰਿਆਂ ਲਈ ਮੁਸੀਬਤਾਂ ਆਸਾਨ ਬਣਾਉਣ ਦਾ ਹੈ। ਰਾਤ, ਇਕਾਂਤ ਦਾ ਸਿੰਬਲ ਹੈ। ਮੇਰੀ ਸ਼ਾਇਰੀ ਵਿਚ। ਡਰਾਉਣੀ-ਪੂਰਨ ਇਕਾਂਤ-ਚੰਗੀ ਵੀ ਹੈ, ਬੁਰੀ ਵੀ ਹੈ। ਹਰ ਸ਼ੇਅਰ ਵਿਚ ਉਸ ਦੇ ਅੱਡ-ਅੱਡ ਰੂਪ ਨਜ਼ਰ ਆਉਣਗੇ। ਕਿਤੇ ਰੌਸ਼ਨੀ ਵੈਲਕਮ ਚੀਜ਼ ਹੈ-ਚਾਹੁੰਦੇ ਹਨ ਕਿ ਖੂਬ ਹੋਵੇ। ਕਦੇ-ਕਦੇ ਰੌਸ਼ਨੀ ਤਕਲੀਫਦੇਹ ਜਾਪਦੀ ਹੈ। ਜਿੰਨੇ ਇਹ ਸਿੰਬਲ ਵਾਰ-ਵਾਰ ਆਉਂਦੇ ਹਨ, ਉਹ ਹਰ ਵਾਰ, ਹਰ ਥਾਂ ਕਿਸੇ ਹੋਰ ਅਰਥ ਵਿਚ ਹੁੰਦੇ ਹਨ। ਇਕ ਥਾਂ ਹੈ-'ਰਾਤ ਅਪਨੇ ਪਰ ਨਾ ਖੋਲੇ ਤੋ ਝੁਲਸ ਜਾਏ ਜ਼ਮੀਂ..' ਉਂਜ ਹਨੇਰਾ ਜਦੋਂ ਸੰਘਣਾ ਹੁੰਦਾ ਹੈ ਤਾਂ ਕਿੰਨਾ ਡਰ ਲਗਦਾ ਹੈ। 'ਤੁਮ੍ਹੇਂ ਕਿਆ ਇਲਮ, ਤੁਮ੍ਹੇਂ ਜਲਦ ਸੋ ਜਾਨੇ ਕੀ ਆਦਤ ਹੈ।' ਮੇਰਾ ਆਪਣਾ ਫਲਸਫ਼ਾ ਹੈ ਕਿ ਆਦਮੀ ਜਿੰਨਾ ਜਾਗਦਾ ਹੈ, ਉਹ ਹੀ ਅਸਲੀ ਜ਼ਿੰਦਗੀ ਹੈ। ਸੌਣਾ ਬੈਸਟ ਆਫ਼ ਲਾਈਫ਼ ਹੈ। ਆਖ਼ਰ ਵਿਚ ਸੌਣਾ ਹੀ ਤਾਂ ਹੈ। ਨੀਂਦ ਜਾਂ ਸੌਣ ਦੀ ਅਹਿਮੀਅਤ ਸਿਰਫ਼ ਇਸ ਲਈ ਹੈ ਕਿ ਉਸ ਵਿਚ, ਸੌਣ ਵਿਚ ਅਸੀਂ ਖ਼ਾਬ ਵੇਖਦੇ ਹਾਂ। ਤਾਂ ਮੈਂ ਸੁੱਤਿਆਂ ਵੀ ਖ਼ਾਬ ਵੇਖਦਾ ਹਾਂ, ਜਾਗਦਿਆਂ ਵੀ ਵੇਖਦਾ ਹਾਂ। ਮੇਰਾ ਮਿਸਰਾ ਹੈ- 'ਜਾਗਤੀ ਆਂਖੋਂ ਸੇ ਭੀ ਦੇਖੋ ਦੁਨੀਆ। ਖ਼ਾਬੋਂ ਕਾ ਕਿਆ ਹੈ, ਵੋ ਹਰ ਸ਼ਬ ਆਤੇ ਹੈਂ।' ਅਤੇ ਜੇ ਮੇਰੀ ਸ਼ਾਇਰੀ ਨੂੰ ਗ਼ੌਰ ਨਾਲ ਪੜ੍ਹਿਆ ਜਾਵੇ ਤਾਂ ਹਿ ਗੱਲ ਪੂਰੀ ਤਰ੍ਹਾਂ ਸੱਚ ਨਹੀਂ ਹੈ ਕਿ ਮੇਰੇ ਇਥੇ ਕੁਝ ਖਾਸ ਸਿੰਬਲ ਵਾਰ-ਵਾਰ ਆਉਂਦੇ ਹਨ। ਹਾਂ, ਕ੍ਰਿਟਿਕਸ ਨੇ ਇਨ੍ਹਾਂ 'ਤੇ ਜ਼ੋਰ ਦਿੱਤਾ ਹੈ। ਇਨ੍ਹਾਂ ਸੁਆਲਾਂ ਤੋਂ ਪਰੇਸ਼ਾਨ ਹੋ ਕੇ ਮੈਂ ਕਦੇ ਕਦੇ ਆਪਣੀ ਸ਼ਾਇਰੀ ਨੂੰ ਪੜ੍ਹਿਆ ਹੈ ਤਾਂ ਮੈਨੂੰ ਸੂਰਤ ਇੰਨੀ ਸਾਫ਼ ਨਜ਼ਰ ਨਹੀਂ ਆਈ। ਮਿਸਾਲ ਵਜੋਂ 'ਇਸਮੇ-ਆਜ਼ਮ ਦੀ ਕਿਸੇ ਗ਼ਜ਼ਲ ਵਿਚ ਵੀ ਖ਼ਾਬ ਦਾ ਲਫ਼ਜ਼ ਇਸਤੇਮਾਲ ਨਹੀਂ ਹੋਇਆ। ਪਰਪੋਰਸ਼ਨ ਵੇਖਿਆ ਜਾਵੇ ਤਾਂ ਅਜਿਹਾ ਨਹੀਂ ਹੈ-ਹੋਰ ਬਹੁਤ ਸਾਰੇ ਹਿੱਸੇ ਵੀ ਹਨ। ਪਰ ਇਹ ਵੀ ਸੱਚ ਹੈ ਕਿ ਇਨ੍ਹਾਂ ਸਿੰਬਲਜ਼ ਦੇ ਜ਼ਰੀਏ ਮੈਂ ਆਪਣੀ ਗੱਲ ਜਾਂ ਤਜਰਬੇ ਨੂੰ ਮੁਕਾਬਲੇ ਵਜੋਂ ਆਸਾਨੀ ਨਾਲ ਪਹੁੰਚਾਉਣ ਵਿਚ ਸਫ਼ਲ ਹੋ ਜਾਂਦਾ ਹਾਂ। ਮੇਰਾ ਇਕ ਸ਼ਿਅਰ ਹੈ- 'ਮੁਨਹਰਿਫ਼ ਖ਼ਾਬੋਂ ਸੇ ਹੂਏ ਜਬ ਲੋਕ। ਸੋਏਂ ਯਾ ਜਾਗੇਂ, ਸਬ ਬਰਾਬਰ।' ਕਿਸੇ ਉਸਤਾਦ ਦਾ ਮਸ਼ਹੂਰ ਸ਼ੇਅਰ ਹੈ ਇਹ- 'ਆਦਮੀ ਹੋ ਤੋ ਕਿਸੀ ਕੇ ਕਾਮ ਆਓ। ਵਰਨਾ ਖਾਓ, ਪੀਓ ਔਰ ਚਲੇ ਜਾਓ।'

ਮੇਰਾ ਇਹ ਵੀ ਖਿਆਲ ਹੈ ਕਿ ਸ਼ਾਇਰੀ ਪੜ੍ਹਾਈ ਨਹੀਂ ਜਾ ਸਕਦੀ। ਇਸ ਲਈ ਕਿ ਜਿਸ ਤਰ੍ਹਾਂ ਅਸੀਂ ਸ਼ਾਇਰੀ ਪੜ੍ਹਾਉਂਦੇ ਹਾਂ-ਉਹਦੀ ਪੈਰਾਫਰੇਜ਼ਿੰਗ ਕਰਦੇ ਹਾਂ-ਉਹ ਸਾਨੂੰ ਸ਼ਾਇਰੀ ਤਕ ਪਹੁੰਚਾਉਂਦੀ ਹੀਂ ਹੈ। ਮੇਰਾ ਖ਼ਿਆਲ ਹੈ ਕਿ ਜੋ ਲੌਜੀਕਲ ਗੱਲ ਰਸ ਵਿਚ, ਪਰੋਜ਼ ਵਿਚ ਕਹੀ ਜਾ ਸਕਦੀ ਹੈ, ਉਹ ਸ਼ਾਇਰੀ ਵਿਚ ਕਦੇ ਨਹੀਂ ਕਹੀ ਜਾ ਸਕਦੀ। ਉਹਦੀ ਸ਼ਕਲ ਬਦਲ ਜਾਂਦੀ ਹੈ, ਉਹ ਸ਼ਾਇਰੀ ਵਿਚ ਕਦੇ ਨਹੀਂ ਕਹੀ ਜਾ ਸਕਦੀ। ਉਹਦੀ ਸ਼ਕਲ ਬਦਲ ਜਾਂਦੀ ਹੈ। ਅਸੀਂ ਉਹਦੀ ਸ਼ਕਲ ਬਦਲ ਦਿੰਦੇ ਹਾਂ। ਮੈਂ ਐਮ.ਏ. ਵਿਚ ਕਦੇ ਸ਼ਾਇਰੀ ਨਹੀਂ ਪੜ੍ਹਾਈ। ਬੀ.ਏ. ਦੇ ਲੈਵਲ 'ਤੇ ਪੜ੍ਹਾਈ-ਪੜ੍ਹਾਉਣੀ ਪਈ। ਟੀਚਰ ਨੂੰ ਕਰਨਾ ਪੈਂਦਾ ਹੈ ਅਤੇ ਪੜ੍ਹਾਉਣ ਦਾ ਉਹੀ ਤਰੀਕਾ। ਕੁਝ ਇਕ ਫਾਰਮ ਹਨ-ਜਿਵੇਂ ਮਰਸੀਆ, ਕਸੀਦਾ, ਮਸਨਵੀ- ਤਾਂ ਇਨ੍ਹਾਂ ਵਿਚ ਕਹਾਣੀ ਹੁੰਦੀ ਹੈ, ਤੁਸੀਂ ਦੱਸ ਸਕਦੇ ਹੋ ਕਿ ਕਰੈਕਟਰਜ਼ ਹਨ-ਇਹ ਕਹਾਣੀ ਹੈ। ਮਰਸੀਏ ਵਿਚ ਹੁਸੈਨ ਆਦਿ ਦੇ ਬਾਰੇ ਵਿਚ, ਜੰਗ ਦੇ ਬਾਰੇ ਵਿਚਕਿ ਘੋੜੇ ਕੀ, ਕਿਵੇਂ- ਦੱਸ ਸਕਦੇ ਹੋ। ਕਸੀਦੇ ਵਿਚ ਵੀ ਬਹੁਤ ਸਾਰੀਆਂ ਗੱਲਾਂ ਐਕਸਪਲੇਨ ਕੀਤੀਆਂ ਜਾ ਸਕਦੀਆਂ ਹਨ। ਪਰ ਸ਼ਾਇਰੀ ਦਾ ਜੋ ਐਲੀਮੈਂਟ ਹੈ, ਉਹਨੂੰ ਲੌਜੀਕਲ ਤਰੀਕੇ ਨਾਲ ਐਕਸਪਲੇਨ ਕਰਨਾ ਮੁਸ਼ਕਿਲ ਕੰਮ ਹੈ। ਉਸ ਤੋਂ ਮਜ਼ਾ ਲੈਣ ਲਈ ਤਾਂ ਇਕ ਖ਼ਾਸ ਕੰਪੀਟੈਂਸ ਜ਼ਰੂਰੀ ਹੈ।' ਬੋਲਦੇ-ਬੋਲਦੇ ਅਧਿਆਪਕ ਹੀ ਹੋ ਗਏ ਹਨ ਹੁਣ! ਕਲਾਸਰੂਮ ਵਿਚ ਹੀ ਪੜ੍ਹਾ ਰਹੇ ਹੋਣ ਜਿਵੇਂ- 'ਬਹੁਤ ਸਾਰੇ ਸ਼ੇਰ ਹਨ-ਤੁਸੀਂ ਵੇਖੋ' - 'ਅਸਦ ਖੁਸ਼ੀ ਸੇ ਮੇਰੇ ਹਾਥ-ਪਾਂਵ ਫੂਲ ਗਏ। ਕਹਾ ਜੋ ਉਸ ਨੇ ਮੇਰੇ ਹਾਥ-ਪਾਂਵ ਤੋ ਦਾਬ ਦੋ' ਤੁਸੀਂ ਕੀ ਐਕਸਪਲੇਨ ਕਰੋਗੇ? ਇਹ ਹਮੇਸ਼ਾ ਦਾ, ਹਰ ਸ਼ਖਸ ਦਾ ਐਕਸਪੀਰੀਐਂਸ ਨਹੀਂ ਹੈ, ਪਰ ਲਗਦਾ ਹੈ ਕਿ ਕੀ ਖ਼ਾਸ ਪਲ ਰਿਹਾ ਹੋਵੇਗਾ ਕੀ ਅਹਿਮੀਅਤ ਰਹੀ ਹੋਵੇਗੀ! ਹੁਣ ਇਸ ਵਿਚ ਵੇਖੋ- 'ਗਧਾ ਸਮਝ ਕੇ ਵੋ ਚੁਪ ਥਾ, ਮੇਰੀ ਜੋ ਸ਼ਾਮਤ ਆਏ। ਉਠਾ ਔਰ ਉਠ ਕੇ ਕਦਮ ਮੈਂਨੇ ਪਾਸਬਾਂ ਕੇ ਲੀਏ।' ਹਾਂ, ਗ਼ਾਲਿਬ ਦੇ ਹਨ ਦੋਵੇਂ ਸ਼ੇਰ। ਲਿਖਣ ਦਾ ਕੀ ਦੱਸਾਂ? ਕੁਝ ਨਹੀਂ-ਉਸ ਵੇਲੇ ਪਤਾ ਲਗਦਾ ਹੈ ਕਿ ਕੀ ਲਿਖਣਾ ਹੈ- ਗ਼ਜ਼ਲ ਜਾਂ ਨਜ਼ਮ? ਕਦੇ ਕੋਈ ਲਫ਼ਜ਼ ਆਉਂਦਾ, ਕਦੇ ਕੋਈ ਮੀਟਰ-ਮਿਊਜ਼ਿਕ, ਬਹਿਰ ਨੂੰ ਕਦੇ ਕੋਈ ਤਜਰਬਾ ਹੈ, ਕਦੇ ਕੋਈ ਇਕ ਲਾਈਨ ਆ ਗਈ।

*'ਰਾਤ ਅਪਨੇ ਪਰ ਨਾ ਖੋਲੇ ਤੋ ਝੁਲਸ ਜਾਏ ਜ਼ਮੀਂ..' ਉਂਜ ਹਨੇਰਾ ਜਦੋਂ ਸੰਘਣਾ ਹੁੰਦਾ ਹੈ ਤਾਂ ਕਿੰਨਾ ਡਰ ਲਗਦਾ ਹੈ। 'ਤੁਮ੍ਹੇਂ ਕਿਆ ਇਲਮ, ਤੁਮ੍ਹੇਂ ਜਲਦ ਸੋ ਜਾਨੇ ਕੀ ਆਦਤ ਹੈ।' ਮੇਰਾ ਆਪਣਾ ਫਲਸਫ਼ਾ ਹੈ ਕਿ ਆਦਮੀ ਜਿੰਨਾ ਜਾਗਦਾ ਹੈ, ਉਹ ਹੀ ਅਸਲੀ ਜ਼ਿੰਦਗੀ ਹੈ। ਸੌਣਾ ਬੈਸਟ ਆਫ਼ ਲਾਈਫ਼ ਹੈ। ਆਖ਼ਰ ਵਿਚ ਸੌਣਾ ਹੀ ਤਾਂ ਹੈ। ਨੀਂਦ ਜਾਂ ਸੌਣ ਦੀ ਅਹਿਮੀਅਤ ਸਿਰਫ਼ ਇਸ ਲਈ ਹੈ ਕਿ ਉਸ ਵਿਚ, ਸੌਣ ਵਿਚ ਅਸੀਂ ਖ਼ਾਬ ਵੇਖਦੇ ਹਾਂ। ਤਾਂ ਮੈਂ ਸੁੱਤਿਆਂ ਵੀ ਖ਼ਾਬ ਵੇਖਦਾ ਹਾਂ, ਜਾਗਦਿਆਂ ਵੀ ਵੇਖਦਾ ਹਾਂ। ਮੇਰਾ ਮਿਸਰਾ ਹੈ-'ਜਾਗਤੀ ਆਂਖੋਂ ਸੇ ਭੀ ਦੇਖੋ ਦੁਨੀਆ। ਖ਼ਾਬੋਂ ਕਾ ਕਿਆ ਹੈ, ਵੋ ਹਰ ਸ਼ਬ ਆਤੇ ਹੈਂ।' ਅਤੇ ਜੇ ਮੇਰੀ ਸ਼ਾਇਰੀ ਨੂੰ ਗ਼ੌਰ ਨਾਲ ਪੜ੍ਹਿਆ ਜਾਵੇ ਤਾਂ ਹਿ ਗੱਲ ਪੂਰੀ ਤਰ੍ਹਾਂ ਸੱਚ ਨਹੀਂ ਹੈ ਕਿ ਮੇਰੇ ਇਥੇ ਕੁਝ ਖਾਸ ਸਿੰਬਲ ਵਾਰ-ਵਾਰ ਆਉਂਦੇ ਹਨ। ਹਾਂ, ਕ੍ਰਿਟਿਕਸ ਨੇ ਇਨ੍ਹਾਂ 'ਤੇ ਜ਼ੋਰ ਦਿੱਤਾ ਹੈ। ਇਨ੍ਹਾਂ ਸੁਆਲਾਂ ਤੋਂ ਪਰੇਸ਼ਾਨ ਹੋ ਕੇ ਮੈਂ ਕਦੇ ਕਦੇ ਆਪਣੀ ਸ਼ਾਇਰੀ ਨੂੰ ਪੜ੍ਹਿਆ ਹੈ ਤਾਂ ਮੈਨੂੰ ਸੂਰਤ ਇੰਨੀ ਸਾਫ਼ ਨਜ਼ਰ ਨਹੀਂ ਆਈ। ਮਿਸਾਲ ਵਜੋਂ 'ਇਸਮੇ-ਆਜ਼ਮ ਦੀ ਕਿਸੇ ਗ਼ਜ਼ਲ ਵਿਚ ਵੀ ਖ਼ਾਬ ਦਾ ਲਫ਼ਜ਼ ਇਸਤੇਮਾਲ ਨਹੀਂ ਹੋਇਆ। ਪਰਪੋਰਸ਼ਨ ਵੇਖਿਆ ਜਾਵੇ ਤਾਂ ਅਜਿਹਾ ਨਹੀਂ ਹੈ-ਹੋਰ ਬਹੁਤ ਸਾਰੇ ਹਿੱਸੇ ਵੀ ਹਨ। ਪਰ ਇਹ ਵੀ ਸੱਚ ਹੈ ਕਿ ਇਨ੍ਹਾਂ ਸਿੰਬਲਜ਼ ਦੇ ਜ਼ਰੀਏ ਮੈਂ ਆਪਣੀ ਗੱਲ ਜਾਂ ਤਜਰਬੇ ਨੂੰ ਮੁਕਾ-ਬਲੇ ਵਜੋਂ ਆਸਾਨੀ ਨਾਲ ਪਹੁੰਚਾਉਣ ਵਿਚ ਸਫ਼ਲ ਹੋ ਜਾਂਦਾ ਹਾਂ। ਮੇਰਾ ਇਕ ਸ਼ਿਅਰ ਹੈ- 'ਮੁਨਹਰਿਫ਼ ਖ਼ਾਬੋਂ ਸੇ ਹੂਏ ਜਬ ਲੋਕ। ਸੋਏਂ ਯਾ ਜਾਗੇਂ, ਸਬ ਬਰਾਬਰ।' ਕਿਸੇ ਉਸਤਾਦ ਦਾ ਮਸ਼ਹੂਰ ਸ਼ੇਅਰ ਹੈ ਇਹ- 'ਆਦਮੀ ਹੋ ਤੋ ਕਿਸੀ ਕੇ ਕਾਮ ਆਓ। ਵਰਨਾ ਖਾਓ, ਪੀਓ ਔਰ ਚਲੇ ਜਾਓ।'*

Lovely



Sweets & Restaurant

Fine Indian Cusine & Dine in

Cell: 403.690.2102 ✵ Ph: 403.590.5159



1106, 4818 Westwinds Drive, NE Calgary, AB. T3J 3Z5

ਉਸ ਤੋਂ ਬਾਅਦ ਉਹਦਾ ਪੈਟਰਨ ਕੀ ਹੋਵੇਗਾ, ਪਹਿਲਾਂ ਕੁਝ ਪਤਾ ਨਹੀਂ! ਕਈ ਵਾਰੀ ਪਹਿਲਾਂ ਪਤਾ ਹੁੰਦਾ ਹੈ ਕਿ ਇਹ ਐਕਸਪੀਰੀਐਂਸ ਗ਼ਜ਼ਲ ਦਾ ਹੈ ਜਾਂ ਨਜ਼ਮ ਦਾ ਹੈ। ਜ਼ਿੰਦਗੀ ਦੇ ਜਾਂ ਸਾਰੀਆਂ ਚੀਜ਼ਾਂ ਦੇ ਬਾਰੇ ਜੋ ਅਲੀਟਮੇਟ ਹਨ- ਤਾਂ ਕੀਰ ਦਾ ਇਹ ਇਕ ਸ਼ੇਅਰ ਹੈ- 'ਯਹੀ ਜਾਨਾ ਕਿ ਕੁਛ ਨ ਜਾਨਾ ਹਾਏ! ਸੋ ਭੀ ਏਕ ਉਮਰ ਮੇਂ ਹੂਆ ਮਾਲੂਮ!' -ਇਹ ਵੀ ਬਹੁਤ ਦੇਰ ਵਿਚ ਪਤਾ ਲੱਗਿਆ! ਮੇਰਾ ਇਕ ਸ਼ੇਅਰ ਹੈ- 'ਇਸ ਨਤੀਜੇ ਪਰ ਪਹੁੰਚਤੇ ਹੈਂ ਸਭੀ ਆਖ਼ਿਰ ਮਂ। ਹਾਸਿਲ ਸਹਿਰੇ ਜਹਾਂ ਕੁਛ ਨਹੀਂ ਹੈਰਾਨੀ ਹੈ'- ਹਾਂ, ਆਪਣੇ ਆਪ ਨਾਲ, ਦੁਨੀਆ ਨਾਲ, ਕੁਦਰਤ ਨਾਲ ਵੀ। ਸੱਚ ਤਾਂ ਇਹ ਹੈ ਕਿ *'ਹਰ ਕਦਮ ਪਰ ਮੋੜ ਥੇ, ਹਰ ਮੋੜ ਪਰ ਮੰਜ਼ਰ ਨਏ। ਉਮਰ ਕੀ ਏਕ-ਏਕ ਸਾਂਯਤ ਸਰਫ਼ੇ ਹੈਰਾਨੀ ਹੁਈ।'*

*? ਸਭ ਤੋਂ ਵੱਧ ਪਸੰਦ ਦੀ ਆਪਣੀ ਕੋਈ ਇਕ ਰਚਨਾ?*

'ਜਿਵੇਂ ਬੱਚੇ ਆਪਣੇ ਮਾਂ-ਪਿਉ ਨੂੰ ਪਿਆਰੇ ਹੁੰਦੇ ਹਨ- ਹਰ ਬੱਚੇ ਵਿਚ ਅੱਡ-ਅੱਡ ਚੀਜ਼ਾਂ ਵੇਖ ਕੇ ਖੁਸ਼ ਹੁੰਦਾ ਹਾਂ। ਛਪਵਾਈਆਂ ਹਨ ਤਾਂ ਉਹ ਸਾਰੀਆਂ ਚੰਗੀਆਂ ਹਨ। ਮੈਨੂੰ ਸਭ ਪਸੰਦ ਹਨ। ਇਸ ਲਈ ਕਿ ਮੈਂ ਬਹੁਤ ਸੋਚ-ਸਮਝ ਕੇ ਛਪਵਾਉਂਦਾ ਹਾਂ। ਲੋਕਾਂ ਨੂੰ ਚੋਣ ਕਰਨ ਦੀ ਪੂਰੀ ਆਜ਼ਾਦੀ ਦਿੰਦਾ ਹਾਂ। ਉਨ੍ਹਾਂ ਦਾ ਇਹ ਹੱਕ ਹੈ। ਜਿਸ ਤਰ੍ਹਾਂ ਮੈਨੂੰ ਲਿਖਣ ਦਾ ਹੱਕ ਹਾਸਲ ਹੈ, ਉਸੇ ਤਰ੍ਹਾਂ ਪੜ੍ਹਨ ਵਾਲਿਆਂ ਨੂੰ ਉਹਨੂੰ ਨਾ ਪੜ੍ਹਨ ਦਾ ਜਾਂ ਆਪਣੀ ਤਰ੍ਹਾਂ ਦਾ ਪੜ੍ਹਨ ਦਾ ਹੱਕ ਹਾਸਲ ਹੈ। ਉਹ ਜੇ ਮੇਰੀ ਸ਼ਾਇਰੀ ਨਹੀਂ ਪੜ੍ਹਨਗੇ, ਤਾਂ ਵੀ ਇਨਸਾਨ ਰਹਿਣਗੇ-ਪੜ੍ਹਨਗੇ ਤਾਂ ਮੈਂ ਖੁਸ਼ ਹੋਵਾਂਗਾ।'

*? ਅਜਿਹਾ ਕੋਈ ਅਸਰ ਕਿ ਉਸ ਵਰਗਾ ਹੋ ਜਾਣ ਦਾ ਮਨ ਕੀਤਾ ਹੋਵੇ?*

'ਆਪਣਾ ਹੀ ਅਸਰ ਵੇਖਦਾ ਹਾਂ। ਡੈਲੀਬ੍ਰੇਟਲੀ ਕਿਸੇ ਦਾ ਅਸਰ ਨਹੀਂ। ਜੀਹਨੂੰ ਪਸੰਦ ਕਰਦਾ ਹਾਂ, ਉਸ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਹੀਂ ਕਿ ਉਹੋ ਜਿਹਾ ਹੋ ਜਾਵਾਂ।'

*? ਸਭ ਤੋਂ ਵੱਡਾ ਦੁੱਖ?*

'ਇਸ ਵੇਲੇ ਤਨਹਾ ਰਹਿਣਾ। ਜਿਸ ਸਦਮੇ ਤੋਂ ਨਿਕਲ ਨਹੀਂ ਸਕਿਆ ਹਾਂ ਮੈਂ। ਇਹਦੇ ਲਈ ਮੈਂ ਤਿਆਰ ਨਹੀਂ ਸਾਂ।'

*? ਸਭ ਤੋਂ ਵੱਡਾ ਸੁਖ?*

'ਮੈਨੂੰ ਬਹੁਤ ਮੁਹੱਬਤ ਕਰਨ ਵਾਲੇ ਲੋਕ ਮਿਲੇ ਹਨ। ਮੈਂ ਆਪਣੀਆਂ ਲੋੜਾਂ ਨੂੰ ਬਹੁਤ ਸੀਮਿਤ ਰੱਖਿਆ ਹੈ! ਸੰਤੁਸ਼ਟ ਹਾਂ। ਇਕ ਹੀ ਦੁਆ ਕਰਦਾ ਹਾਂ ਕਿ ਮੈਂ ਕਿਸੇ ਵੱਡੀ ਬਿਮਾਰੀ ਵਿਚ ਨਾ ਫਸਾਂ ਅਤੇ ਦੂਜਿਆਂ ਨੂੰ ਪ੍ਰੇਸ਼ਾਨ ਨਾ ਕਰਾਂ ਅਤੇ ਇਸ ਦੁਨੀਆ ਤੋਂ ਕੰਮ-ਕਰਦੇ ਹੱਥਾਂ-ਪੈਰਾਂ ਨਾਲ ਚਲਾ ਜਾਵਾਂ।'

*? ਕੋਈ ਅਫ਼ਸੋਸ?*

'ਮੇਰੀ ਜ਼ਿੰਦਗੀ ਵਿਚ ਆਖ਼ਰ ਵਿਚ ਜੋ ਹੋਇਆ, ਉਹਦਾ! ਮੈਂ ਇੰਨਾ ਜ਼ਹੀਨ ਆਦਮੀ ਹੁੰਦਾ ਹੋਇਆ ਵੀ, ਉਹ ਸਭ ਕੁਝ ਜੋ ਮੇਰੇ ਲਈ ਕੀਤਾ ਜਾ ਰਿਹਾ ਸੀ-ਮੈਂ ਕਿਉਂ ਉਹਨੂੰ ਨਹੀਂ ਸਮਝ ਸਕਿਆ?'

*? ਕੋਈ ਖਾਸ ਅਜਿਹੀ ਇੱਛਾ?*

'ਹੁਣ ਕੋਈ ਖਾਸ ਅਜਿਹੀ ਇੱਛਾ ਨਹੀਂ। ਜਦੋਂ ਤਕ ਜੀਵਿਤ ਹਾਂ, ਕੁਝ ਨਾ ਕੁਝ ਨਵਾਂ ਲਿਖਦਾ ਰਹਾਂ..ਅਤੇ ਮੈਨੂੰ ਆਪਣਾ ਜ਼ਿੰਦਾ ਰਹਿਣਾ ਫਜ਼ੂਲ ਨਾ ਜਾਪੇ!' □

# ਸ਼ਹਰਯਾਰ ਦੀ ਸ਼ਾਇਰੀ



ਲਿਪੀ ਅੰਤਰ ਤੇ ਪੇਸ਼ਕਸ਼-
**ਭੁਪਿੰਦਰ ਕੌਰ ਪ੍ਰੀਤ**
98141-77954

ਤੇਰੇ ਵਾਦੇ ਕੋ ਕਭੀ ਝੂਠ ਨਹੀਂ ਸਮਝੂੰਗਾਂ
ਆਜ ਕੀ ਰਾਤ ਭੀ ਦਰਵਾਜ਼ਾ ਖੁੱਲਾ ਰਖੂੰਗਾਂ

ਦੇਖਨੇ ਕੇ ਲੀਏ ਏਕ ਚੇਹਰਾ ਬਹੁਤ ਹੋਤਾ ਹੈ
ਆਂਖ ਜਬ ਤੱਕ ਹੈ ਤੁਝੇ, ਸਿਰਫ਼ ਤੁਝੇ ਦੇਖੂੰਗਾ

ਮੇਰੀ ਤਨਹਾਈ ਕੀ, ਰੁਸਵਾਈ[1] ਕੀ ਮੰਜ਼ਿਲ ਆਈ
ਵਸਲ[2] ਕੇ ਲਮਹੇ ਸੇ ਮੈਂ ਹਿਜ਼ਰ[3] ਕੀ ਛਬ ਬਦਲੂੰਗਾ

ਸ਼ਾਮ ਹੋਤੇ ਹੀ ਖੁਲੀ ਸੜਕੋਂ ਕੀ ਯਾਦ ਆਤੀ ਹੈ
ਸੋਚਤਾ ਰੋਜ਼ ਹੂੰ ਮੈਂ ਘਰ ਸੇ ਨਹੀਂ ਨਿਕਲੂੰਗਾ

ਤਾਕਿ ਮਹਫੂਜ਼[4] ਰਹੇ ਮੇਰੇ ਕਲਮ ਕੀ ਹੁਰਮਤ[5]
ਸਚ ਮੁਝੇ ਲਿਖਨਾ ਹੈ, ਮੈਂ ਹੁਸਨ ਕੋ ਸੱਚ ਲਿਖੂੰਗਾ ।

---

ਦਿਲ ਮੇਂ ਰਖਤਾ ਹੈ ਨਾ ਪਲਕੋ ਪੇ ਬਿਠਾਤਾ ਹੈ ਮੁਝੇ
ਫਿਰ ਭੀ ਉਸ ਸਖ਼ਸ ਮੇਂ ਕਯਾ-ਕਯਾ ਨਜ਼ਰ ਆਤਾ ਹੈ ਮੁਝੇ

ਸਾਰੀ ਆਵਾਜ਼ੋਂ ਕੋ ਸਨਾਟੇ ਨਿਗਲ ਜਾਏਗੇਂ
ਕਬ ਸੇ ਰਹ-ਰਹ ਕੇ ਯਹੀ ਖ਼ੌਫ਼ ਸਤਾਤਾ ਹੈ ਮੁਝੇ

ਯੇ ਅਲਗ ਬਾਤ ਕਿ ਦਿਨ ਮੇਂ ਮੁਝੇ ਰਖਤਾ ਹੈ ਨਿਢਾਲ
ਰਾਤ ਕੀ ਜ਼ਦ ਸੇ ਤੋ ਸੂਰਜ ਹੀ ਬਚਾਤਾ ਹੈ ਮੁਝੇ

ਇੱਕ ਨਏ ਕਹਿਰ ਕੇ ਇਮਕਾਨ[6] ਸੇ ਬੋਝਲ ਹੈ ਫਿਜ਼ਾ[7]
ਆਸਮਾਂ ਧੁੰਦ ਮੇਂ ਲਿਪਟਾ ਨਜ਼ਰ ਆਤਾ ਹੈ ਮੁਝੇ

ਤਜ਼ਿਕਰਾ[8] ਇਤਨਾ ਹੂਆ ਰੂਹ ਕੀ ਆਲੂਦਗੀ[9] ਕਾ
ਜਿਸਮੇ-ਸਦ-ਪਾਕ[10] ਭੀ ਆਇਨਾ ਦਿਖਾਤਾ ਹੈ ਮੁਝੇ

----



ਸ਼ਹਰਯਾਰ ਅਲੀਗੜ੍ਹ 'ਚ ਆਪਣੇ ਘਰ ਵਿੱਚ

ਵੋਹ ਬੇਵਫ਼ਾ ਹੈ ਹਮੇਸ਼ਾ ਹੀ ਦਿਲ ਦੁਖਾਤਾ ਹੈ
ਮਗਰ ਹਮੇਂ ਤੋ ਵਹੀ ਏਕ ਸਖਸ਼ ਭਾਤਾ ਹੈ

ਨਾ ਖੁਸ਼-ਗੁਮਾਨ[11] ਹੋ ਉਸ ਪਰ ਤੂ ਏ ਦਿਲੇ-ਸਾਦਾ
ਸਭੀ ਕੋ ਦੇਖ ਕੇ ਵੋਹ ਸ਼ੋਖ ਮੁਸਕਰਾਤਾ ਹੈ

ਜਗ੍ਹਾ ਜੋ ਦਿਲ ਮੇਂ ਨਹੀਂ ਹੈ ਮੇਰੇ ਲਿਏ ਨਾ ਸਹੀ
ਮਗਰ ਯੇ ਕਯਾ ਕਿ ਭਰੀ ਬਜ਼ਮ[12] ਸੇ ਉਠਾਤਾ ਹੈ

ਤੇਰੇ ਕਰਮ[13] ਕੀ ਯਹੀ ਯਾਦਗਾਰ ਬਾਕੀ ਹੈ
ਯੇ ਏਕ ਦਾਗ਼ ਜੋ ਇਸ ਦਿਲ ਮੇਂ ਜਗਮਗਾਤਾ ਹੈ

ਅਜੀਬ ਚੀਜ਼ ਹੈ ਯੇ ਵਕਤ ਜਿਸਕੋ ਕਹਤੇ ਹੈ
ਕਿ ਆਨੇ ਪਾਤਾ ਨਹੀਂ ਔਰ ਬੀਤ ਜਾਤਾ ਹੈ

---

ਜਬ ਬੀ ਮਿਲਤੀ ਹੈ ਮੁਝੇ ਅਜ਼ਨਬੀ ਲਗਤੀ ਕਯੂੰ ਹੈ
ਜ਼ਿੰਦਗੀ ਰੋਜ਼ ਨਏ ਰੰਗ ਬਦਲਤੀ ਕਯੂੰ ਹੈ

ਧੂਪ ਕੇ ਕਹਿਰ ਕਾ ਡਰ ਹੈ ਤੋ ਦਯਾਰੇ-ਸ਼ਬ[14] ਸੇ
ਸਰ-ਬਰਹਨਾ[15] ਕੋਈ ਪਰਛਾਈ ਨਿਕਲਤੀ ਕਯੂੰ ਹੈ

ਮੁਝਕੋ ਅਪਨਾ ਨ ਕਹਾ ਇਸਕਾ ਗਿਲਾ ਤੁਝਸੇ ਨਹੀਂ
ਇਸਕਾ ਸ਼ਿਕਵਾ ਹੈ ਕਿ ਬੇਗਾਨਾ ਸਮਝਤੀ ਕਯੂੰ ਹੈ

ਤੁਝਸੇ ਮਿਲਕਰ ਭੀ ਨਾ ਤਨਹਾਈ ਮਿਟੇਗੀ ਮੇਰੀ
ਦਿਲ ਮੇਂ ਰਹ-ਰਹਿਕੇ ਯਹੀ ਬਾਤ ਖਟਕਤੀ ਕਯੂੰ ਹੈ

ਮੁਝਸੇ ਕਯਾ ਪੂਛ ਰਹੇ ਹੋ ਮੇਰੀ ਵਹਿਸ਼ਤ ਕਾ ਸਬਬ
ਬੂ-ਏ-ਆਵਾਰਾ[16] ਸੇ ਪੂਛੋ ਕਿ ਭਟਕਤੀ ਕਯੂੰ ਹੈ

----

ਸੀਨੇ ਮੇ ਜਲਨ, ਆਂਖੋ ਮੇਂ ਤੂਫਾਨ ਸਾ ਕਿਉਂ ਹੈ
ਇਸ ਸ਼ਹਿਰ ਮੇਂ ਹਰ ਸਖਸ਼ ਪਰੇਸ਼ਾਨ ਸਾ ਕਿਉਂ ਹੈ

ਦਿਲ ਹੈ ਤੋ ਧੜਕਨੇ ਕਾ ਬਹਾਨਾ ਕੋਈ ਢੂੰਢੇ
ਪੱਥਰ ਕੀ ਤਰ੍ਹਾ ਬੇਹਿਸੋ ਬੇਜਾਨ ਸਾ[17] ਕਿਉਂ ਹੈ

ਤਨਹਾਈ ਕੀ ਯੇ ਕੌਨ ਸੀ ਮੰਜ਼ਿਲ ਹੈ ਰਫ਼ੀਕੋ[18]
ਤਾ ਹਦੇ ਨਜ਼ਰ[19] ਏ ਬਯਾਬਾਨ ਸਾ ਕਿਉਂ ਹੈ

ਹਮਨੇ ਤੋ ਕੋਈ ਬਾਤ ਨਿਕਾਲੀ ਨਹੀਂ ਗ਼ਮ ਕੀ
ਵੋ ਜ਼ੂਦ ਪਸ਼ੇਮਾਨ[20] ਪਸ਼ੇਮਾਨ[21] ਸਾ ਕਿਉਂ ਹੈ

ਕਯਾ ਕੋਈ ਨਈ ਬਾਤ ਨਜ਼ਰ ਆਤੀ ਹੈ ਹਮ ਮੇਂ
ਆਇਨਾ ਹਮੇਂ ਦੇਖਕੇ ਹੈਰਾਨ ਸਾ ਕਿਉਂ ਹੈ

---

ਯੇ ਕਯਾ ਹੈ, ਮੁਹੱਬਤ ਮੇਂ ਤੋ ਐਸਾ ਨਹੀਂ ਹੋਤਾ
ਮੈਂ ਤੁਝਸੇ ਜੁਦਾ ਹੋਕੇ ਭੀ ਤਨਹਾ ਨਹੀਂ ਹੋਤਾ

ਇਸ ਮੋੜ ਸੇ ਆਗੇ ਭੀ ਕੋਈ ਮੋੜ ਹੈ ਵਰਨਾ
ਯੂੰ ਮੇਰੇ ਲੀਏ ਤੂੰ ਕਭੀ ਠਹਿਰਾ ਨਹੀਂ ਹੋਤਾ

ਕਯੂੰ ਮੇਰਾ ਮੁਕੱਦਰ ਹੈ ਉਜਾਲੋਂ ਕੀ ਸਿਆਹੀ
ਕਯੂੰ ਰਾਤ ਕੇ ਢਲਨੇ ਪੇ ਸਵੇਰਾ ਨਹੀਂ ਹੋਤਾ

ਯਾ ਇਤਨੀ ਨਾ ਤਬਦੀਲ ਹੁਈ ਹੋਤੀ ਯੇ ਦੁਨੀਆ
ਯਾ ਮੈਨੇ ਇਸੇ ਖ਼ਵਾਬ ਮੇਂ ਦੇਖਾ ਨਹੀਂ ਹੋਤਾ

ਸੁਨਤੇ ਹੈ ਸਭੀ ਗੌਸੇ ਆਵਾਜ਼ੇ ਜਰਸ[22] ਕੋ
ਮੰਜ਼ਿਲ ਕੀ ਤਰਫ਼ ਕੋਈ ਰਵਾਨਾ ਨਹੀਂ ਹੋਤਾ

ਦਿਲ ਤਰਕੇ ਤਅਲੁੱਕ[23] ਪੇ ਭੀ ਆਮਦਾ ਨਹੀਂ ਹੈ
ਔਰ ਹੱਕ ਭੀ ਅਦਾ ਇਸਸੇ ਵਫ਼ਾ ਕਾ ਨਹੀਂ ਹੋਤਾ ।

---

1 ਬਦਨਾਮੀ, 2 ਮਿਲਨ, 3 ਵਿਯੋਗ, 4 ਸੁਰਖਿਅਤ, 5 ਤਾਕਤ, 6 ਸੰਭਾਵਨਾ, 7 ਵਾਤਾਵਰਨ, 8 ਚਰਚਾ, 9 ਪ੍ਰਦੂਸ਼ਨ, 10 ਸੈਂਕੜੋ ਤਰਹ ਸੇ ਪਵਿੱਤਰ ਸ਼ਰੀਰ, 11 ਭਰਮੋ ਸੇ ਗ੍ਰਸਤ, 12 ਮਹਿਫ਼ਲ, 13 ਕ੍ਰਿਪਾ, 14 ਰਾਤ ਕੀ ਬਸਤੀ 15 ਨੰਗੇ ਸਰ 16 ਭਟਕਤੀ ਹੁਈ ਗੰਧ,17 ਨਿਸ਼ਪ੍ਰਾਣ, 18 ਸਾਥੀਓ , 19 ਨਜ਼ਰ ਕੀ ਸੀਮਾ ਤੱਕ , 20 ਜਲਦ ਸ਼ਰਮਾਨੇ ਵਾਲਾ, 21 ਸ਼ਰਮਿੰਦਾ, 22 ਘੰਟੀ ਕੀ ਆਵਾਜ਼, 23 ਸੰਬੰਧ-ਵਿਛੇਦ


# Elite Driving School

**Learn to drive with experienced, caring & friendly instructor**
**Lessons available in English, Hindi, Punjabi & Urdu**

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 ਸਾਲਾਂ ਦਾ ਤਜਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available







- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# MAPLE LEAF WRITERS' FOUNDATION

## HOLDS A SEMINAR

ON



Chaman Lal

## *"Shaheed Bhagat Singh for Today"*

BY

## Dr. Chaman Lal, Visiting Professor

Centre for Language Learning, Faculty of Humanities and Education
University of West Indies, St. Augustine Campus, Trinidad & Tobago (West Indies)
[Professor & Former Chairperson Centre of Indian Languages, JN U, New Delhi]

& ON

## *Appropriation of Bhagat Singh*

By

**Gurpreet Singh**

**[Host of a program on Radio India, Vancouver]**



Gurpreet Singh

ON

**Friday, May13, 2011; 6:00 pm**

AT

**Meridian Banquets & Catering Center**
**4820-76 Ave. Edmonton, Alberta**

**Question-answer session will follow after the lecture**

***[A book named MANUKH DE PITAMEH by Daljit Rakhra, would be released on this occasion.]***

For more information contact:

**Dr. P. R. Kalia (780) 440-2766; Daljit Rakhra: 780-989-2977; Dalbir Sangione (780) 462-8160**
**Darshan Khaira: 780-984-1208; Ravi Sandhu: 780-462-3685; Pavittar Dhaliwal: 780-909-3315**
**Parminder Dhaliwal: 780-450-1886; Navtej Bains: 780-200-2872; Gurminder Moom: 780-667-5555**

# ਮੇਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ

ਇੱਕ ਸੈਮੀਨਾਰ ਕਰਵਾ ਰਹੀ ਹੈ

ਵਿਸ਼ਾ

## 'ਅੱਜ ਦੇ ਸੰਦਰਭ ਵਿੱਚ ਸ਼ਹੀਦ ਭਗਤ ਸਿੰਘ'

ਵਕਤਾ

## ਡਾ. ਚਮਨ ਲਾਲ, ਮਹਿਮਾਨ ਪ੍ਰੋਫ਼ੈਸਰ

ਸੈਂਟਰ ਫ਼ਾਰ ਲੈਂਗੁਏਜ ਲਰਨਿੰਗ, ਫ਼ੈਕਲਟੀ ਆਫ਼ ਹਿਊਮੈਨਿਟੀਜ਼ ਐਂਡ ਐਜੂਕੇਸ਼ਨ
ਯੂਨੀਵਰਸਿਟੀ ਆਫ਼ ਵੈਸਟ ਇੰਡੀਜ਼, ਸੇਂਟ ਆਗਸਟੀਨ ਕੈਂਪਸ, ਟ੍ਰੀਨੀਡਾਡ ਫ਼ ਟੁਬੈਗੋ (ਵੈਸਟ ਇੰਡੀਜ਼)
(ਪ੍ਰੋਫ਼ੈਸਰ ਐਂਡ (ਫ਼ਾਰਮਰ ਚੇਅਰਪਰਸਨ ਸੈਂਟਰ ਆਫ਼ ਇੰਡੀਅਨ ਲੈਂਗੁਏਜਜ਼, ਜੇ.ਐੱਨ.ਯੂ.,ਨਿਊ ਦਿਲ੍ਹੀ)

ਵਿਸ਼ਾ

## 'ਭਗਤ ਸਿੰਘ ਦੀ ਕੁਵਰਤੋਂ'

ਵਕਤਾ

ਗੁਰਪ੍ਰੀਤ ਸਿੰਘ (ਰੇਡੀਓ ਇੰਡੀਆ ਵੈਨਕੂਵਰ ਉੱਤੇ ਪ੍ਰੋਗਰਾਮ ਦਾ ਹੋਸਟ)

ਸਮਾਂ

ਸ਼ੁੱਕਰਵਾਰ, 13 ਮਈ, 2011; 6 ਵਜੇ ਸ਼ਾਮ

ਸਥਾਨ

ਮੈਰੀਡੀਅਨ ਬੈਂਕੁਐਟਸ ਫ਼ ਕੇਟਰਿੰਗ ਸੈਂਟਰ
4820-76 ਐਵਿਨੀਊ, ਐਡਮਿੰਟਨ, ਅਲਬਰਟਾ

ਲੈਕਚਰ ਤੋਂ ਪਿੱਛੋਂ ਸੁਆਲਾਂ-ਜਵਾਬਾਂ ਦਾ ਸੈਸ਼ਨ ਸ਼ੁਰੂ ਹੋਵੇਗਾ
(ਇਸ ਮੌਕੇ 'ਤੇ 'ਮਨੁੱਖ ਦੇ ਪਿਤਾਮੇਂ' ਲੇਖਕ ਦਲਜੀਤ ਸਿੰਘ ਰਖਰਾ
ਦੀ ਕਿਤਾਬ ਦੀ ਵੀ ਘੁੰਡ ਚੁਕਾਈ ਹੋਵੇਗੀ)

ਹੋਰ ਜਾਣਕਾਰੀ ਲਈ ਸੰਪਰਕ ਕਰੋ:

ਡਾ. ਪੀ.ਆਰ. ਕਾਲੀਆ 780-440-2766; ਦਲਜੀਤ ਰਖਰਾ 780-989-2977;
ਦਲਬੀਰ ਸਾਂਗਿਆਨ 780-462-8160; ਦਰਸ਼ਨ ਖੈਰਾ 780-984-1208; ਰਵੀ ਸੰਧੂ 780-462-3685
ਪਵਿੱਤਰ ਧਾਲੀਵਾਲ 780-909-3315; ਪ੍ਰਮਿੰਦਰ ਧਾਲੀਵਾਲ 780- 450-1886;
ਨਵਤੇਜ ਬੈਂਸ 780-200-2872; ਗੁਰਮਿੰਦਰ ਮੂਮ 780-667-5555

# ਸੰਤੁਲਿਤ ਭੋਜਨ ਲੈਣ ਦਾ ਮਹੱਤਵ



ਡਾ. ਬਲਵਿੰਦਰ ਕੌਰ (ਭੋਜਨ ਸਲਾਹਕਾਰ) ਆਈਵੀ ਮਲਟੀਸਪੈਸ਼ਲਿਟੀ ਹਸਪਤਾਲ ਸੈਕਟਰ 71 ਮੋਹਾਲੀ

ਰੋਜ਼ਾਨਾ ਖਾਧੇ ਜਾਣ ਵਾਲੇ ਭੋਜਨ ਕਈ ਤਰੀਕਿਆਂ ਨਾਲ ਸਿਹਤ 'ਤੇ ਬਹੁਤ ਜ਼ਿਆਦਾ ਅਸਰ ਪਾਉਂਦੇ ਹਨ। ਭਾਵੇਂ ਫਾਸਟ ਫੂਡ ਸੁਵਿਧਾਜਨਕ ਹੈ ਪਰ ਇਹ ਲੰਮੀ ਉਮਰ ਅਤੇ ਤੰਦਰੁਸਤੀ ਲਈ ਚੰਗਾ ਨਹੀਂ। ਲੋਕਾਂ ਨੂੰ ਸਿਹਤਮੰਦ ਆਹਾਰ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਕਿ ਬਹੁਤ ਸਾਰੇ ਘਾਤਕ ਰੋਗਾਂ ਜਿਵੇਂ ਕਿ ਦਿਲ ਦਾ ਦੌਰਾ ਅਤੇ ਕੈਂਸਰ ਤੋਂ ਬਚਿਆ ਜਾ ਸਕੇ। ਗ਼ੈਰ ਸਿਹਤਮੰਦ ਭੋਜਨ ਲੈਣ ਵਾਲਿਆਂ ਵਿਚ ਬਿਮਾਰੀਆਂ ਉਤਪੰਨ ਹੋਣ ਦਾ ਖ਼ਤਰਾ ਵਧੇਰੇ ਹੁੰਦਾ ਹੈ। ਇਸ ਕਰਕੇ ਲੋਕਾਂ ਲਈ ਜ਼ਰੂਰੀ ਹੈ ਕਿ ਉਹ ਸਿਹਤਮੰਦ ਭੋਜਨ ਲੈਣ ਦੀਆਂ ਆਦਤਾਂ ਅਪਨਾਉਣ। ਅਜਿਹਾ ਹੋਣ ਨਾਲ ਨਾ ਕੇਵਲ ਬਿਮਾਰੀਆਂ ਲੱਗਣ ਦੇ ਖ਼ਤਰੇ ਘਟਦੇ ਹਨ, ਸਗੋਂ ਆਏ ਦਿਨ ਬੰਦੇ ਦੀ ਸ਼ਖ਼ਸ਼ੀਅਤ ਵਿਚ ਵੀ ਸੁਧਾਰ ਆਉਂਦਾ ।

ਬਿਮਾਰੀਆਂ ਖਿਲਾਫ਼ ਲੜਨ ਤੇ ਇਨ੍ਹਾਂ ਦੀ ਰੋਕਥਾਮ ਕਰਨਾ ਸਿਹਤਮੰਦ ਭੋਜਨ ਲੈਣ ਦੇ ਪ੍ਰਮੁੱਖ ਕਾਰਨਾਂ ਵਿਚੋਂ ਇਕ ਹੈ। ਵਧੇਰੇ ਚਿਕਨਾਈ ਲੈਣ ਵਾਲੇ ਲੋਕਾਂ ਵਿਚ ਦਿਲ ਦੀਆਂ ਬਿਮਾਰੀਆਂ ਪੈਦਾ ਹੋਣ ਦੀ ਸੰਭਾਵਨਾ ਹੁੰਦੀ ਹੈ ਅਤੇ ਮੋਟਾਪਾ ਵੀ ਵਧ ਜਾਂਦਾ ਹੈ। ਇਹ ਮਹਿਸੂਸ ਕਰਨਾ ਬਹੁਤ ਮਹੱਤਵਪੂਰਨ ਹੈ ਕਿ ਖਾਧੇ ਜਾਣ ਵਾਲੇ ਭੋਜਨ ਜਾਂ ਤਾਂ ਸਿਹਤ ਨੂੰ ਲਾਭ ਪੁਚਾਉਂਦੇ ਹਨ ਜਾਂ ਫਿਰ ਨਸ਼ਟ ਕਰਦੇ ਹਨ। ਚੋਣ ਬੰਦੇ ਦੀ ਆਪਣੀ ਹੈ।

ਵਧੇਰੇ ਮਿੱਠੀਆਂ ਵਸਤਾਂ, ਜਿਨ੍ਹਾਂ ਦਾ ਖੁਰਾਕੀ ਮੁੱਲ ਬਹੁਤ ਥੋੜ੍ਹਾ ਹੁੰਦਾ ਹੈ, ਲੈਣ ਦੀ ਥਾਂ ਲੋਕਾਂ ਨੂੰ ਮਿਠਾਸ ਦਾ ਸੁਆਦ ਲੈਣ ਦੀ ਸੰਤੁਸ਼ਟੀ ਫਲ ਖਾ ਕੇ ਕਰਨੀ ਚਾਹੀਦੀ ਹੈ, ਜਿਹੜੇ ਕੁਝ ਵਿਸ਼ੇਸ਼ ਬਿਮਾਰੀਆਂ ਨਾਲ ਲੜਨ ਅਤੇ ਇਨ੍ਹਾਂ ਦੀ ਰੋਕਥਾਮ ਕਰਨ ਲਈ ਚੰਗੇ ਰਹਿੰਦੇ ਹਨ। ਇਸ ਤੋਂ ਇਲਾਵਾ ਸਿਹਤਮੰਦ ਭੋਜਨ ਲੈਣ ਦਾ ਇਕ ਕਾਰਨ ਇਹ ਵੀ ਹੈ ਕਿ ਇਹ ਭਾਰ ਵਧਣ ਨੂੰ ਅਤੇ ਮੋਟਾਪੇ ਨੂੰ ਰੋਕਦਾ ਹੈ। ਬਹੁਤ ਸਾਰੇ ਲੋਕ, ਜਿਹੜੇ ਆਪਣੇ ਵੱਧ ਭਾਰ ਨਾਲ ਦੋ-ਚਾਰ ਹੋ ਰਹੇ ਹੁੰਦੇ ਹਨ, ਦਰਅਸਲ ਗੈਰਸਿਹਤਮੰਦ ਭੋਜਨ ਲੈਣ ਦੇ ਆਦੀ ਹੁੰਦੇ ਹਨ।

ਮੁੱਕਦੀ ਗੱਲ, ਸਿਹਤਮੰਦ ਭੋਜਨ ਮਾਨਸਿਕ ਕਾਰਜ ਨੂੰ ਸੁਧਾਰਦਾ ਹੈ। ਇਹ ਹੈਰਾਨੀ ਦੀ ਗੱਲ ਨਹੀਂ ਕਿ ਬਹੁਤ ਸਾਰੇ ਚੰਗੇ ਭੋਜਨ ਮਿਲਦੇ ਹਨ, ਜਿਵੇਂ ਕਿ ਮੱਛੀ ਜਿਸ ਵਿਚ ਬਹੁਤ ਜ਼ਿਆਦਾ ਪੌਸ਼ਟਿਕ ਤੱਤ ਜਿਵੇਂ ਕਿ ਓਮੇਗਾ-3 ਚਰਬੀਯੁਕਤ ਤੇਜ਼ਾਬ ਹੁੰਦੇ ਹਨ। ਅਜਿਹੇ ਪਦਾਰਥ ਦਿਮਾਗ ਦੀ ਕਾਰਜ ਸਮਰੱਥਾ ਨੂੰ ਵਧਾਉਣ ਲਈ ਬਹੁਤ ਮਹੱਤਵਪੂਰਨ ਹੁੰਦੇ ਹਨ।

# ਹੋਮਿਉਪੈਥੀ ਰਾਹੀਂ ਬਾਲ ਰੋਗਾਂ ਦਾ ਇਲਾਜ

ਅਜੋਕੇ ਸਮੇਂ ਵਿੱਚ ਬੱਚਿਆਂ ਨੂੰ ਪੈਦਾਇਸ਼ ਸਮੇਂ ਤੋਂ ਹੀ ਕਈ ਤਰ੍ਹਾਂ ਦੀਆਂ ਬੀਮਾਰੀਆਂ ਘੇਰ ਲੈਂਦੀਆਂ ਹਨ, ਜਿਨ੍ਹਾਂ ਕਾਰਨ ਬੱਚਿਆਂ ਦੇ ਸਰੀਰ ਵਿੱਚ ਰੋਗਾਂ ਨਾਲ ਲੜਨ ਦੀ ਤਾਕਤ ਘੱਟ ਜਾਂਦੀ ਹੈ। ਹੋਮਿਉਪੈਥੀ ਰਾਹੀਂ ਉਨ੍ਹਾਂ ਦੇ ਸਰੀਰ ਨੂੰ ਰੋਗਾਂ ਨਾਲ ਲੜਨ ਦੇ ਸਮਰਥ ਬਣਾਇਆ ਜਾ ਸਕਦਾ ਹੈ ਜਿਸ ਨਾਲ ਭਵਿੱਖ ਵਿੱਚ ਉਹ ਬੀਮਾਰੀ ਦਾ ਸ਼ਿਕਾਰ ਨਹੀਂ ਹੁੰਦੇ। ਬੱਚਿਆਂ ਦੇ ਜਨਮ ਤੋਂ ਬਾਅਦ ਹੀ ਜੇ ਹੋਮਿਉਪੈਥੀ ਦਵਾਈਆਂ ਦੀ ਵਰਤੋਂ ਸ਼ੁਰੂ ਕਰ ਦਿੱਤੀ ਜਾਵੇ ਤਾਂ ਇਸ ਦੇ ਹਾਂ ਪੱਖੀ ਨਤੀਜੇ ਸਾਹਮਣੇ ਆਉਂਦੇ ਹਨ। ਬੀਮਾਰ ਨਾ ਹੋਣ ਕਾਰਨ ਬੱਚਿਆਂ ਦਾ ਵਿਕਾਸ ਵੀ ਤੇਜ਼ੀ ਨਾਲ ਹੁੰਦਾ ਹੈ ਅਤੇ ਇਨ੍ਹਾਂ ਦਵਾਈਆਂ ਦਾ ਕੋਈ ਬੁਰਾ ਪ੍ਰਭਾਵ ਵੀ ਨਹੀਂ ਹੁੰਦਾ। ਜੇ ਬੱਚਾ ਛੇਤੀ ਛੇਤੀ ਬੀਮਾਰ ਹੁੰਦਾ ਹੈ ਤਾਂ ਇਸ ਨਾਲ ਉਸ ਦੇ ਸਰੀਰਕ ਵਿਕਾਸ ਤੋਂ ਇਲਾਵਾ ਉਸ ਦੀ ਪੜ੍ਹਾਈ ਲਿਖਾਈ 'ਤੇ ਵੀ ਅਸਰ ਪੈਂਦਾ ਹੈ। ਅਜਿਹੀ ਹਾਲਤ ਵਿਚ ਬੱਚੇ ਦੀਆਂ ਪ੍ਰੇਸ਼ਾਨੀਆਂ ਨੂੰ ਵੇਖਦਿਆਂ ਮਾਪਿਆਂ ਨੂੰ ਹੋਮਿਉਪੈਥੀ ਦਵਾਈਆਂ ਦੀ ਵਰਤੋਂ ਕਿਸੇ ਮਾਹਰ ਡਾਕਟਰ ਰਾਹੀਂ ਕਰਨੀ ਚਾਹੀਦੀ ਹੈ। ਕਈ ਵਾਰ ਮਾਪੇ ਸਧਾਰਨ ਖਾਂਸੀ ਜ਼ੁਕਾਮ ਹੋਣ ਦੀ ਸੂਰਤ ਵਿੱਚ ਬੱਚੇ ਵੱਲ ਬਹੁਤਾ ਧਿਆਨ ਨਹੀਂ ਦਿੰਦੇ ਪਰ ਇਹੀ ਖਾਂਸੀ ਜ਼ੁਕਾਮ ਬਾਅਦ ਵਿਚ ਗੰਭੀਰ ਰੂਪ ਲੈ ਸਕਦਾ ਹੈ। ਹੋਮਿਉਪੈਥੀ ਦਵਾਈਆਂ ਰਾਹੀਂ ਛੋਟੀ ਤੋਂ ਛੋਟੀ ਅਤੇ ਵੱਡੀ ਤੋਂ ਵੱਡੀ ਬੀਮਾਰੀ ਦਾ ਇਲਾਜ ਵੀ ਕੀਤਾ ਜਾ ਸਕਦਾ ਹੈ। ਇਸ ਲਈ ਬੱਚਿਆਂ ਨੂੰ ਆਮ ਤੌਰ 'ਤੇ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਜਿਵੇਂ ਖਾਂਸੀ, ਜ਼ੁਕਾਮ, ਰੇਸ਼ਾ ਹੋਣਾ, ਦਮਾ, ਗਲਾ ਪੱਕਣਾ, ਸੁੱਤੇ ਪਏ ਪਿਸ਼ਾਬ ਕਰ ਦੇਣਾ, ਭੁੱਖ ਨਾ ਲੱਗਣਾ, ਕਮਜ਼ੋਰ ਸਰੀਰ, ਦਿਮਾਗੀ ਕਮਜ਼ੋਰੀ, ਕਬਜ਼, ਦੰਦੀਆਂ ਕੱਢਣ ਵੇਲੇ ਤਕਲੀਫ, ਪੀਲੀਆ, ਚਮੜੀ ਦੀਆਂ ਹਰ ਤਰ੍ਹਾਂ ਦੀਆਂ ਬੀਮਾਰੀਆਂ ਅਤੇ ਨਜ਼ਰ ਦਾ ਘਟਣਾ ਆਦਿ ਦਾ ਇਲਾਜ ਹੋਮਿਉਪੈਥੀ ਵਿਧੀ ਰਾਹੀਂ ਕੀਤਾ ਜਾ ਸਕਦਾ ਹੈ।

ਡਾ ਅਵਤਾਰ ਸਿੰਘ ਭੱਟੀ, ਡੀ.ਐਚ.ਐਮ. ਐਸ(ਪੰ)
ਸੀ.ਐਚ.ਐਮ. -ਰਜਿਸਟਰਡ ਇਨ ਕਨੇਡਾ
ਮੋਬਾਈਲ-780-554-7085

# ਖਾਲਸਾ ਕਾਲਜ ਨੂੰ ਨਿੱਜੀ ਹੱਥਾਂ 'ਚ ਦੇਣ ਅਤੇ ਪ੍ਰੈਸ ਦੀ ਅਜ਼ਾਦੀ 'ਤੇ ਹਮਲੇ ਦਾ ਵਿਰੋਧ

